# ਪੂਰਨ ਮਨੁੱਖ ਕੌਣ ਹੈ?




ਕਰਤਾਰ ਸਿੰਘ (ਬਾਬਾ)
ਮੁੰਬਈ ਵਾਲੇ

੧ੳ ਸਤਿਗੁਰ ਪ੍ਰਸਾਦਿ ॥

# ਪੂਰਨ ਮਨੁੱਖ ਕੌਣ ਹੈ?


ਲੇਖਕ:

ਕਰਤਾਰ ਸਿੰਘ (ਬਾਬਾ)



ਪ੍ਰਕਾਸ਼ਕ-

**ਭਾ: ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ।

© ਪ੍ਰਕਾਸ਼ਕ

**POORAN MANUKH KAUN HAI ?**

***by Kartar Singh (Baba)***

ISBN 81-7601-631-4

ਪਹਿਲੀ ਐਡੀਸ਼ਨ - ਜੁਲਾਈ 2004

ਮੁੱਲ : 70-00

ਪ੍ਰਕਾਸ਼ਕ:-

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਫੋਨ : (0183) 2542346, 2547974, 2557973

ਫੈਕਸ : 91-183-2547974

E.mail: csjs@vsnl.com, csjsexports@vsnl.com

Web site : www.csjs.com

Printed in India

ਛਾਪਕ : ਜੀਵਨ ਪ੍ਰਿੰਟਰਜ਼, ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774

# ਸਮਰਪਣ

ਜਾਗਤ ਜੋਤਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੇ ਦੱਸੇ ਹੋਏ ਮਾਰਗ 'ਤੇ
ਚੱਲਣ ਵਾਲੇ ਸਮੂੰਹ ਪਾਂਧੀਆਂ ਨੂੰ।

— ਲੇਖਕ

# ਦੋ ਸ਼ਬਦ

*ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥*
*ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥*

*(ਪੰਨਾ ੪੪੨)*

*ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ॥*

*(ਪੰਨਾ ੩੨੦)*

ਸਤਿਕਾਰ ਯੋਗ ਗੁਰੂ ਰੂਪ ਸਾਧ ਸੰਗਤ ਜੀ ਸਤਿਗੁਰਾਂ ਦੀ ਉਚਾਰੀ ਬਾਣੀ ਅਗਾਧ ਬੋਧ ਦੀ ਅਕੱਥ ਕਥਾ ਪ੍ਰਚਾਰ ਮਨੁੱਖ ਦੇ ਆਤਮ ਰਸ ਜਾਨਣ ਲਈ ਸਿੱਖ ਸੰਗਤਾਂ ਨੂੰ ਬਾਣੀ ਨਾਲ ਜੋੜਨ ਵਾਸਤੇ ਭਾਰਤ ਭਰ ਵਿਚ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਸਿੱਖੀ ਦਾ ਪ੍ਰਚਾਰ ਕਰ ਰਹੇ ਪ੍ਰੇਮ ਪਿਆਰ ਦੇ ਧਾਰਨੀ ਨਾਮ ਰਸੀਏ ਰਹਿਤ ਮਰਯਾਦਾ 'ਚ ਪ੍ਰਪੱਕ ਰਹਿਣ ਵਾਲੇ ਗੁਰੂ ਪੰਥ ਦੇ ਮਹਾਨ ਵਿਦਵਾਨ ਮਹਾਂਪੁਰਸ਼ ਸੰਤ ਬਾਬਾ ਕਰਤਾਰ ਸਿੰਘ ਜੀ ਬੰਬੇ ਵਾਲਿਆਂ ਨੇ ਸਤਿਗੁਰਾਂ ਦੀ ਅਪਾਰ ਕ੍ਰਿਪਾ ਦੁਆਰਾ ਮਹਾਨ ਉਦਮ ਕਰਕੇ ਇਹ ਸੁੰਦਰ ਸਰਲ ਸੁਖੈਨ ਅਰਥ ਪ੍ਰਮਾਣਾਂ ਅਤੇ ਦ੍ਰਿਸ਼ਟਾਂਤਾਂ ਸਹਿਤ ਹਰ ਇਕ ਮਨੁੱਖ ਦੇ ਪੜ੍ਹਨ ਅਤੇ ਆਤਮ ਅਨੰਦ ਦਾ ਰਸ ਮਾਨਣ ਲਈ ਇਹ ਪੁਸਤਕ ਲਿਖੀ ਹੈ। ਇਸ ਪੁਸਤਕ ਨੂੰ ਪੜ੍ਹ ਕੇ ਲਾਹਾ ਪ੍ਰਾਪਤ ਕਰੋ ਜੀ। ਦਾਸ ਗੁਰੂ ਕਲਗੀਧਰ ਪਾਤਸ਼ਾਹ ਦੇ ਚਰਨਾਂ ਕਮਲਾਂ ਵਿਚ ਨਿਮਰਤਾ ਸਹਿਤ ਅਰਦਾਸ, ਬੇਨਤੀ, ਜੋਦੜੀ ਕਰਦਾ ਹੈ ਕਿ ਬਾਬਾ ਜੀ ਨੂੰ ਮਹਾਰਾਜ ਹੋਰ ਵੀ ਸਿੱਖ ਕੌਮ ਦੀ ਸੇਵਾ ਕਰਨ ਦਾ ਬਲ ਬਖਸ਼ਿਸ਼ ਕਰਨ।

*ਗੁਰੂ ਪੰਥ ਦਾ ਦਾਸ*
*ਭਾਈ ਗੁਰਮੇਲ ਸਿੰਘ ਜੀ*
*ਪਿੰਡ ਰੋਡੇ,*
*ਵਿਦਿਆਰਥੀ ਸੰਤ ਕਰਤਾਰ ਸਿੰਘ ਜੀ ਭਿੰਡਰਾਂ ਵਾਲੇ (ਦਮਦਮੀ ਟਕਸਾਲ)*

# ਦੋ ਸ਼ਬਦ

*ਧਨੁ ਓਇ ਸੰਤ ਜਿਨ ਐਸੀ ਜਾਨੀ॥*

ਪਿਆਰੇ ਖਾਲਸਾ ਜੀ ! ਬਾਬਾ ਕਰਤਾਰ ਸਿੰਘ ਜੀ ਨੇ ਜੋ ਆਪ ਜੀ ਦੇ ਹੱਥਲੀ ਪੁਸਤਕ ਬੜੀ ਹੀ ਮਿਹਨਤ ਤੇ ਲਗਨ ਨਾਲ ਤਿਆਰ ਕਰਵਾਈ ਹੈ ਕਿ ਪੂਰਨ ਮਨੁੱਖ ਕੌਣ ਹੈ ? ਗੁਰਬਾਣੀ ਦੇ ਅਧਾਰ ਤੇ ਜੋ ਇਹ ਬਚਨ ਲਿਖੇ ਹਨ। ਬਹੁਤ ਹੀ ਬਹੁਮੁੱਲੇ ਹਨ। ਇੰਗਲੈਂਡ, ਅਮਰੀਕਾ, ਕਨੇਡਾ ਆਦਿਕ ਦੇਸਾਂ ਪਰਦੇਸਾਂ 'ਚ ਵਿਚਰਦਿਆਂ ਹੋਇਆਂ ਜੋ ਜੀਵਨ ਦਾ ਤਜਰਬਾ ਗੁਰਮਤਿ ਅਧਾਰ ਤੇ ਦਰਸਾਇਆ ਹੈ- ਵਡਮੁੱਲਾ ਹੈ। ਆਸ ਹੈ ਸੰਗਤਾਂ ਪੜ੍ਹ ਕੇ ਜ਼ਰੂਰ ਲਾਭ ਲੈਣਗੀਆਂ ਅਤੇ ਮਨੁੱਖੀ ਜੀਵਨ ਦੀ ਵਡਮੁੱਲੀ ਦਾਤ ਨੂੰ ਗੁਰੂ ਚਰਨਾਂ ਨਾਲ ਜੋੜਨ ਦਾ ਯਤਨ ਕਰਨਗੀਆਂ।

*ਗੁਰੂ ਪੰਥ ਦਾ ਦਾਸ*

*ਬਾਬਾ ਅਮਰਜੀਤ ਸਿੰਘ ਹੰਸਪਾਲ ਬਾਸਰਕੇ*

*ਇੰਗਲੈਂਡ ਨਿਵਾਸੀ*

# ਭੂਮਿਕਾ

ਇਹ ਪੁਸਤਕ ਸਤਿਗੁਰਾਂ ਦੇ ਪਾਵਨ ਅਤੇ ਪਵਿੱਤਰ ਉਪਦੇਸ਼ਾਂ ਨੂੰ ਸਮਝਣ ਵਾਸਤੇ ਜੈਸਾ ਕਿ "ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥" ਇਸ ਪੁਸਤਕ ਅੰਦਰ ਜ਼ਿਆਦਾ ਇਸ ਗੱਲ ਤੇ ਹੀ ਜ਼ੋਰ ਦਿੱਤਾ ਗਿਆ ਹੈ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਕੀ ਉਪਦੇਸ਼ ਦੇ ਰਹੇ ਹਨ। ਅਸੀਂ ਕੀ ਕਰ ਰਹੇ ਹਾਂ ਕਰਨਾ ਸਾਨੂੰ ਕੀ ਚਾਹੀਦਾ ਹੈ। ਸਿੱਖ ਕੌਣ ਹੈ। ਪੂਰਨ ਮਨੁੱਖ ਕੌਣ ਹੈ ? ਤ੍ਰਿਸ਼ਨਾ ਦੀ ਅੱਗ, ਸੇਵਾ ਸਿਮਰਨ ਤੇ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਗੁਰਬਾਣੀ ਸਿਰਫ ਪੜ੍ਹਨ ਤੇ ਪੜ੍ਹਾਉਣ ਦਾ ਹੀ ਵਿਸ਼ਾ ਨਹੀਂ ਇਸ ਨੂੰ ਸਮਝਣਾ ਅਤੀ ਜ਼ਰੂਰੀ ਹੈ। ਦਾਸ ਨੇ ਤੁਛ ਬੁੱਧੀ ਅਨੁਸਾਰ ਸਤਿਗੁਰਾਂ ਦੇ ਆਸ਼ੇ ਨੂੰ ਸੰਗਤਾਂ ਤੱਕ ਪਹੁੰਚਾਉਣ ਦੀ ਇਕ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ। ਭਾਵੇਂ ਅਨੇਕਾਂ ਵਿਦਵਾਨਾਂ ਨੇ ਬੇਅੰਤ ਸਿੱਖ ਇਤਿਹਾਸ ਦੀਆਂ ਸਾਖੀਆਂ ਲੇਖਕਾਂ ਨਾਲੋਂ ਬਹੁਤ ਹੀ ਖੋਜ ਦੇ ਲਿਹਾਜ਼ ਨਾਲ ਪਿਛੇ ਹੈ ਉਮੀਦ ਹੈ ਕਿ ਆਪ ਸੰਗਤਾਂ ਇਸ ਤੁੱਛ ਸੇਵਾ ਨੂੰ ਪਰਵਾਨ ਕਰੋਗੇ ਅਤੇ ਦਾਸ ਦੀ ਪਹਿਲੀ ਪੁਸਤਕ ਹੋਣ ਕਰਕੇ ਸਾਰੀਆਂ ਗ਼ਲਤੀਆਂ ਨੂੰ ਮੁਆਫ਼ ਕਰ ਦੇਵੋਗੇ ਅਤੇ ਅਗਲੀ ਐਡੀਸ਼ਨ ਲਈ ਗ਼ਲਤੀਆਂ ਨੂੰ ਠੀਕ ਕਰਨ ਲਈ ਦਾਸ ਨਾਲ ਜ਼ਰੂਰ ਸੰਪਰਕ ਕਰੋਗੇ।

ਗੁਰੂ ਦਾ ਪਿਆਰਾ ਦਾਸ

— *ਕਰਤਾਰ ਸਿੰਘ (ਬਾਬਾ)*

# ਧੰਨਵਾਦ !

ਸਭ ਤੋਂ ਪਹਿਲਾਂ ਲੇਖਕ ਵਲੋਂ ਅਕਾਲ ਪੁਰਖ ਵਾਹਿਗੁਰੂ ਪਰਮੇਸ਼ਰ ਜੀ ਦਾ ਕੋਟਾਨ ਕੋਟਿ ਧੰਨਵਾਦ ਸ਼ੁਕਰ ਹੈ, ਜਿਸ ਨੇ ਇਕ ਨਿਮਾਣੇ ਜਿਹੇ ਦਾਸਰੇ ਤੇ ਕਿਰਪਾ ਕਰਕੇ ਹਰਿ ਜਸ ਕਥਾ ਵਿਚਾਰ ਦੁਆਰਾ ਗੁਰੂ ਨਾਨਕ ਨਾਮ ਲੇਵਾ ਸਿੱਖ ਜਗਤ ਦੇ ਚਰਨ ਪਰਸਨ ਦਾ ਸੁਭਾਗ ਸਮਾਂ ਬਖਸ਼ਿਆ, ਜੈਸਾ ਕਿ ਸਤਿਗੁਰਾਂ ਦਾ ਫੁਰਮਾਣ ਹੈ :

*ਜਿਉ ਬੋਲਾਵਹਿ ਤਿਉ ਬੋਲਹ ਸੁਆਮੀ*

*ਕੁਦਰਤਿ ਕਵਨ ਹਮਾਰੀ॥*

ਦੇ ਮਹਾਂਵਾਕਾਂ ਅਨੁਸਾਰ ਗੁਰੂ ਦੀ ਬਖਸ਼ਿਸ਼ ਰਹਿਮਤ ਦੇ ਮਹਾਂਵਾਕਾਂ ਅਨੁਸਾਰ ਗੁਰੂ ਦੀ ਬਖਸ਼ਿਸ਼ ਰਹਿਮਤ ਸਦਕਾ ਗੁਰ ਇਤਿਹਾਸ ਗੁਰਮਤਿ ਵਿਚਾਰ ਰਾਹੀਂ ਦਾਸ ਨੂੰ ਕੌਮ ਦੀ ਸੇਵਾ ਕਰਨ ਦਾ ਬਲ ਬਖਸ਼ਿਆ ਹੈ। ਜਿਥੇ ਦਾਸ ਅਕਾਲ ਪੁਰਖ ਪਰਮੇਸ਼ਰ ਵਾਹਿਗੁਰੂ ਜੀ ਦਾ ਕੋਟਾਨ ਕੋਟਿ ਧੰਨਵਾਦ ਕਰਦਾ ਹੈ, ਉਥੇ ਦਾਸ ਭਾਈ ਚਤਰ ਸਿੰਘ ਜੀਵਨ ਸਿੰਘ ਜਿਨ੍ਹਾਂ ਦੀ ਪ੍ਰੇਰਨਾ ਸਦਕਾ ਇਹ ਹੱਥਲੀ ਕਿਤਾਬ ਦਾਸ ਦੀਆਂ ਆਡੀਓ ਕੈਸਟਾਂ ਜੋ ਕਿ U.K. ਔਰ Europe ਵਿੱਚ ਰਿਕਾਰਡ ਹੋਈਆਂ ਸਨ ਬੜੀ ਸਖ਼ਤ ਮਿਹਨਤ ਕਰਕੇ ਹੂ-ਬ-ਹੂ ਲਿਖਤੀ ਰੂਪ ਦਿੱਤਾ ਗਿਆ ਹੈ। ਜਿਥੇ ਦਾਸ ਅਕਾਲ ਪੁਰਖ ਅਤੇ ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲਿਆਂ ਦਾ ਧੰਨਵਾਦ ਕਰਦਾ ਹੈ ਉਥੇ ਦਾਸ ਭਾਈ ਜਸਬੀਰ ਸਿੰਘ ਬਾਬਾ ਦੀਪ ਸਿੰਘ ਐਵਨਿਊ ਫਤਿਹਗੜ੍ਹ ਚੂੜੀਆਂ ਰੋਡ ਵਾਲਿਆਂ ਦਾ ਵੀ ਧੰਨਵਾਦ ਕਰਨ ਤੋਂ ਬਗੈਰ ਨਹੀਂ ਰਹਿ ਸਕਦਾ ਜਿਨ੍ਹਾਂ ਨੇ ਦਾਸ ਨਾਲ ਇਸ ਕਿਤਾਬ ਦੇ ਪਰੂਫ ਚੈੱਕ ਕਰਨ ਲਈ ਬਹੁਤ ਸਾਥ ਦਿੱਤਾ ਹੈ।

ਆਪ ਜੀ ਦਾ ਦਾਸ

*— ਕਰਤਾਰ ਸਿੰਘ (ਬਾਬਾ)*


ਉਲਡ ਬੈਰਕ ਨੰਬਰ 337
ਰੂਮ ਨੰਬਰ 2, ਚੰਬੂਰ ਕਲੋਨੀ
ਮੁੰਬਈ - 400074
ਫੋਨ: 022-25202443

# ਤਤਕਰਾ


| | | |
|---|---|---|
| 1. | ਪੂਰਨ ਮਨੁੱਖ ਕੌਣ ਹੈ ? | 11 |
| 2. | ਜੀਵਨ ਦਾ ਉਪਦੇਸ਼ | 23 |
| 3. | ਸਭ ਤੋਂ ਵੱਡਾ ਰੋਗ ਕਿਹੜਾ ਹੈ ? | 29 |
| 4. | ਸੁਖਾਂ ਦੀ ਪ੍ਰਾਪਤੀ ਕਿਵੇਂ ਹੋਵੇ ? | 43 |
| 5. | ਗੁਰੂ ਨੂੰ ਕਿਸ ਤਰ੍ਹਾਂ ਦਾ ਸਿੱਖ ਪ੍ਰਵਾਨ ਹੈ ? | 55 |
| 6. | ਸਿੱਖ ਕੌਮ ਦਾ ਇਤਿਹਾਸ | 66 |
| 7. | ਗੁਰੂ ਹਰਿਗੋਬਿੰਦ ਜੀ ਨੂੰ ਭਾਰੀ ਗੁਰੂ ਕਿਉਂ ਕਿਹਾ ਗਿਆ ? | 76 |
| 8. | ਤ੍ਰਿਸ਼ਨਾ ਦੀ ਅੱਗ | 88 |
| 9. | ਗੁਰੂ ਨੂੰ ਕਿਹੜੀ ਸੇਵਾ ਪ੍ਰਵਾਨ ਹੈ ? | 101 |
| 10. | ਦੁਖ ਵਿਚ ਕੋਈ ਸਾਥ ਨਹੀਂ ਦਿੰਦਾ। | 111 |
| 11. | ਮਨ ਇਕ ਪੰਛੀ ਦੀ ਤਰ੍ਹਾਂ ਹੈ। | 117 |

# ਪੂਰਨ ਮਨੁੱਖ ਕੌਣ ਹੈ ?

*"ਜੇਤਾ ਜੀਉ ਪਿੰਡੁ ਸਭੁ ਤੇਰਾ*
*ਤੂੰ ਅੰਤਰਜਾਮੀ ਪੁਰਖੁ ਭਗਵਾਨੁ॥*
*ਦਾਸਨਿ ਦਾਸੁ ਕਹੈ ਜਨੁ ਨਾਨਕੁ*
*ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ॥"* *(ਪੰਨਾ ੭੩੪)*
*"ਜਿਉ ਬੋਲਾਵਹਿ ਤਿਉ ਬੋਲਹ ਸੁਆਮੀ*
*ਕੁਦਰਤਿ ਕਵਨ ਹਮਾਰੀ॥*
*ਸਾਧਸੰਗਿ ਨਾਨਕ ਜਸੁ ਗਾਇਓ*
*ਜੋ ਪ੍ਰਭ ਕੀ ਅਤਿ ਪਿਆਰੀ॥ ੮॥ ੧॥ ੮॥"* *(ਪੰਨਾ ੫੦੮)*

ਪਰਮ ਸਤਿਕਾਰ ਯੋਗ ਸਤਿਗੁਰਾਂ ਦੀ ਸਾਜੀ ਅਤੇ ਨਿਵਾਜੀ ਗੁਰੂ ਰੂਪ ਸਾਧ-ਸੰਗਤ ਜੀਉ! ਆਪ ਜੀ ਨੇ ਗੁਰਮੁਖ ਪਿਆਰਿਆਂ ਦੀ ਰਸਨਾ ਤੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੁਬਾਰਕ ਰਸਨਾ ਤੋਂ ਉਚਾਰਿਆ ਹੋਇਆ ਪਾਵਨ-ਪਵਿੱਤਰ ਮੁੱਖ ਵਾਕ, ਜੋ ਕਿ ਹੁਕਮਨਾਮੇ ਦੇ ਰੂਪ ਵਿਚ ਸਿੱਖ ਸੰਗਤਾਂ ਨੂੰ ਸਾਹਿਬ ਸੱਚੇ ਪਾਤਸ਼ਾਹ ਨੇ ਕ੍ਰਿਪਾ ਕਰਕੇ ਬਖ਼ਸ਼ਿਸ਼ ਕੀਤੀ ਹੈ, ਜਿਸ ਦਾ ਸਾਰ ਤੱਤ, ਕੇਂਦਰੀ ਭਾਵ ਇਹ ਸੀ ਕਿ:

*"ਬਾਬਾ ਮਾਇਆ ਸਾਥਿ ਨ ਹੋਇ॥*
*ਇਨਿ ਮਾਇਆ ਜਗੁ ਮੋਹਿਆ*
*ਵਿਰਲਾ ਬੂਝੈ ਕੋਇ॥"* *(ਪੰਨਾ ੫੯੫)*

ਇਨ੍ਹਾਂ ਪੰਕਤੀਆਂ ਵਿਚ ਇਹ ਦੱਸਿਆ ਗਿਆ ਹੈ ਕਿ ਮਨ ਕਰਕੇ ਕਿਸੇ ਵੀ ਪਦਾਰਥ ਦੀ ਕਾਮਨਾ ਨਹੀਂ। ਅਗਰ ਮੰਗ ਹੈ ਤਾਂ ਇਹੀ ਹੈ ਕਿ ਭਾਈ ਜਿੰਨਾਂ ਸਮਾਂ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਨੇ ਆਪ ਸਭ ਨੂੰ ਨਿੱਘੀ ਗੋਦ ਵਿਚ ਬੈਠਣ ਵਾਸਤੇ ਬਖ਼ਸ਼ਿਆ ਹੈ, ਇਹ ਸਦਾ ਬਣਾਈ ਰੱਖੀ।

ਦਮਦਮੀ ਟਕਸਾਲ ਦੇ "ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ" ਦਾ ਨਾਮ ਗੁਰਮੁਖ ਪਿਆਰਿਆਂ ਦੀ ਰਸਨਾ ਤੋਂ ਆਪ ਜੀ ਨੇ ਸਰਵਨ ਕੀਤਾ ਕਿ ਉਨ੍ਹਾਂ ਨੇ ਸਿੱਖੀ ਕਿਸ ਤਰ੍ਹਾਂ ਪ੍ਰਾਣਾਂ ਅਤੇ ਕੇਸਾਂ ਦੇ ਨਾਲ ਨਿਭਾਉਣੀ ਕੀਤੀ, ਮਰਦੇ ਦਮ ਤੱਕ ਚੜ੍ਹਦੀ ਕਲਾ ਦੇ

ਪ੍ਰਤੀਕ ਰਹੇ। ਇਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਤਕਰੀਬਨ ਹਰ ਸਵਾਸ ਸਿੱਖੀ ਦੇ ਪ੍ਰਚਾਰ ਵਾਸਤੇ ਲਾਇਆ। ਇਸੇ ਤਰ੍ਹਾਂ "ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ" ਜਿਨਾਂ ਨੇ ਵੱਡੇ ਮਹਾਂਪੁਰਸ਼ਾਂ "ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ" ਦੀ ਸੰਗਤ ਕਰਕੇ ਸੇਵਾ ਕਰਕੇ, ਇਹ ਜਿਹੜੀ ਸੇਵਾ ਪ੍ਰਾਪਤ ਕੀਤੀ। ਫਿਰ ਉਨ੍ਹਾਂ ਨੇ ਮਰਦੇ ਦਮ ਤੱਕ ਕਲਗੀਧਰ ਮਹਾਰਾਜ ਸਤਿਗੁਰ ਸੱਚੇ ਪਾਤਸ਼ਾਹ ਦੇ ਇਸ ਹੁਕਮ ਨੂੰ ਅਪਨਾਇਆ :-

*"ਪ੍ਰਥਮ ਰਹਿਤ ਇਹ ਜਾਨ, ਖੰਡੇ ਕੀ ਪਾਹੁਲ ਛਕੈ।*
*ਸੋਈ ਸਿੰਘ ਪ੍ਰਧਾਨ, ਅਵਰ ਨਾ ਪਾਹੁਲ ਜੋ ਲਏ।"*

ਤੇ ਉਹ ਹਮੇਸ਼ਾ ਹੀ ਸਟੇਜ ਦੇ ਉਪਰੋਂ ਇਕ ਨਾਹਰਾ ਲਾਇਆ ਕਰਦੇ ਸੀ ਤੇ ਸਿੱਖ ਸੰਗਤਾਂ ਦੀ ਰਸਨਾ ਤੋਂ ਵੀ ਇਹ ਬੁਲਾਇਆ ਕਰਦੇ ਸਨ ਕਿ ਐ ਦੁਨੀਆਂ ਦੇ ਲੋਕੋ! ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਨੇ ਸਾਡੇ 'ਤੇ ਕਿੰਨੀ ਕ੍ਰਿਪਾ ਕੀਤੀ ਹੈ ਕਿ ਸਾਡਾ ਜਨਮ ਸਿੱਖਾਂ ਦੇ ਘਰ ਹੋਇਆ, ਸਾਨੂੰ ਬਾਣਾ ਸਿੱਖੀ ਦਾ ਮਹਾਰਾਜ ਸਤਿਗੁਰ ਸੱਚੇ ਪਾਤਸ਼ਾਹ ਨੇ ਬਖ਼ਸ਼ਿਸ਼ ਕੀਤਾ। "ਗੁਰੂ ਗ੍ਰੰਥ ਸਾਹਿਬ ਜੀ" ਮਹਾਰਾਜ ਵਰਗੇ ਸਾਨੂੰ ਗੁਰੂ ਪ੍ਰਾਪਤ ਹੋਏ। ਤੇ ਜੇ ਅਸੀਂ ਫਿਰ ਵੀ ਗੁਰੂ ਦੇ ਬਚਨਾਂ ਨੂੰ ਮੰਨਣ ਤੋਂ ਖ਼ਾਲੀ ਰਹਿ ਗਏ ਤੇ ਇਸ ਦੇ ਵਰਗੇ ਮਾੜੇ ਭਾਗਾਂ ਦੀ ਨਿਸ਼ਾਨੀ ਕੋਈ ਹੋ ਹੀ ਨਹੀਂ ਸਕਦੀ। ਨਾਹਰਾ ਇਹ ਸੀ।

*"ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ॥"*

ਇਹ ਨਾਹਰਾ ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਤਕਰੀਬਨ ਹਰ ਸਟੇਜ ਉਤੇ ਲਵਾਇਆ ਕਰਦੇ ਸਨ। ਔਰ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਜਿਨ੍ਹਾਂ ਤੇ ਕ੍ਰਿਪਾ ਕਰਦੇ ਸਨ, ਗੁਰਮੁਖਿ ਪਿਆਰਿਓ ਉਹੀ ਸਿੱਖੀ ਦੇ ਧਾਰਣੀ ਹੋ ਸਕਦੇ ਹਨ।

ਪੰਚਮ ਪਿਤਾ ਦੇ ਬਚਨ ਹਨ ਕਿ :

*"ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥*
*ਆਤਮ ਜਿਣੈ ਸਗਲ ਵਸਿ ਤਾ ਕੈ, ਜਾ ਕਾ ਸਤਿਗੁਰੁ ਪੂਰਾ॥ ੧॥*
*ਠਾਕੁਰੁ ਗਾਈਐ ਆਤਮ ਰੰਗਿ॥*
*ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ॥ ੧॥ ਰਹਾਉ॥*
*ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ॥*
*ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ॥"* (ਪੰਨਾ੬੮੦)

ਗੁਰਮੁਖਿ ਪਿਆਰਿਓ! ਤਿਨ੍ਹਾਂ ਵਡਭਾਗੇ ਮਨੁੱਖਾਂ ਦੀ ਜੀਵਨ ਦੀ ਚਰਨ ਧੂੜ "ਧੰਨ ਗੁਰੂ ਨਾਨਕ ਦੇਵ ਜੀ" ਦੇ ਪੰਜਵੇਂ ਸਰੂਪ ਆਪ ਮੰਗ ਰਹੇ ਹਨ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਹ ਬਚਨ ਹਨ:-

"ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ੨॥" (ਪੰਨਾ ੩੦੬)

ਤੇ ਭਾਈ ਸਾਹਿਬ "ਭਾਈ ਗੁਰਦਾਸ ਜੀ" ਆਪਣੀ ਕੁੰਜੀ ਬਾਣੀ ਦੇ ਅੰਦਰ ਕ੍ਰਿਪਾ ਕਰਦੇ ਹਨ ਕਿ ਗੁਰੂ ਦਾ ਸਿੱਖ ਕੌਣ ਹੈ? ਸਿੱਖ ਦੀ ਨਿਸ਼ਾਨੀ ਕੀ ਹੈ? ਜਿਨ੍ਹਾਂ ਦਾ ਮਨ ਸਿੱਖੀ ਦੇ ਸਰੂਪ ਦੇ ਵਿਚ ਪ੍ਰਤੱਖ ਹੋ ਗਿਆ, ਫਿਰ ਉਹਨਾਂ ਦਾ ਜੀਵਨ ਪੂਰਨ ਮਨੁੱਖਾਂ ਵਾਲਾ ਹੋ ਜਾਣਾ ਹੈ :-

ਜੈਸਾ ਕਿ ਬਚਨ ਹੈ :-

"ਪਿਛਲ ਰਾਤੀਂ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ।
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।
ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।
ਸਾਧਸੰਗਤਿ ਮਿਲਿ ਗਾਂਵਦੇ ਰਾਤਿ ਦਿਹੈਂ ਨਿਤ ਚਲਿ ਚਲਿ ਜਾਏ।
ਸਬਦ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨੁ ਪਰਚਾਏ।
ਆਸਾ ਵਿਚਿ ਨਿਰਾਸੁ ਵਲਾਏ॥ ੧੫॥" (ਵਾਰ ੨੮, ਪਉੜੀ ੧੫)

"ਭਾਈ ਸਾਹਿਬ ਭਾਈ ਗੁਰਦਾਸ ਜੀ" ਨੇ ਸਿੱਖ ਦੀ ਜ਼ਿੰਦਗੀ ਦਾ ਸਾਰਾ ਨਕਸ਼ਾ ਪੇਸ਼ ਕਰ ਦਿੱਤਾ ਹੈ ਇਸ ਪਉੜੀ ਦੇ ਅੰਦਰ। ਭਾਵੇਂ ਗੁਰੂ ਰਾਮਦਾਸ ਜੀ ਦੇ ਬਚਨ ਆਪਾਂ ਪੜ੍ਹਦੇ ਹਾਂ ਕਿ;

"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥ (ਪੰਨਾ ੩੦੫)

ਗੁਰੂ ਰਾਮਦਾਸ ਪਾਤਸ਼ਾਹ ਜੀ ਕਹਿੰਦੇ ਹਨ ਜਿਨ੍ਹਾਂ ਦੇ ਸਾਸ-ਗਿਰਾਸ ਵੀ ਅਕਾਲ-

ਪੁਰਖ ਪਰਮੇਸ਼ਰ ਵਾਹਿਗੁਰੂ ਦਾ ਨਾਮ ਵਿਸਰਦਾ ਨਹੀਂ, ਉਹ ਸਿੱਖ ਹੀ ਗੁਰੂ ਨੂੰ ਭਾਉਂਦਾ ਹੈ। ਤੇ ਜੋ ਆਪਾਂ ਆਪਣੇ ਆਪ ਨੂੰ ਸਿੱਖ ਅਖਵਾਉਂਦੇ ਹਾਂ, ਔਰ ਇਹ ਗੱਲ ਤਾਂ ਜ਼ਰੂਰ ਹੈ ਕਿ;

*"ਸਾਸਿ ਗਿਰਾਸਿ"*

ਅਸੀਂ ਗੱਲਾਂ ਤੋਂ ਚੁੱਪ ਨਹੀਂ ਰਹਿ ਸਕਦੇ। ਤੇ ਲੋਭੀ ਮਨ ਕੁੱਤਾ ਹਮੇਸ਼ਾ ਭੌਂਕਦਾ ਹੀ ਰਹਿੰਦਾ ਹੈ। ਔਰ ਇਸਦੀ ਭੁੱਖ ਕਦੇ ਵੀ ਮਿਟਦੀ ਨਹੀਂ। ਕਿਉਂਕਿ ਅਸਲ ਖ਼ੁਰਾਕ ਤਾਂ ਅਸੀਂ ਇਸ ਨੂੰ ਖਵਾਉਂਦੇ ਨਹੀਂ। ਇਸ ਦੀ ਅਸਲ ਖ਼ੁਰਾਕ ਬਾਰੇ ਪਿੱਛੇ ਵੀ ਕਈ ਵੇਰਾਂ ਦੱਸਿਆ ਸੀ ਕਿ ਜਿਸ ਤਰ੍ਹਾਂ ਕਿਸੇ ਵੀ ਜੂਨ ਦੀ ਅਲੱਗ-ਅਲੱਗ ਖ਼ੁਰਾਕ ਹੈ ਤੇ ਇਸ ਸਰੀਰ ਦਾ ਜਿਹੜਾ ਭੋਜਨ ਹੈ, 36 ਪ੍ਰਕਾਰ ਦਾ ਜਿੰਨਾ ਚਿਰ ਇਸ ਨੂੰ ਛਕੀਏ ਨਾ ਉਨਾਂ ਚਿਰ ਸਰੀਰ ਦੀ ਤ੍ਰਿਪਤੀ ਨਹੀਂ ਹੋ ਸਕਦੀ। ਇਸੇ ਤਰ੍ਹਾਂ ਇਸ ਮਨ ਦੀ, ਇਸ ਰੂਹ ਦੀ ਜਿਹੜੀ ਅਸਲ ਖ਼ੁਰਾਕ ਹੈ, ਉਹ ਪ੍ਰਭੂ ਪਰਮੇਸ਼ਰ ਦੀ ਬੰਦਗੀ ਹੈ। ਪਰਮੇਸ਼ਰ ਵਾਹਿਗੁਰੂ ਜੀ ਦਾ ਨਾਮ ਜਪਣਾ, ਅਰਾਧਣਾ ਤੇ ਜਦੋਂ ਇਸ ਨੂੰ ਅਸਲ ਖ਼ੁਰਾਕ ਮਿਲ ਗਈ ਤੇ ਗੁਰਮੁਖ ਪਿਆਰਿਓ, ਇਸ ਦੀ ਵੀ ਤ੍ਰਿਪਤੀ ਹੋ ਜਾਵੇਗੀ। ਸਾਹਿਬਾਂ ਦਾ ਬਚਨ ਆਉਂਦਾ ਹੈ;

*"ਤ੍ਰਿਸਨਾ ਬੁਝੈ ਹਰਿ ਕੈ ਨਾਮਿ॥"* *(ਪੰਨਾ ੬੮੨)*

ਇਸ ਤੋਂ ਭਾਵ ਹੈ ਕਿ ਇਹ ਤ੍ਰਿਸ਼ਨਾ ਕੇਵਲ ਤੇ ਕੇਵਲ "ਹਰੀ ਦਾ ਨਾਮ" ਹੀ ਬੁਝਾ ਸਕਦਾ ਹੈ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਸ਼ਟ ਦਮਨ, ਜਿਨ੍ਹਾਂ ਨੇ ਆਪਣੇ ਸਰੀਰ ਤੋਂ ਉਪਰੰਤ ਸਾਰੀਆਂ ਹੀ ਸਿੱਖ ਸੰਗਤਾਂ ਤੇ ਦੁਨੀਆਂ ਦੇ ਹਰ ਮਨੁੱਖ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲੜ ਲਾਉਣਾ ਕੀਤਾ। ਜੈਸਾ ਕਿ:-

*(੧)------"ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ।*
*ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ।"*
*(੨)------"ਗੁਰੂ ਗ੍ਰੰਥ ਜੀ ਮਾਨੀਓ, ਪ੍ਰਗਟ ਗੁਰਾਂ ਕੀ ਦੇਹ।*
*ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸਬਦ ਮੈਂ ਲੇਹ।"*

ਇਹ ਹੁਣ ਪ੍ਰਗਟ ਗੁਰਾਂ ਕੀ ਦੇਹ ਹੈ ਤੇ ਜਿਸ ਤਰ੍ਹਾਂ ਪ੍ਰਗਟ ਦੇਹ ਦੇ ਕੋਲ ਬੈਠੀਦਾ ਹੈ, ਜਿਸ ਤਰ੍ਹਾਂ ਪ੍ਰਗਟ ਦੇਹ ਦਾ ਸਤਿਕਾਰ ਕਰੀਦਾ ਹੈ, ਜਿਸ ਤਰ੍ਹਾਂ ਪ੍ਰਗਟ ਦੇਹ ਦਾ ਡਰ ਅਤੇ ਭੈਅ ਆਪਣੇ ਹਿਰਦੇ ਵਿਚ ਰੱਖੀਦਾ ਹੈ, ਅਗਰ ਇਸੇ ਤਰ੍ਹਾਂ ਤੁਹਾਡੇ ਹਿਰਦੇ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰੇਮ-ਭਾਵਨਾ ਅਤੇ ਭੈਅ ਹੈ ਤਾਂ ਗੁਰਮੁਖ ਪਿਆਰਿਓ ਤੁਸੀਂ ਗੁਰੂ ਦਾ ਸਿੱਖ ਅਖਵਾਉਣ ਦਾ ਹੱਕ ਰੱਖਦੇ ਹੋ। ਔਰ ਜੇਕਰ ਗੁਰੂ ਦੇ ਹੁਕਮ ਤੇ ਸ਼ੰਕਾ ਹੈ, ਦੋਚਿੱਤੀ ਹੈ ਕਿ ਇਹ ਜਾਗਦੀ ਜੋਤ ਹੈ ਵੀ ਕਿ ਨਹੀਂ, ਪਰ ਜਿਨ੍ਹਾਂ ਦਾ ਜੀਵਨ ਕਾਲ ਜਿਨ੍ਹਾਂ ਅਵਤਾਰਾਂ ਨੇ, ਦਸਵੇਂ ਨਾਨਕ ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਆਪਣੇ ਪਹਿਲੇ ਜਨਮ ਦੀ ਸਾਰੀ ਜੀਵਨ ਗਾਥਾ ਆਪਣੇ ਹਸਤ ਕਮਲਾਂ ਦੇ ਨਾਲ ਲਿਖਣੀ ਕੀਤੀ

ਕਿ ਮੇਰਾ ਮਾਤ-ਲੋਕ ਤੇ ਆਉਣ ਦਾ ਜੋ ਕਾਰਣ ਹੈ, ਉਹ ਕੀ ਹੈ? ਜਿਸ ਤਰ੍ਹਾਂ ਹਰ ਮਨੁੱਖ, ਹਰ ਪਿਤਾ ਦਾ ਪੁੱਤ ਕਹਿੰਦਾ ਹੈ ਕਿ ਮੇਰਾ ਇਸ ਘਰ ਵਿਚ ਆਉਣਾ ਆਪਣੇ ਮਾਤਾ-ਪਿਤਾ ਨੂੰ ਸੁਖੀ ਕਰਨਾ ਹੈ, ਮਾਤਾ-ਪਿਤਾ ਦੀ ਸੇਵਾ ਕਰਨੀ ਹੈ। ਔਰ ਸਾਡੇ ਸਾਰਿਆਂ ਦਾ ਜਿਹੜਾ ਕਾਰਣ ਹੈ, ਉਹ ਕੇਵਲ ਮਾਇਆ ਹੈ। ਭਾਵੇਂ ਆਪਾਂ ਪੜ੍ਹਦੇ ਹਾਂ ਕਿ,

*"ਬਾਬਾ ਮਾਇਆ ਸਾਥਿ ਨ ਹੋਇ॥*
*ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥ ਰਹਾਉ॥"* (ਪੰਨਾ ੫੯੫)

ਪਰ ਮਾਇਆ ਦੇ ਨਾਲ ਇੰਨੇ ਮਨ ਕਰਕੇ ਅਸੀਂ ਇਸ ਪਕੜ ਵਿਚ ਆ ਗਏ ਹਾਂ ਕਿ ਮਾਇਆ ਤੋਂ ਛੁਟਕਾਰਾ ਪਾਉਣਾ ਮੁਸ਼ਕਿਲ ਜਿਹੀ ਬਾਤ ਹੋ ਗਈ ਹੈ। ਗੁਰਮੁਖ ਪਿਆਰਿਓ ਉਹ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਕੌਮ ਦੀ ਖ਼ਾਤਰ, ਧਰਮ ਦੀ ਖ਼ਾਤਰ ਆਪਣੇ ਚਾਰ ਮਾਸੂਮ ਬੱਚੇ ਮੈਦਾਨੇ-ਜੰਗ ਦੇ ਅੰਦਰ ਕੁਰਬਾਨ ਕਰ ਦਿੱਤੇ, ਔਰ ਉਥੇ ਬਿਰਧ ਮਾਤਾ ਗੁਜ਼ਰ ਕੌਰ ਜੀ, ਤੇ ਨੌਂ ਸਾਲ ਦੀ ਆਯੂ ਵਿਚ ਆਪਣੇ ਪਿਤਾ ਨੂੰ, ਆਪਣੇ ਹੱਥੀਂ ਤੋਰ ਦੇਣਾ, ਉਹ ਕੇਵਲ ਤੇ ਕੇਵਲ ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਵਿਚ ਆਇਆ।

ਜਦੋਂ ਦੁਨੀਆਂ ਦੇ ਮਹਾਨ ਫ਼ਿਲਾਸਫ਼ਰ ਤੇ ਹੋਰ ਧਰਮਾਂ ਵੱਲ ਨਿਗਾਹ ਮਾਰ ਕੇ ਵੇਖੀਏ ਤਾਂ ਅੱਜ ਜੋ ਸਿੱਖ ਕੌਮ ਦੇ ਨਾਲ ਸਬੰਧਿਤ ਹਨ:

*"ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥"* (ਪੰਨਾ ੧੪੮)

ਸਮਝਣ ਦੀ ਕੋਸ਼ਿਸ਼ ਕਰਨਾ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਤਿਗੁਰ ਸੱਚੇ ਪਾਤਸ਼ਾਹ ਜੀ ਕ੍ਰਿਪਾ ਕਰਨ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਕੌਮ ਦੀ ਖ਼ਾਤਰ ਧਰਮ ਦੀ ਖ਼ਾਤਰ, ਬਾਣੀ-ਬਾਣੇ ਦੀ ਖ਼ਾਤਰ ਆਪਣਾ ਸਰਬੰਸ ਲੁਟਾ ਦਿੱਤਾ। ਕੀ ਸਾਨੂੰ ਉਨ੍ਹਾਂ ਦੇ ਇਹ ਪਰਉਪਕਾਰ, ਇਹ ਕੁਰਬਾਨੀਆਂ ਯਾਦ ਹਨ? ਕੀ ਕਲਗੀਧਰ ਪਾਤਸ਼ਾਹ ਜੀ ਦਾ ਕੀਤਾ ਹੋਇਆ ਅਹਿਸਾਨ ਸਾਨੂੰ ਯਾਦ ਹੈ? ਕੇਵਲ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਨਾਮ ਲੈ ਕੇ ਗੱਲ ਨਹੀਂ ਬਣਨੀ। ਬਲਕਿ ਇਹ ਕਿਹਾ ਗਿਆ ਹੈ ਕਿ ਅਗਰ ਇਕ ਵਾਰੀ ਵੀ ਸੱਚੇ ਮਨ ਨਾਲ ਕਲਗੀਧਰ ਪਿਤਾ ਦਾ ਨਾਮ ਲਿਆ ਜਾਵੇ ਤਾਂ ਤਖ਼ਤ ਪਟਨਾ ਸਾਹਿਬ ਤੋਂ ਲੈ ਕੇ ਸਚਖੰਡ ਹਜੂਰ ਸਾਹਿਬ ਤੱਕ ਜਿੰਨਾਂ ਵੀ ਨਕਸ਼ਾ ਹੈ, ਉਹ ਉਸ ਸਿੱਖ ਦੀਆਂ ਅੱਖਾਂ ਦੇ ਸਾਹਮਣੇ ਆ ਜਾਵੇਗਾ। ਫਿਰ ਸਾਹਿਬ ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਧਰਤੀ ਨੂੰ ਛੱਡਿਆ। ਔਰ ਦੁਬਾਰਾ ਉਸ ਪਾਸੇ ਵਲ ਉਹਨਾਂ ਨੇ ਮੂੰਹ ਨਹੀਂ ਕੀਤਾ। ਜਿਸ ਆਨੰਦਪੁਰ ਦੀਆਂ ਗਲੀਆਂ ਵਿਚ ਗੁਰੂ ਜੀ ਨੇ ਸ਼ਸਤਰ ਵਿਦਿਆ ਪ੍ਰਾਪਤ ਕੀਤੀ, ਰਣਜੀਤ ਨਗਾਰਾ ਤਿਆਰ ਕੀਤਾ, ਫੌਜਾਂ ਤਿਆਰ ਕੀਤੀਆਂ, ਇਥੋਂ ਤੱਕ ਕਿ ਸ਼ਿਕਾਰ ਖੇਡਣੇ ਵੀ ਆਰੰਭ ਕੀਤੇ ਬਾਈ ਧਾਰ ਦੇ ਰਾਜਿਆਂ ਨਾਲ ਜੰਗ ਜਿਤੱਣੇ ਵੀ ਸ਼ੁਰੂ ਕੀਤੇ ਤੇ ਮੂੰਹ ਤੋੜਣਾ ਜਵਾਬ ਵੀ ਦੇਣਾ ਕੀਤਾ। ਪਰ ਅੱਜ ਉਹ ਸਮਾਂ ਆ ਗਿਆ ਜਦੋਂ ਇਸ ਸ੍ਰੀ

ਆਨੰਦਪੁਰ ਸਾਹਿਬ ਦੀ ਪਾਵਨ-ਪਵਿੱਤਰ ਧਰਤੀ ਨੂੰ ਵੀ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਛੱਡਣਾ ਪੈ ਗਿਆ। ਲੇਕਿਨ ਸਿੱਖ ਕੌਮ ਦੇ ਨਾਲ ਸਬੰਧਿਤ "ਗੁਰੂ ਗੋਬਿੰਦ ਸਿੰਘ ਜੀ ਮਹਾਰਾਜ" ਦੇ ਕੀਤੇ ਹੋਏ ਪਰਉਪਕਾਰਾਂ ਨੂੰ ਭੁੱਲ ਗਏ। ਪਰ ਆਰੀਆ ਸਮਾਜ ਦਾ ਉੱਘਾ ਪ੍ਰਚਾਰਕ ਜਿਸ ਦਾ ਨਾਮ ਗੁਰਮੁੱਖ ਪਿਆਰਿਓ "ਲਾਲਾ ਦੌਲਤ ਰਾਇ ਆਉਂਦਾ ਹੈ, ਉਹ ਲਾਹੌਰ ਦੇ ਮੰਦਿਰਾਂ ਵਿਚ ਕਥਾ ਕਰਦਾ ਹੈ ਦਇਆ ਨੰਦ ਦੀ ਤੇ 1906 ਦੇ ਵਿਚ ਜਦੋਂ ਸਾਹਿਬੇ ਕਮਾਲ "ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਜੀਵਨ ਪੜ੍ਹਿਆ ਤਾਂ ਹੈਰਾਨ ਰਹਿ ਗਿਆ ਕਿ 9 ਸਾਲ ਦੀ ਉਮਰ ਦੇ ਵਿਚ ਆਪਣੇ ਪਿਤਾ ਨੂੰ ਦਿੱਲੀ ਸ਼ਹੀਦ ਹੋਣ ਵਾਸਤੇ ਤੋਰ ਦਿੱਤਾ। ਇੰਨੀ ਹਲਕੀ ਉਮਰ ਦੇ ਵਿਚ ਉਹ ਕਾਰਜ ਕੀਤੇ ਕਿ ਜਿਹੜਾ ਵੀ ਅੱਜ ਤੱਕ ਦੁਨੀਆਂ ਤੇ ਜੋ ਅਵਤਾਰ ਆਇਆ, ਪਰ ਅੱਜ ਤੱਕ ਇਹੋ ਜਿਹਾ ਰੱਬੀ ਜੋਤ ਅਵਤਾਰ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਵਰਗਾ ਨਹੀਂ ਆਇਆ। ਇਨ੍ਹਾਂ ਨੇ ਡਟ ਕੇ ਮੁਕਾਬਲੇ ਕੀਤੇ। ਇਥੋਂ ਤੱਕ ਕਿ ਗਊ-ਗ਼ਰੀਬ ਦੀ ਰੱਖਿਆ ਵੀ ਢਾਲ ਬਣ ਕੇ ਕੀਤੀ। ਔਰ ਆਪਣੇ ਪਰਿਵਾਰ ਦਾ ਖ਼ਿਆਲ ਬਿਲਕੁਲ ਨਹੀਂ ਰੱਖਿਆ।

ਮਨ ਕਰਕੇ ਅਸੀਂ ਇਸ ਪਕੜ ਵਿਚ ਆ ਗਏ ਹਾਂ ਕਿ ਮਾਇਆ ਤੋਂ ਛੁਟਕਾਰਾ ਪਾਉਣਾ ਮੁਸ਼ਕਿਲ ਜਿਹੀ ਬਾਤ ਹੋ ਗਈ ਹੈ। ਗੁਰਮੁਖ ਪਿਆਰਿਓ "ਦੌਲਤ ਰਾਇ" ਨੇ, ਦੂਸਰੇ ਧਰਮਾਂ ਦੇ ਸਬੰਧਿਤ ਆਰੀਆ ਸਮਾਜ ਦਾ ਪ੍ਰਚਾਰਕ, ਉਸ ਨੇ ਕਲਮ ਚੁੱਕੀ ਤੇ ਸਾਹਿਬ "ਗੁਰੂ ਗੋਬਿੰਦ ਸਿੰਘ ਜੀ" ਦੀ ਜੀਵਨੀ ਲਿਖਣ ਲੱਗ ਪਿਆ। ਪਰ ਉਹ ਮੁੱਖ-ਬੰਦ ਦੇ ਵਿਚ 'ਦੋ ਸ਼ਬਦ' ਭੂਮਿਕਾ ਦੇ ਵਿਚ ਲਿਖ ਰਿਹਾ ਹੈ। ਕਹਿੰਦੇ ਹਨ ਕਿ ਮੈਂ ਹੈਰਾਨ ਹੁੰਦਾ ਹਾਂ ਕਿ ਐ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ! ਇਹੋ ਜਿਹਾ ਅਵਤਾਰ ਤੂੰ ਪੰਜਾਬ ਦੀ ਧਰਤੀ ਉਤੇ ਭੇਜਣਾ ਕੀਤਾ ਹੈ, ਇਹੋ ਜਿਹਾ ਅਵਤਾਰ ਹਿੰਦੁਸਤਾਨ 'ਤੇ ਭੇਜਣਾ ਕੀਤਾ ਹੈ। ਲਾਲਾ ਦੌਲਤ ਰਾਇ ਕਹਿੰਦਾ ਹੈ ਮੈਨੂੰ ਲਗਦਾ ਹੈ ਕਿ ਇਸ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਨੂੰ ਭੇਜਣ ਵਾਸਤੇ ਵਾਹਿਗੁਰੂ ਜੀ ਦੀ ਜਿੰਨੀ ਵੀ ਅਕਲ ਬੁੱਧੀ ਦਿਮਾਗ਼ ਉਹ ਸਾਰਾ ਇਸਤੇਮਾਲ ਹੋਇਆ ਅਤੇ ਪਰਮਾਤਮਾ ਦੀ ਜਿੰਨੀ ਵੀ ਸੋਚ ਸ਼ਕਤੀ ਸੀ, ਉਹ ਲੱਗੀ। ਔਰ ਜਿਨ੍ਹਾਂ ਮੰਦਿਰਾਂ ਵਿਚ ਉਹ ਦੌਲਤ ਰਾਇ ਕਥਾ ਕਰਦਾ ਸੀ, ਜਦੋਂ ਉਹਨਾਂ ਪ੍ਰਚਾਰਕਾਂ ਨੂੰ ਪਤਾ ਲੱਗਾ ਤਾਂ ਉਹ ਕਹਿਣ ਲੱਗੇ ਤੂੰ ਸਾਡੇ ਧਰਮ ਦਾ ਪ੍ਰਚਾਰਕ, ਔਰ ਅਸੀਂ ਤੈਨੂੰ ਤਨਖ਼ਾਹ ਦੇਈਏ ਅਤੇ ਤੇਰੀ ਕਲ਼ਮ ਨੇ ਕਿਤਾਬ ਲਿਖਣੀ ਸੀ ਦਇਆ ਨੰਦ ਦੀ ਤੇ ਤੂੰ ਜੀਵਨੀ ਲਿਖ ਰਿਹਾ ਹੈ ਗੁਰੂ ਗੋਬਿੰਦ ਸਿੰਘ ਦੀ'1906 ਦੇ ਵਿਚ ਏਹ ਕਿਤਾਬ ਛਪੀ ਜੋ ਦੌਲਤ ਰਾਇ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖੀ। ਤਾਂ ਦੌਲਤ ਰਾਇ ਨੇ ਆਪਣੇ ਧਰਮ ਦੇ ਆਗੂਆਂ ਨੂੰ ਜਦੋਂ ਇਸ ਗੱਲ ਦਾ ਜਵਾਬ ਦਿਤਾ ਤਾਂ ਕਹਿਣ ਲੱਗਾ ਮੈਂ ਦੁਨੀਆਂ ਤੇ ਬਹੁਤ ਅਵਤਾਰਾਂ ਦੀ ਜੀਵਨੀ ਪੜ੍ਹੀ ਹੈ। ਔਰ ਮੇਰਾ ਧਿਆਨ ਚਲਿਆ ਗਿਆ ਤ੍ਰੇਤੇ ਵਿਚ, ਮੇਰਾ ਧਿਆਨ ਚਲਿਆ ਗਿਆ ਦੁਆਪਰ ਦੇ ਵਿਚ। ਔਰ ਕਹਿਣ ਲੱਗੇ ਤ੍ਰੇਤੇ ਵਿਚ ਰਾਮ ਅਤੇ ਰਾਵਣ ਦਾ ਜੰਗ ਹੋਇਆ, ਦੁਆਪਰ ਵਿਚ ਮਹਾਂਭਾਰਤ ਦਾ ਵੀ ਜੰਗ ਹੋਇਆ। ਉਹਨਾਂ ਦਾ ਮੂਲ ਕਾਰਨ ਦੋ ਇਸਤਰੀਆਂ ਸਨ।

ਇਕ ਦਾ ਨਾਮ 'ਸਰੂਪ ਨਖਾ' ਤੇ ਇਕ ਦਾ ਨਾਮ 'ਸੀਤਾ'। ਤੇ ਜਦੋਂ ਮੈਂ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਜੀਵਨੀ ਪੜ੍ਹੀ ਤੇ ਮੈਂ ਹੈਰਾਨ ਰਹਿ ਗਿਆ ਕਿ ਇੰਨੀਆਂ ਲੜਾਈਆਂ ਦੇ ਵਿਚੋਂ ਇਕ ਵੀ ਲੜਾਈ ਉਹਨਾਂ ਨੇ ਆਪਣੇ ਪਰਿਵਾਰ ਦੀ ਖ਼ਾਤਿਰ ਨਹੀਂ ਲੜੀ। ਇਕ ਵੀ ਲੜਾਈ ਸੁਆਰਥ ਜਾਂ ਰਾਜ-ਗੱਦੀਆਂ ਵਾਸਤੇ ਨਹੀਂ ਲੜੀ। ਬਲਕਿ ਜਿਹੜੀ ਵੀ ਲੜਾਈ ਲੜੀ, ਉਹ ਸਿੱਖ ਕੌਮ, ਪਰਉਪਕਾਰ ਤੇ ਗਊ-ਗਰੀਬ ਦੀ ਰੱਖਿਆ ਵਾਸਤੇ ਲੜੀ। ਲਾਲਾ ਦੌਲਤ ਰਾਇ ਕਹਿਣ ਲੱਗੇ ਕਿ ਅਗਰ ਮੇਰੀਆਂ ਅੱਖਾਂ ਨੇ, ਦਿਮਾਗ਼ ਨੇ ਕੋਈ ਪੂਰਨ ਮਨੁੱਖ ਦੇਖਿਆ ਹੈ ਤਾਂ ਉਹ ਕੇਵਲ ਤੇ ਕੇਵਲ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਹਨ। ਹੋਰ ਕੋਈ ਵੀ ਅਵਤਾਰ ਉਹਨਾਂ ਦੀ ਬਰਾਬਰੀ ਨਹੀਂ ਕਰ ਸਕਦਾ।

"ਬੋਲੇ ਸੋ ਨਿਹਾਲ,
ਸਤਿ ਸ੍ਰੀ ਅਕਾਲ।"

ਪਰ ਸੰਸਾਰ ਵਿਚ ਤਾਂ ਦੇਖਿਆ ਗਿਆ ਹੈ ਕਿ ਇਕ ਇਨਸਾਨ ਨੂੰ ਛੱਡ ਕੇ ਜਿੰਨੀਆਂ ਵੀ 84 ਲੱਖ ਜੂਨਾਂ ਹਨ, ਉਹਨਾਂ ਵਿਚੋਂ ਕਿਸੇ ਵੀ ਜੂਨ ਦੇ ਬੱਚੇ ਨੂੰ ਪਕੜ ਕਰਕੇ ਜੋ ਵੀ ਸਿਖਿਆ ਉਸ ਨੂੰ ਦੇ ਦੇਵੋ, ਉਹ ਸਿੱਖਿਆ ਉਹ ਗ੍ਰਹਿਣ ਕਰ ਲੈਂਦਾ ਹੈ। ਜੋ ਵੀ 84 ਲੱਖ ਜੂਨ ਕੇਵਲ ਤੇ ਕੇਵਲ ਇਕ ਇਨਸਾਨ ਨੂੰ ਛੱਡ ਕੇ, ਕਿਸੇ ਜਾਨਵਰ ਨੂੰ ਜਿਸ ਤਰ੍ਹਾਂ ਦੀ ਵੀ ਸਿੱਖਿਆ ਦੇਵੋ, ਉਹ ਸਿੱਖ ਲਵੇਗਾ। ਇਸੇ ਤਰ੍ਹਾਂ ਕਿਸੇ ਵੀ ਦੇਸ਼ ਦੀ ਫ਼ੌਜ ਲੈ ਲਵੋ, ਅਗਰ ਉਸ ਕੋਲ ਸਿਖਲਾਈ ਨਹੀਂ, ਅਗਰ ਉਸ ਕੋਲ ਡਿਸਿਪਲਨ ਨਹੀਂ, ਅਗਰ ਉਸ ਕੋਲ ਸ਼ਸਤਰ ਨਹੀਂ, ਵਰਦੀ ਨਹੀਂ ਤੇ ਉਹ ਸਿਵਲ ਕਪੱੜਿਆਂ ਵਿਚ ਕਹੀ ਜਾਏ ਕਿ ਮੈਂ ਫ਼ੌਜੀ ਹਾਂ ਤਾਂ ਕੀ ਕੋਈ ਮੰਨ ਲਵੇਗਾ? ਤੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਤੁਹਾਨੂੰ ਅਕਾਲ-ਪੁਰਖ ਦਾ ਫ਼ੌਜੀ ਬਣਾਇਆ ਹੈ। ਤੁਹਾਨੂੰ ਪਰਮੇਸ਼ਰ ਦਾ ਸਿਪਾਹੀ ਬਣਾਇਆ ਹੈ। ਪਰ ਮਾੜੇ ਭਾਗਾਂ ਦੀ ਨਿਸ਼ਾਨੀ ਅਗਰ ਸਾਨੂੰ ਗੁਰੂ ਦਾ 'ਬਾਣਾ' ਮਨਜ਼ੂਰ ਨਹੀਂ ਤਾਂ ਗੁਰੂ ਨੂੰ ਵੀ ਇਹੋ ਜਿਹਾ ਸਿੱਖ ਆਪਣੇ ਧਰਮ ਵਿਚ ਮਨਜ਼ੂਰ ਨਹੀਂ!

*"ਧਰਹਿ ਕੇਸ ਪਾਹੁਲ ਬਿਨਾ, ਭੇਖੀ ਮੂਰਖ ਸਿੱਖ।*
*ਮੇਰਾ ਦਰਸ਼ਨ ਨਾਹਿ ਤਿਸੁ, ਪਾਪੀ ਤਿਆਗੇ ਭਿਖ।"*

ਗੁਰੂ ਜੀ ਕਹਿੰਦੇ ਹਨ ਕਿ ਮੇਰੇ ਦਰਸ਼ਨ ਉਸ ਮੂਰਖ ਨੂੰ ਨਹੀਂ ਹੋ ਸਕਦੇ। ਕਿਉਂਕਿ ਇਕ ਪੂਰਨ ਗੁਰੂ ਦੇ ਦਰਸ਼ਨ ਇਕ ਅਧੂਰੇ ਮਨੁੱਖ ਨੂੰ ਕਿਵੇਂ ਹੋ ਸਕਦੇ ਹਨ? ਜਿੰਨਾਂ ਚਿਰ ਉਹ ਆਪ ਪੂਰਾ ਨਹੀਂ ਹੋਇਆ ਜਦੋਂ ਉਹ ਆਪ ਪੂਰਾ ਹੋ ਜਾਵੇਗਾ ਤੇ ਕੋਸ਼ਿਸ਼ ਜਾਰੀ ਹੋ ਜਾਵੇਗੀ ਔਰ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਵੀ ਕ੍ਰਿਪਾ ਕਰ ਦੇਣਗੇ। ਲੇਕਿਨ ਅਗਰ ਤੁਹਾਨੂੰ ਕੋਈ ਭੁਲੇਖਾ ਹੈ ਕਿ ਮਹਾਰਾਜ ਸਰੀਰ ਕਰਕੇ ਹੈਨ ਜਾਂ ਨਹੀਂ, ਇਸ ਦਾ ਆਪ ਜੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਪੰਜ ਭੂਤਕ ਸਰੀਰ ਕਲਗੀਧਰ ਮਹਾਰਾਜ ਜੀ ਨੇ ਨਾਂਦੇੜ ਦੀ ਧਰਤੀ 'ਤੇ ਛੱਡਣਾ ਕੀਤਾ, ਉਸ ਤੋਂ ਬਾਅਦ ਬਾਬਾ 'ਨਿਧਾਨ ਸਿੰਘ ਜੀ' ਨੂੰ ਸਮੇਤ ਘੋੜੇ ਦੇ

ਦਰਸ਼ਨ ਦਿੱਤੇ। ਔਰ ਇਕ ਦਿਨ ਜਿਹੜਾ ਉਥੇ ਅੰਦਰਲੀ ਸੇਵਾ ਕਰਦਾ ਹੈ, ਉਸ ਦੇ ਬਾਰੇ ਦੱਸਿਆ ਗਿਆ ਹੈ ਕਿ ਉਹ ਹਰ ਰੋਜ਼ ਸਵੇਰੇ ਇਸ਼ਨਾਨ-ਪਾਨ ਕਰਕੇ ਅਰਦਾਸ ਆਗਿਆ ਲੈ ਕੇ ਹੀ ਤਖ਼ਤ ਦੀ ਸੇਵਾ ਕਰਦਾ ਸੀ। ਔਰ ਇਕ ਦਿਨ ਬਿਨਾਂ ਅਰਦਾਸ ਕੀਤਿਆਂ ਸਿੱਧਾ ਹੀ ਤਖ਼ਤ ਦੇ ਅੰਦਰ ਜਾ ਵੜਿਆ। ਔਰ ਜਦੋਂ ਤਖ਼ਤ ਦੇ ਅੰਦਰ ਭੌਰੇ ਵਿਚ ਗਿਆ ਤੇ ਅੰਦਰ ਜਾ ਕੇ ਕੀ ਵੇਖਦਾ ਹੈ ਕਿ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦਸਤਾਰ ਸਜਾਅ ਰਹੇ ਹਨ। ਤੇ ਮਹਾਰਾਜ ਨੇ ਅੱਗੋਂ ਕਹਿਣਾ ਕੀਤਾ ਕਿ ਅੱਜ ਆਗਿਆ ਤੋਂ ਬਗ਼ੈਰ ਹੀ ਆ ਗਿਆ ਹੈਂ! ਗੁਰਮੁਖ ਪਿਆਰਿਓ, ਉਹ ਜਿਹੜਾ ਜਥੇਦਾਰ ਸੀ, ਜਦੋਂ ਉਸ ਨੇ ਸਾਹਿਬੇ ਕਮਾਲ ਦੇ ਮੁੱਖ ਤੋਂ ਇਹ ਬਚਨ ਸੁਣੇ ਤੇ ਆਪਣੀਆਂ ਅੱਖਾਂ ਨਾਲ ਕਲਗੀਧਰ ਜੀ ਦਾ ਜਦੋਂ ਇਹ ਰੂਪ ਵੇਖਿਆ ਤੇ ਉਹ ਬੋਲਣਾ ਬੰਦ ਹੋ ਗਿਆ। ਔਰ ਇਹੋ ਜਿਹੀ ਸੱਟ ਉਸ ਦੇ ਹਿਰਦੇ ਵਿਚ ਲੱਗੀ ਕਿ ਉਹ ਪਰਲੋਕ ਦਮਨ ਕਰ ਗਿਆ ਤੇ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਦੀ ਝਾਲ ਨਾ ਝੱਲ ਸਕਿਆ। ਔਰ ਉਸ ਨੂੰ ਵੀ ਸਾਡੇ ਵਾਂਗੂੰ ਇਹ ਸ਼ੰਕਾ ਸੀ ਕਿ ਪਤਾ ਨਹੀਂ ਗੁਰੂ ਗੋਬਿੰਦ ਸਿੰਘ ਜੀ ਹਾਜ਼ਿਰ-ਨਾਜ਼ਿਰ ਹਨ ਵੀ ਜਾਂ ਨਹੀਂ।

ਦਾਸ ਅਰਜ਼ ਕਰ ਰਿਹਾ ਸੀ ਕਿ ਅੱਜ ਵੀ ਉਹ ਸਮਾਂ ਆ ਗਿਆ ਜਦੋਂ "ਸ੍ਰੀ ਆਨੰਦਪੁਰ ਸਾਹਿਬ' ਦੀ ਪਾਵਨ ਪਵਿੱਤਰ ਧਰਤੀ ਨੂੰ ਵੀ ਤਿਆਗਣ ਵਾਸਤੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਤਿਆਰ ਹੋ ਗਏ। ਪਰ ਜਿਹੜੇ ਨਾਲ ਜੋਧੇ ਸਨ, ਸਿੰਘ ਸਨ, ਮਸੰਦ ਸਨ, ਉਹਨਾਂ ਨੇ ਮਾਤਾ ਗੂਜਰੀ ਜੀ ਨੂੰ ਜਾ ਕੇ ਇਹ ਕਹਿਣਾ ਕੀਤਾ ਕਿ ਮਾਤਾ ਜੀ! ਕ੍ਰਿਪਾ ਕਰਕੇ ਲਾਲ ਨੂੰ ਸਮਝਾਉ। ਅਗੋਂ ਮਾਤਾ ਜੀ ਕਹਿਣ ਲੱਗੇ ਕੀ ਗੱਲ? ਕਹਿਣ ਲੱਗੇ ਇਨ੍ਹਾਂ ਬਾਈ ਧਾਰ ਰਾਜਿਆਂ ਨੇ ਅੱਠ ਮਹੀਨੇ ਦੇ ਕਰੀਬ ਸਮਾਂ ਹੋ ਗਿਆ ਹੈ ਇਨ੍ਹਾਂ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਹੋਇਆ ਹੈ। ਹੁਣ ਤਾਂ ਅੰਦਰੋਂ ਦਰਖਤ ਵੀ ਖ਼ਤਮ ਹੋ ਗਏ ਹਨ ਔਰ ਇਹ ਫੌਜਾਂ ਖਾਣ ਕੀ ਔਰ ਜੰਗ ਕੀ ਜਿਹੜੇ ਭੁੱਖ ਦੇ ਦੁੱਖੋਂ ਮਰਨਾ, ਇਸ ਤੋਂ ਚੰਗਾ ਇਹ ਕਿਲ੍ਹਾ ਛੱਡ ਦੇਣਾ ਚਾਹੀਦਾ ਹੈ। ਉਹਨਾਂ ਸਿੰਘਾਂ ਦੀਆਂ ਗੱਲਾਂ ਸੁਣ ਕੇ ਮਾਤਾ ਜੀ ਨੇ ਗੁਰੂ ਜੀ ਨੂੰ ਆ ਕੇ ਕਿਹਾ, "ਲਾਲ ਜੀ ! ਆਪ ਜੀ ਦੇ ਸਿੰਘ ਫ਼ੌਜਾਂ ਬਾਗੀ ਹੋਣ ਨੂੰ ਫਿਰਦੀਆਂ ਹਨ, ਤੇ ਅਗੋਂ ਗੁਰੂ ਗੋਬਿੰਦ ਸਿੰਘ ਜੀ ਨੇ ਕਹਿਣਾ ਕੀਤਾ ਮਾਤਾ ਜੀ, ਫ਼ਿਕਰ ਨਾ ਕਰੋ, ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਕ੍ਰਿਪਾ ਕਰਨਗੇ।" ਪਰ ਗੁਰਮੁਖ ਪਿਆਰਿਓ ਇਸ ਸਿੱਖੀ ਦੀ ਕਸਵੱਟੀ 'ਤੇ ਉਹੀ ਪੂਰਾ ਉਤਰ ਸਕਦਾ ਹੈ ਜਿਹੜਾ ਅੱਠੇ ਪਹਿਰ ਚੌਵੀ ਘੰਟੇ ਮਨ ਕਰਕੇ ਇਹ ਪੜ੍ਹੇ, ਬਲਕਿ ਆਪਣੇ ਮਨ ਨੂੰ ਪੱਕੀ ਤੌਰ 'ਤੇ ਇਹ ਇਹਸਾਸ ਕਰਾ ਦਿੱਤਾ ਹੋਵੇ ਕਿ:

*(੧) "ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥" (ਪੰਨਾ ੧੧੦੨)*

ਇਹ ਸਿੱਖੀ ਇੰਨੀ ਸਸਤੀ ਨਹੀਂ, ਇਹ ਖੰਡੇ ਬਾਟੇ ਦਾ ਅੰਮ੍ਰਿਤ ਇੰਨਾ ਸਸਤਾ ਨਹੀਂ।

*(੨) ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ ੧॥ (ਪੰਨਾ ੧੧੦੨)*

*ਜੀਵਣ ਕੀ ਛਡਿ ਆਸ ਪਿਆਰੇ ਜੀਵਣ ਕੀ ਛਡਿ ਆਸ॥*

*(੩) ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ॥*
*ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ॥ ੨੯॥*

*(ਪੰਨਾ ੧੩੬੫)*

*ਜੀਵਣ ਕੀ ਛਡਿ ਆਸ ਪਿਆਰੇ ਜੀਵਣ ਕੀ ਛਡਿ ਆਸ॥*

ਕਥਾ ਵਾਚਕ ਭਾਈ ਕਰਤਾਰ ਸਿੰਘ ਜੀ ਕਹਿਣ ਲੱਗੇ ਮੇਰੇ ਕੋਲ ਕਈ ਇਹ ਪ੍ਰਸ਼ਨ ਕਰਦੇ ਹਨ ਕਿ ਪਹਿਲੇ ਸਿੰਘ ਜਿਹੜੇ ਸਨ, ਯੋਧੇ ਸੂਰਮੇ ਪਹਿਲੇ ਜਿਹੜੇ ਸਨ, ਉਹ ਕਰਨੀ ਅਤੇ ਕਥਨੀ ਦੇ ਪੂਰੇ ਸਨ। ਪਰ ਅੱਜ ਦੇ ਸਿੰਘਾਂ ਨੂੰ, ਅੱਜ ਦੇ ਅੰਮ੍ਰਿਤਧਾਰੀਆਂ ਨੂੰ ਕੀ ਹੋ ਗਿਆ ਹੈ? ਤਾਂ ਭਾਈ ਜੀ ਕਹਿਣ ਲੱਗੇ ਫ਼ਰਕ ਬੱਸ ਇਤਨਾ ਹੀ ਹੋ ਗਿਆ ਹੈ ਕਿ ਉਦੋਂ ਇਹ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਲੈਣ ਵਾਸਤੇ ਆਪਣਾ ਸਿਰ ਤਲੀ 'ਤੇ ਰੱਖ ਕੇ ਆਉਂਦੇ ਸਨ ਤੇ ਕਹਿੰਦੇ ਸਨ ਮਹਾਰਾਜ! ਮੇਰੀ ਜ਼ਿੰਦਗੀ, ਮੇਰਾ ਸੀਸ ਹਾਜ਼ਿਰ ਹੈ। ਕ੍ਰਿਪਾ ਕਰਕੇ ਮੈਨੂੰ ਖੰਡੇ ਬਾਟੇ ਦੀ ਪਾਹੁਲ ਦੇ ਦਿਉ। ਔਰ ਮੈਨੂੰ ਆਪਣਾ ਸਿੰਘ ਸਜਾ ਲਉ। ਤੇ ਹੁਣ ਸਾਡੇ ਵਰਗੇ ਮਿੰਨਤਾਂ ਕਰਦੇ ਫਿਰਦੇ ਨੇ ਕਿਸ ਵਾਸਤੇ? ਇਸ ਵਾਸਤੇ ਤਾਂ ਕਿ ਹੁਣ ਰਜਿਸਟਰ ਭਰ ਜਾਣ ਕਿ ਉਹਨਾਂ ਨੇ ਅੰਮ੍ਰਿਤ ਛਕਾਇਆ ਹੈ ਸਿੰਘਾਂ ਨੂੰ। ਫਿਰ ਸਾਡੇ ਮਿੰਨਤਾਂ ਦਾ ਫਲ ਵੀ ਤੇ ਉਨਾਂ ਕੁ ਹੀ ਹੋਣਾ ਹੈ। ਜਿੰਨਾ ਚਿਰ ਉਹ ਮੰਗਤਾ ਬਣ ਕੇ, ਭਿਖਾਰੀ ਬਣ ਕੇ ਆਇਆ ਹੀ ਨਹੀਂ, ਤੇ ਉਸ ਨੇ ਭੇਟਾ ਵੀ ਨਹੀਂ ਦਿੱਤੀ ਅੰਮ੍ਰਿਤ ਦੀ, ਫਿਰ ਫਲ ਉਸੇ ਤਰ੍ਹਾਂ ਦਾ ਹੀ ਤੇ ਮਿਲਣਾ ਹੈ। ਭਾਈ ਦਇਆ ਸਿੰਘ ਨੇ ਗੁਰਮੁਖ ਪਿਆਰਿਓ ਕੀ ਭੇਟਾ ਦਿੱਤੀ, ਭਾਈ ਧਰਮ ਸਿੰਘ ਨੇ, ਭਾਈ ਹਿੰਮਤ ਸਿੰਘ ਨੇ, ਭਾਈ ਮੋਹਕਮ ਸਿੰਘ ਨੇ ਤੇ ਭਾਈ ਸਾਹਿਬ ਸਿੰਘ ਨੇ ਕੀ ਭੇਟਾ ਦਿੱਤੀ ਹੈ? ਔਰ ਜਦੋਂ ਉਹਨਾਂ ਨੇ ਭੇਟਾ ਦੇ ਦਿੱਤੀ ਤੇ ਕਮਾਲ ਇਹ ਹੋਇਆ ਕਿ ਗੁਰੂ ਗੋਬਿੰਦ ਸਿੰਘ ਜੀ ਆਪ ਮੰਗਤੇ ਬਣ ਕੇ ਕਹਿੰਦੇ, "ਐ ਖਾਲਸਾ ਰੂਪ ਗੁਰੂ ਜੀ! ਕ੍ਰਿਪਾ ਕਰਕੇ ਮੈਨੂੰ ਵੀ ਗੋਬਿੰਦ ਰਾਇ ਤੋਂ "ਗੁਰੂ ਗੋਬਿੰਦ ਸਿੰਘ" ਬਣਾਉ।

*"ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ॥"*

ਤੇ ਜਿਹੜੇ ਗੁਰਮੁਖ ਪਿਆਰਿਓ ਮਨ ਕਰਕੇ ਅਜੇ ਧਾਰਣੀ ਨਹੀਂ ਹੋਏ, ਤੇ ਉਹਨਾਂ ਦਾ ਮਨ ਉਸ ਵੇਲੇ ਥਿੜਕ ਜਾਂਦਾ ਹੈ, ਜਦੋਂ ਪਰਮੇਸ਼ਰ ਵਲੋਂ ਇਮਤਿਹਾਨਾਂ ਦੀ ਘੜੀ ਆਉਂਦੀ ਹੈ। ਭਗਤ ਕਬੀਰ ਜੀ ਨੇ ਵੀ ਸਾਡੇ ਵਾਸਤੇ ਕਿਹਾ ਹੈ;

*"ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥*
*ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥"*

*(ਪੰਨਾ ੧੩੬੫)*

'ਦੀਨ' ਕਹਿੰਦੇ ਨੇ ਧਰਮ ਨੂੰ ਤੇ ਦੁਨੀਆਂ ਭਾਵ ਜਿਨ੍ਹਾਂ ਦੀ ਖ਼ਾਤਿਰ ਤੁਸੀਂ ਸਿੱਖੀ ਨੂੰ

ਤਿਆਗ ਦਿੱਤਾ। ਜਿਨ੍ਹਾਂ ਦੀ ਖ਼ਾਤਿਰ ਤੁਸੀਂ ਸਿੱਖੀ ਤੋਂ ਕੋਹਾਂ ਦੂਰ ਤੁਰੇ ਫਿਰਦੇ ਹੋ। 'ਸਿੱਖ' ਕਹਿਣ ਦੇ ਨਾਲ ਤੁਸੀਂ ਸਿੱਖ ਨਹੀਂ ਹੋ ਜਾਣਾ। ਸਿੱਖ ਕਹਿਣ ਨਾਲ ਤੁਸੀਂ ਸਿੱਖੀ ਦੇ ਧਾਰਣੀ ਨਹੀਂ ਹੋ ਜਾਣਾ। ਔਰ ਕਹਿਣ ਦੇ ਨਾਲ ਤੁਸੀਂ ਸਿੰਘ ਸੂਰਮੇ ਨਹੀਂ ਅਖਵਾ ਸਕਦੇ। ਉਸ ਦਿਨ ਤੁਸੀਂ ਸਿੰਘ ਅਖਵਾਉਗੇ ਜਿੰਨਾਂ ਚਿਰ ਤੁਹਾਡਾ ਜੀਵਨ, ਤੁਹਾਡੀ ਜ਼ਿੰਦਗੀ ਉਹਨਾਂ ਪੁਰਾਤਨ ਸੂਰਬੀਰ ਯੋਧਿਆਂ ਵਾਂਗੂੰ ਨਹੀਂ ਹੋ ਜਾਂਦੀ। ਔਰ ਜਿਨ੍ਹਾਂ ਦਾ ਸਵਾਸ-ਸਵਾਸ ਗੁਰਮੁੱਖ ਪਿਆਰਿਓ ਧਰਮ ਯੁੱਧ ਦੀ ਖ਼ਾਤਰ, ਸਿੱਖੀ ਦੇ ਪ੍ਰਚਾਰ ਤੇ ਗੁਰੂ ਦੀ ਖ਼ਾਤਰ ਹੋਵੇਗਾ।

*"ਕਬੀਰ ਦੀਨੁ ਗਵਾਇਆ ਦੁਨੀ ਸਿਉ.*

ਇਸ ਤੋਂ ਭਾਵ ਹੈ ਕਿ ਧਰਮ ਨੂੰ ਤਿਆਗਣਾ ਛੱਡ ਦਿੱਤਾ ਦੁਨੀਆਂ ਦੀ ਖ਼ਾਤਰ ਤੇ ਕਹਿੰਦੇ:-

*'ਦੁਨੀ ਨ ਚਾਲੀ ਸਾਥਿ'*

ਅਰਥਾਤ ਦੁਨੀਆਂ ਨੇ ਤੇਰਾ ਸਾਥ ਨਹੀਂ ਦਿੱਤਾ!

*'ਪਾਇ ਕੁਹਾੜਾ ਮਾਰਿਆ'*

ਭਾਵ ਕਿ ਆਪਣੇ ਹੱਥੀਂ ਕੋਈ ਪੈਰ ਵੱਢ ਕੇ ਕਹੇ ਦੂਜੇ ਨੂੰ ਕਿ ਮੈਂ ਚਲਾਂ ਕਿਵੇਂ? ਧਰਮ ਨੂੰ ਬੇਦਾਵਾ ਦੇ ਕੇ ਤਾਂ ਆਪਣੇ ਹੱਥੀ ਕੁਹਾੜਾ ਮਾਰ ਕੇ ਪੈਰ ਵੱਢ ਲਿਆ ਤੇ ਦੂਜੇ ਨੂੰ ਪੁੱਛਦੇ ਫਿਰਦੇ ਨੇ ਕਿ ਅਸੀਂ ਤੁਰੀਏ ਕਿਸ ਤਰ੍ਹਾਂ? ਦਾਸ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਆਪ ਜੀ ਦੇ ਸਾਹਮਣੇ ਰੱਖ ਰਿਹਾ ਹੈ;

*"ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥*
*ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ॥ ੨੩॥"*

*(ਪੰਨਾ ੧੩੬੬)*

ਉਹ ਜਿਨ੍ਹਾਂ ਇਮਤਿਹਾਨਾਂ ਵਿਚ ਸ੍ਰੀ ਚੰਦ ਤੇ ਲਖਮੀ ਦਾਸ ਗੁਰੂ ਨਾਨਕ ਦੇ ਪੁਤਰ ਫੇਲ੍ਹ ਹੋ ਗਏ, ਜਿਨ੍ਹਾਂ ਇਮਤਿਹਾਨਾਂ ਵਿਚ ਗੁਰਮੁਖ ਪਿਆਰਿਓ ਕਈ ਸਿੱਖ ਫੇਲ੍ਹ ਹੋ ਗਏ ਤੇ ਅਗਰ ਇਨ੍ਹਾਂ ਇਮਤਿਹਾਨਾਂ ਵਿਚ ਅਗਰ ਕੋਈ ਪਾਸ ਹੋਇਆ ਹੈ ਤਾਂ ਉਹ ਕੇਵਲ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ "ਭਾਈ ਲਹਿਣਾ" ਜੀ ਪਾਸ ਹੋਏ। ਜਦੋਂ ਪੱਥਰ ਤੇ ਡਾਂਗਾਂ ਵੱਜਣੀਆਂ ਸ਼ੁਰੂ ਹੋਈਆਂ ਤੇ ਸਾਰੇ ਉਥੋਂ ਭੱਜ ਗਏ ਤਾਂ ਗੁਰੂ ਨਾਨਕ ਦੇਵ ਜੀ ਲਹਿਣੇ ਤੋਂ ਪੁੱਛਦੇ ਹਨ, ਕਿ 'ਤੂੰ ਨਹੀਂ ਗਿਆ?' ਤਾਂ ਅੱਗੋਂ ਬੜੇ ਕਮਾਲ ਦਾ ਬਚਨ ਕਹਿਣਾ ਕੀਤਾ ਭਾਈ ਲਹਿਣਾ ਜੀ ਨੇ। ਭਾਈ ਲਹਿਣਾ ਜੀ ਕਹਿਣ ਲੱਗੇ ਸਤਿਗੁਰ ਸੱਚੇ ਪਾਤਸ਼ਾਹ ਜੀ, ਉਹਨਾਂ ਦੇ ਘਰ ਹੋਣਗੇ, ਉਹਨਾਂ ਦਾ ਕੋਈ ਆਸਰਾ ਹੋਵੇਗਾ, ਉਹਨਾਂ ਨੂੰ ਕੋਈ ਝੱਲਣ ਵਾਲਾ ਹੋਵੇਗਾ, ਲੇਕਿਨ ਮੇਰਾ ਤੇ ਆਪ ਜੀ ਤੋਂ ਬਗ਼ੈਰ ਹੋਰ ਕੋਈ ਝੱਲਣ ਵਾਲਾ ਹੈ ਹੀ ਨਹੀਂ। ਮੈਂ ਕਿਨ੍ਹਾਂ ਦੇ ਕੋਲ ਜਾਵਾਂ? ਮੈਂ ਕਿਸ ਦਰ 'ਤੇ ਜਾਵਾਂ ਅਤੇ ਮੈਂ ਕਿਸ ਘਰ ਜਾਵਾਂ? ਉਸੇ ਵਕਤ

ਗੁਰੂ ਜੀ ਨੇ ਉਸ ਨੂੰ ਆਪਣੀ ਛਾਤੀ ਨਾਲ ਲਾ ਲਿਆ। ਐਵੇਂ ਨਹੀਂ ਉਹ ਭਾਈ ਲਹਿਣੇ ਤੋਂ ਗੁਰੂ ਅੰਗਦ ਦੇਵ ਜੀ ਬਣੇ।

ਇਸ ਲਈ ਗੁਰਮੁਖ ਪਿਆਰਿਓ ਮੱਤ ਸਮਝ ਲੈਣਾ ਕਿ ਹਰ ਕੋਈ ਸਿੰਘ ਹੈ। ਸਿੰਘ ਉਹੀ ਹੈ ਜਿਹੜਾ ਦੁਨੀਆਂ ਦੇ ਕੋਨੇ-ਕੋਨੇ ਵਿੱਚ ਹਰ ਮਨੁੱਖ ਨੂੰ ਜਾਗ੍ਰਿਤ ਕਰਾ ਦੇਵੇ ਕਿ ਜੇਕਰ ਕੋਈ ਖ਼ਾਲਸਾ ਹੈ ਗੁਰੂ ਗੋਬਿੰਦ ਸਿੰਘ ਜੀ ਦਾ ਉਹ ਨਾ ਕਿਸੇ ਤੋਂ ਡਰਦਾ ਹੈ ਤੇ ਨਾ ਹੀ ਉਹ ਕਿਸੇ ਨੂੰ ਡਰ ਦਿੰਦਾ ਹੈ। ਉਹ ਤਾਂ ਕੇਵਲ ਸ਼ੇਰਾਂ ਵਾਂਗੂੰ ਜੀਉਂਦਾ ਹੈ ਤੇ ਦੂਜਿਆਂ ਨੂੰ ਵੀ ਸ਼ੇਰਾਂ ਵਾਂਗੂੰ ਜੀਊਣ ਦੀ ਪ੍ਰੇਰਨਾ ਦਿੰਦਾ ਹੈ। ਸੋ ਗੁਰਮੁਖੋ ਪਿਆਰਿਓ ਭਾਈ ਲਹਿਣਾ ਜੀ ਵਾਂਗੂੰ ਗੁਰੂ ਦੇ ਬਚਨ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰੋ, ਤਾਂ ਕਿ ਤੁਸੀਂ ਸਾਰੇ ਵੀ ਗੁਰੂ ਨੇੜੇ ਆ ਸਕੋ। ਉਸ ਲਾਲਾ ਦੌਲਤ ਰਾਇ ਵਾਂਗੂੰ ਬਣੋ, ਜਿਸ ਨੇ ਆਪਣੇ ਧਰਮ ਦੀ ਕਥਾ ਲਿਖਣ ਦੀ ਬਜਾਇ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਲਿਖੀ। ਕਿਉਂ? ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਐਸੀ ਮਹਾਨ ਸ਼ਖ਼ਸੀਅਤ ਹਨ, ਜਿਨ੍ਹਾਂ ਨੇ ਆਪਣੇ ਧਰਮ ਦੀ ਖ਼ਾਤਰ ਆਪਣੇ ਪੰਥ ਦੀ ਖ਼ਾਤਰ ਆਪਣੇ ਪਰਿਵਾਰ ਨੂੰ ਵੀ ਕੁਰਬਾਨ ਕਰਵਾ ਦਿੱਤਾ। ਜਿੰਨੀਆਂ ਵੀ ਜੰਗਾਂ ਲੜੀਆਂ ਉਹ ਆਪਣੇ ਪਰਿਵਾਰ ਦੀ ਖ਼ਾਤਰ ਨਹੀਂ, ਬਲਕਿ ਸਮੁੱਚੀ ਕੌਮ ਹਰ ਮਨੁੱਖ ਇਨਸਾਨ ਨੂੰ ਆਪਣਾ ਹੱਕ ਦਿਵਾਉਣ ਵਾਸਤੇ ਪੂਰਨ ਆਜ਼ਾਦੀ ਵਾਸਤੇ ਲੜੀਆਂ, ਅਤੇ ਜਿੱਤ ਪ੍ਰਾਪਤ ਕੀਤੀ ਅਤੇ ਆਪ ਜੀ ਨੇ ਪੂਰਨ ਮਨੁੱਖ ਬਨਾਉਣ ਦਾ ਕਾਰਜ ਪਹਿਲੇ ਜਾਮੇ ਤੋਂ ਹੀ ਸ਼ੁਰੂ ਕਰ ਦਿੱਤਾ ਅਤੇ ਅੱਜ ਤਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਜਗਤ ਗੁਰੂ ਲੋਕ ਪਰਲੋਕ ਦੇ ਰਖਿਅਕ, ਕ੍ਰਿਪਾ ਦੇ ਖ਼ਜ਼ਾਨੇ ਇਸ ਕਾਰਜ ਭਾਵ ਪੂਰਨ ਮਨੁੱਖ ਬਣਨ ਵਾਸਤੇ ਸੰਸਾਰ ਦੇ ਹਰ ਕੋਨੇ ਵਿਚ ਉਪਦੇਸ਼ ਬਖ਼ਸ਼ ਰਹੇ ਹਨ ਅਤੇ ਜਿਹੜਾ ਮਨੁੱਖ ਭਾਵੇਂ ਉਹ ਕਿਸੇ ਦੇਸ਼ ਦਾ ਵਾਸੀ ਹੈ ਜਾਂ ਦੁਨਿਆਵੀ ਤੌਰ ਤੇ ਕਿਸੇ ਵੀ ਜਾਤ-ਪਾਤ ਨਾਲ ਸੰਬੰਧਤ ਹੈ ਅਗਰ ਉਹ ਆਪਣੇ ਅਧੂਰੇ ਪੁਨੇ ਤੋਂ ਪੂਰਨ ਮਨੁੱਖ ਬਣਨਾ ਚਾਹੁੰਦਾ ਹੈ ਤਾਂ ਖੰਡੇ ਬਾਟੇ ਦਾ ਅੰਮ੍ਰਿਤ ਪੰਜਾਂ ਪਿਆਰਿਆਂ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਸੀਸ ਭੇਟ ਕਰ ਕੇ ਛਕੇ ਤੇ ਪੂਰਨ ਮਨੁੱਖ ਦੀ ਮੋਹਰ ਲਗਾਵੇ, ਪਰਮਾਤਮਾ ਦਾ ਖ਼ਾਸ ਰੂਪ ਬਣੇ ਜੈਸਾ ਕਿ:-

*ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹਉ ਕਰਉ ਨਿਵਾਸ॥*

# ਜੀਵਨ ਦਾ ਉਪਦੇਸ਼

ਸਤਿਕਾਰ ਯੋਗ ਸਤਿਗੁਰਾਂ ਦੀ ਸਾਜੀ ਅਤੇ ਨਿਵਾਜੀ ਸਾਧ ਸੰਗਤ ਜੀ ਤੁਸੀਂ ਬੜੇ ਭਾਗਾਂ ਵਾਲੇ ਹੋ। ਜੋ ਸਤਿਗੁਰਾਂ ਦੀ ਪਾਵਨ ਅਤੇ ਪਵਿੱਤਰ ਗੁਰਬਾਣੀ ਸੁਨਣ ਵਾਸਤੇ ਇਕੱਤਰ ਹੋਏ ਹੋ ਆਪ ਜੀ ਨੂੰ ਪਤਾ ਹੈ ਕਿ ਧੰਨ ਗੁਰੂ ਨਾਨਕ ਦੇਵ ਜੀ ਭੋਲੀ ਭਾਲੀ ਦੁਨੀਆਂ ਨੂੰ ਜ਼ਾਲਮ ਜਰਵਾਣਿਆਂ ਤੇ ਪਖੰਡੀ ਪੰਡਤ, ਮੁਲਾਣੇ, ਮਤਲਬ-ਪ੍ਰਸਤੀ ਲੋਕਾਂ ਤੋਂ ਅਜ਼ਾਦ ਕਰਾਉਣ ਵਾਸਤੇ, ਸੱਚ ਦਾ ਮਾਰਗ ਦੱਸਣ ਵਾਸਤੇ ਇਸ ਧਰਤੀ ਤੇ ਆਏ, ਅੱਜ ਉਹੀ ਲੋਕ ਉਹਨਾਂ ਖੁਦਗਰਜਾ ਦੀ ਸੋਚ ਅਨੁਸਾਰ ਹੀ ਅਪਣਾ ਜੀਵਨ ਬਤੀਤ ਕਰਨ ਲਗ ਪਏ ਹਨ। ਗੁਰੂ ਨਾਨਕ ਦੇਵ ਜੀ ਨੇ ਸਰਬ ਲੋਕਾਈ ਨੂੰ ਸ਼ਬਦ ਦਾ ਪੁਜਾਰੀ ਬਣਾਇਆ। ਹਰ ਇਕ ਪ੍ਰਾਣੀ ਨੂੰ ਅਕਾਲ ਪੁਰਖ ਪ੍ਰਮੇਸ਼ਰ ਦੇ ਸਿਮਰਨ ਵਾਸਤੇ ਪ੍ਰੇਰਤ ਕੀਤਾ ਜਿਸ ਤਰ੍ਹਾਂ ਗੁਰਬਾਣੀ ਦਾ ਫ਼ੁਰਮਾਣ ਹੈ:-

*"ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ੧॥"* *(ਪੰਨਾ ੧੨)*

ਭਾਵ ਕਿ ਐ ਮਨੁੱਖ ! ਅਗਰ ਤੇਰੀ ਜ਼ਿੰਦਗੀ ਵਿਚ ਸਤਿਸੰਗਤ ਨਹੀਂ, ਅਗਰ ਤੇਰੀ ਜ਼ਿੰਦਗੀ ਵਿਚ ਹਰੀ ਪਰਮੇਸ਼ਰ, ਅੱਲਾ, ਵਾਹਿਗੁਰੂ ਨਹੀਂ। ਔਰ ਅਗਰ ਤੇਰੀ ਜ਼ਿੰਦਗੀ ਵਿਚ ਦਇਆ, ਧਰਮ, ਸੰਤੋਖ ਨਹੀਂ ਤਾਂ ਇਨ੍ਹਾਂ ਸਭ ਤੋਂ ਇਲਾਵਾ ਤੇਰੀ ਜ਼ਿੰਦਗੀ ਵਿਚ ਹੋਰ ਕਿਸੇ ਨੇ ਵੀ ਕੰਮ ਨਹੀਂ ਆਉਣਾ।

*"ਅਵਰਿ ਕਾਜ ਤੇਰੈ ਕਿਤੈ ਨ ਕਾਮ"*

ਭਾਵ ਕਿ ਜਿਹੜਾ ਕੰਮ ਤੁਹਾਨੂੰ ਪ੍ਰਭੂ-ਪਰਮੇਸ਼ਰ ਤੋਂ ਦੂਰ ਕਰ ਦੇਵੇ, ਉਸ ਕੰਮ ਦਾ ਤੁਹਾਡੇ ਵਾਸਤੇ ਕੋਈ ਫ਼ਾਇਦਾ ਨਹੀਂ। ਕਬੀਰ ਜੀ ਵੀ ਫ਼ੁਰਮਾਉਂਦੇ ਹਨ ਕਿ ਐ ਮਨੁੱਖ ! ਇਸ ਤਰ੍ਹਾਂ ਦਾ ਬੀਅ ਬੀਜ ਜਿਹੜਾ ਕਿ ਇਸ ਧਰਤੀ ਦੇ ਉੱਪਰ 12 ਮਹੀਨੇ ਤੱਕ ਰਹੇ। ਔਰ ਇਸ ਤਰ੍ਹਾਂ ਦਾ ਬੀਅ ਬੀਜ ਜਿਸ ਦੇ ਵੱਢਣ ਉਪਰੰਤ ਸਾਨੂੰ ਕੋਈ ਮੁਸ਼ਕਿਲ ਨਾ ਹੋਵੇ। ਕਿਉਂਕਿ ਜਿਸ ਤਰ੍ਹਾਂ ਦਾ ਬੀਜ ਬੀਜੇਂਗਾ, ਉਸੇ ਤਰ੍ਹਾਂ ਦਾ ਹੀ ਤੈਨੂੰ ਫਲ ਪ੍ਰਾਪਤ ਹੋਵੇਗਾ।

*ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ॥* *(ਪੰਨਾ ੧੩੭੬)*

ਜਿੰਨਾਂ ਚਿਰ ਤੈਨੂੰ ਗੁਰੂ ਦੀ ਬਾਣੀ ਦਾ ਅਸਰ ਨਹੀਂ, ਜਿੰਨਾਂ ਚਿਰ ਤੈਨੂੰ ਗੁਰੂ ਦੀ ਬਾਣੀ ਦੀ ਕਥਾ ਦਾ ਅਸਰ ਨਹੀਂ ਔਰ ਗੁਰੂ ਦੇ ਜਿਹੜੇ ਅਧਿਆਤਮਕ ਕੌਤਕ ਹਨ, ਅਗਰ ਤੈਨੂੰ ਉਸ ਦਾ ਵੀ ਅਸਰ ਨਹੀਂ ਤਾਂ "ਗੁਰੂ ਗੋਬਿੰਦ ਸਿੰਘ" ਮਹਾਰਾਜ ਤਾਂ ਪੂਰਨ ਗੁਰੂ ਸਨ, ਉਹਨਾਂ ਨੂੰ ਤੇ ਗੁੱਸਾ-ਗਿੱਲਾ ਕੋਈ ਵੀ ਨਹੀਂ ਸੀ। ਚਾਰ ਪੁੱਤਰ ਉਹਨਾਂ ਨੇ ਧਰਮ ਲਈ ਕੁਰਬਾਨ ਕਰ ਦਿੱਤੇ। ਔਰ ਆਪਣੇ ਪਿਤਾ ਨੂੰ ਭੇਜ ਦਿੱਤਾ "ਹਿੰਦੂ ਧਰਮ" ਬਚਾਉਣ ਵਾਸਤੇ ਤੇ ਆਪ ਜੀ ਨੂੰ ਜਦੋਂ ਪਤਾ ਲੱਗਾ ਕਿ ਆਪ ਜੀ ਦੇ ਦੋ ਪੁੱਤਰ ਸਰਹੰਦ ਦੀਆਂ ਕੰਧਾਂ ਵਿਚ ਚਿਣਵਾ ਦਿਤੇ ਗਏ ਤਾਂ ਵੀ ਕੋਈ ਦੁੱਖ ਪ੍ਰਗਟ ਨਹੀਂ ਕੀਤਾ ਬਲਕਿ ਵਾਹਿਗੁਰੂ ਦਾ ਸ਼ੁਕਰ ਕੀਤਾ ਤੇ ਜੈ ਕਾਰਾ ਵੀ ਛੱਡਿਆ। ਹੁਣ ਜੇਕਰ ਅਸੀਂ ਕਹੀਏ ਕਿ ਉਹ ਗੁਰੂ ਸਨ, ਉਹ ਅਵਤਾਰ ਸਨ ਤਾਂ ਫਿਰ ਕੀ ਹੋਇਆ? ਲੇਕਿਨ ਉਹਨਾਂ ਜੋ ਕੁਝ ਵੀ ਧਰਮ ਦੀ ਖ਼ਾਤਿਰ ਕੀਤਾ, ਸਾਨੂੰ ਸਾਰਿਆਂ ਨੂੰ ਸਿਖਾਉਣ ਵਾਸਤੇ ਕੀਤਾ।

ਐ ਦੁਨੀਆਂ ਦੇ ਲੋਕੋ ! ਅਗਰ ਤੁਸੀਂ ਇਸ ਸੰਸਾਰ ਤੇ ਆਏ ਹੋ ਤਾਂ ਇਸ ਜ਼ਿੰਦਗੀ ਦੇ ਵਿਚੋਂ ਕੁਝ ਉਪਦੇਸ਼ ਲੈ ਲਵੋ। ਤੁਹਾਨੂੰ ਪਤਾ ਲੱਗ ਜਾਵੇ ਕਿ ਜੀਉਣਾ ਕਿਸ ਤਰ੍ਹਾਂ ਹੈ ਧਰਮ ਦੀ ਖਾਤਿਰ। ਔਰ 'ਧਰਮ ਦੀ ਖ਼ਾਤਿਰ' ਮਰਨਾ ਵੀ ਕਬੂਲ ਕਰ ਲਵੋ। ਲੇਕਿਨ ਅਸੀਂ ਕਹੀਏ ਕਿ ਅਸੀਂ ਇਹ ਸਭ ਰਿਸ਼ਤੇ ਮਾਂ, ਭੈਣ, ਧੀਅ ਦੇ ਕਿਸ ਤਰ੍ਹਾਂ ਛੱਡ ਦੇਈਏ? ਸਾਨੂੰ ਤਾਂ ਜੋ ਸਮਾਂ ਅਕਾਲ-ਪੁਰਖ ਨੇ ਬਖ਼ਸ਼ਿਆ ਹੈ, ਉਹ ਹੀ ਸਾਡੇ ਵਾਸਤੇ ਠੀਕ ਹੈ। ਇਹ ਸਰੀਰ ਅਪਵਿੱਤਰ ਹੈ ਸੇਵਾ ਅਤੇ ਸੰਗਤ ਤੋਂ ਬਿਨਾਂ। ਇਸ ਲਈ ਪਰਮੇਸ਼ਰ ਅੱਗੇ ਬੇਨਤੀ ਕਰਿਆ ਕਰੋ ਕਿ ਸਾਨੂੰ ਆਪਣੇ ਚਰਨਾਂ ਨਾਲ ਲਾ ਕੇ ਰੱਖੋ। ਸਾਨੂੰ ਆਪਣੇ ਨਾਲ ਮੇਲ ਕੇ ਰੱਖੋ, ਕਿਉਂਕਿ ਸਾਰੇ ਹੈ ਹੀ ਪਰਮੇਸ਼ਰ ਦੇ ਰੂਪ। ਜਿਸ ਤਰ੍ਹਾਂ ਸਾਗਰ ਦਾ ਪਾਣੀ ਜਿੰਨਾਂ ਚਿਰ ਅਲੱਗ ਹੈ ਤਾਂ ਅਸੀਂ ਕਹਿ ਦੇਂਦੇ ਹਾਂ ਕਿ ਇਹ ਅਲੱਗ ਦਰਸਾਉਂਦਾ ਹੈ। ਅਸੀਂ ਇਸ ਨੂੰ ਨਦੀ ਕਹਿ ਦੇਂਦੇ ਹਾਂ, ਅਸੀਂ ਇਸ ਨੂੰ ਬੁਲਬੁਲਾ ਕਹਿ ਦੇਂਦੇ ਹਾਂ, ਅਸੀਂ ਉਸ ਨੂੰ ਲਹਿਰਾਂ ਵੀ ਕਹਿ ਦੇਂਦੇ ਹਾਂ। ਪਰ ਹੈ ਤਾਂ ਉਹ ਸਾਗਰ ਦੇ ਹੀ ਅੰਸ਼ ਹਨ। ਕੋਈ ਵੀ ਪਾਣੀ ਹੈ, ਭਾਵੇਂ ਪਹਾੜਾਂ ਉੱਤੇ ਬਰਫ਼ ਬਣੀ ਹੋਈ ਹੈ, ਲੇਕਿਨ ਜਦੋਂ ਉਹ ਢਲੇਗੀ ਤੇ ਸਾਗਰ ਦਾ ਹੀ ਅੰਸ਼ ਬਣੇਗੀ। ਪਰ ਉਨਾਂ ਚਿਰ ਉਹਨਾਂ ਦਾ ਨਾਮ ਅਲੱਗ ਰਹੇਗਾ, ਜਿੰਨਾਂ ਚਿਰ ਉਹ ਸਾਗਰ ਵਿੱਚ ਅਭੇਦ ਨਹੀਂ ਹੋ ਜਾਂਦੀਆਂ। ਇਸੇ ਤਰ੍ਹਾਂ ਬਾਕੀ ਦੇ ਵੀ ਜੀਵ-ਜੰਤੂ, ਪਹਾੜ, ਪੱਤੇ, ਇਹ ਵੀ ਸਾਰੇ ਕੁਦਰਤ ਦੇ ਹੀ ਅੰਸ਼ ਹਨ। ਇਸੇ ਤਰ੍ਹਾਂ ਮਨੁੱਖ ਵੀ ਪਰਮੇਸ਼ਰ ਤੋਂ ਅਲੱਗ ਹਨ, ਲੇਕਿਨ ਉਨੀ ਦੇਰ ਤੱਕ ਜਿੰਨਾਂ ਚਿਰ ਤੱਕ ਉਹ ਆਪਣੇ ਆਪ ਨੂੰ ਪਰਮੇਸ਼ਰ ਦਾ ਅੰਸ਼ ਨਹੀਂ ਸਮਝ ਲੈਂਦੇ।

"ਗੁਰੂ ਅਰਜਨ ਦੇਵ ਮਹਾਰਾਜ ਜੀ" ਰਾਗ ਮਾਝ ਬਾਰਹ ਮਾਹਾ ਦੇ ਨਿਰਦੇਸ਼ਕ ਵਸਤੂ ਮੰਗਲ ਕਰਕੇ ਮੰਗਲਾ ਚਰਨ ਕਰਦੇ ਹਨ। ਜਿਹੜਾ ਕਿ ਇਹ ਕਹਿੰਦਾ ਹੈ ਕਿ ਮਨ ਸਾਫ਼ ਹੋਣਾ ਚਾਹੀਦਾ ਹੈ ਤੇ ਗੁਰਦੁਆਰੇ ਸਾਹਿਬ ਜਾਣ ਦੀ ਕੀ ਲੋੜ ਹੈ? ਮਨ ਸਾਫ਼ ਚਾਹੀਦਾ ਹੈ, ਇਸ ਲਈ ਅੰਮ੍ਰਿਤ ਛਕਣ ਦੀ ਕੀ ਲੋੜ ਹੈ? ਮਨ ਸਾਫ਼ ਹੋਣਾ ਚਾਹੀਦਾ ਹੈ, ਇਸ ਲਈ

ਸਤਿਸੰਗਤ ਕਰਨ ਦੀ ਕੀ ਲੋੜ ਹੈ? ਮਨ ਸਾਫ਼ ਹੋਣਾ ਚਾਹੀਦਾ ਹੈ, ਇਸ ਲਈ ਅੰਮ੍ਰਿਤ ਵੇਲੇ ਉੱਠ ਕੇ ਬਾਣੀ ਪੜ੍ਹਨ ਦੀ ਵੀ ਕੀ ਲੋੜ ਹੈ? ਮਨ ਪਵਿੱਤਰ ਹੋਣਾ ਚਾਹੀਦਾ ਹੈ, ਇਸ ਲਈ ਸੇਵਾ ਕਰਨ ਦੀ ਤੇ ਸਿਮਰਨ ਕਰਨ ਦੀ ਕੀ ਲੋੜ ਹੈ? ਲੇਕਿਨ ਗੁਰੂ ਸਾਹਿਬਾਂ ਦਾ ਇਹ ਕਹਿਣਾ ਹੈ ਕਿ ਭਾਵੇਂ ਜਿੰਨਾਂ ਮਰਜ਼ੀ ਆਪ ਮਨ ਸਾਫ਼, ਪਵਿੱਤਰ ਰਖੋ, ਲੇਕਿਨ ਜਿੰਨਾਂ ਚਿਰ ਤੁਸੀਂ ਗੁਰੂਆਂ ਦੇ ਉਦੇਸ਼ਾਂ 'ਤੇ, ਉਹਨਾਂ ਦੇ ਦੱਸੇ ਹੋਏ ਰਾਹਾਂ 'ਤੇ ਨਹੀਂ ਚਲੋਗੇ, ਉਨਾਂ ਚਿਰ ਤੁਸੀਂ ਕਿਸੇ ਪ੍ਰਕਾਰ ਦੀ ਵੀ ਪ੍ਰਾਪਤੀ ਨਹੀਂ ਕਰ ਸਕੋਗੇ। ਭਾਵੇਂ ਉਹ ਪ੍ਰਾਪਤੀ ਸੰਗਤ ਦੀ ਹੋਵੇ ਤੇ ਭਾਵੇਂ ਉਹ ਪ੍ਰਾਪਤੀ ਪ੍ਰਭੂ-ਪਰਮੇਸ਼ਰ ਦੀ ਹੀ ਕਿਉਂ ਨਾ ਹੋਵੇ?

(੧)........."ੴ ਸਤਿਗੁਰ ਪ੍ਰਸਾਦਿ॥"

'ੴ' ਤੋਂ ਭਾਵ ਹੈ ਕਿ ਇਹ ਇਕ ਅਨੋਖੀ ਸ਼ਕਤੀ ਹੈ। ਇਹ ਸਰਬ-ਵਿਆਪਕ ਹੈ ਤੇ ਸਾਰਿਆਂ ਵਿਚ ਰਮਿਆਂ ਹੋਇਆ ਹੈ। 'ਸਤਿਗੁਰ' ਤੋਂ ਭਾਵ ਹੈ ਕਿ ਚੇਤਨ ਦਾ ਸਰੂਪ ਹੈ ਔਰ 'ਪ੍ਰਸਾਦਿ' ਜਿਹੜਾ ਅਨੰਦ ਸਰੂਪ ਜਾਂ ਬਖ਼ਸ਼ਿਸ਼ ਸਰੂਪ ਹੈ।

(੨)......."ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥.." *(ਪੰਨਾ ੧੩੩)*

ਜਿਹੜਾ ਕਹਿੰਦਾ ਹੈ ਹਿਰਦਾ ਸ਼ੁਧ ਹੋਣਾ ਚਾਹੀਦਾ ਹੈ ਤੇ ਫਿਰ ਸਾਨੂੰ ਇਹ ਕੀ ਕਰਨ ਦੀ ਲੋੜ ਹੈ। ਭਾਈ ਕਰਤਾਰ ਸਿੰਘ ਜੀ ਕਹਿੰਦੇ ਕਿ ਅਗਰ ਸਾਡਾ ਮਨ ਸ਼ੁਧ ਹੁੰਦਾ ਤਾਂ ਫਿਰ ਅਸੀਂ ਉਸ ਅਕਾਲ-ਪੁਰਖ ਤੋਂ ਵਿੱਛੜਦੇ ਹੀ ਨਾ। ਸਾਡੇ ਵਿੱਛੜਨ ਦਾ ਕਾਰਣ ਹੀ ਇਹ ਹੈ ਕਿ ਸਾਡੇ ਮਨ ਵਿਚ ਮੈਲ ਆ ਗਈ ਹੈ। ਭਾਵ ਕਿ ਸਾਡਾ ਹਿਰਦਾ ਅਪਵਿੱਤਰ ਹੋ ਗਿਆ ਹੈ। ਤੇ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਣ ਹੈ ਕਿ ਅਕਾਲ-ਪੁਰਖ ਵਾਹਿਗੁਰੂ ! ਅਸੀਂ ਆਪਣੇ ਕਰਮਾਂ ਕਰਕੇ ਵਿੱਛੜ ਗਏ ਹਾਂ, ਇਸ ਲਈ ਕ੍ਰਿਪਾ ਕਰਕੇ ਸਾਨੂੰ ਰਾਮ ਨਾਲ ਮਿਲਾ ਦੇਵੋ।

*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥*

ਹੇ ਪਰਮੇਸ਼ਰ ਵਾਹਿਗੁਰੂ ! ਮੈਂ ਆਪ ਜੀ ਤੋਂ ਬਗ਼ੈਰ ਅਨੇਕਾਂ ਜਗਹ ਘੁੰਮ ਕੇ ਵੇਖ ਲਈਆਂ ਹਨ, ਲੇਕਿਨ ਮੈਨੂੰ ਆਪ ਜੀ ਤੋਂ ਬਿਨਾਂ ਕਿਤੇ ਵੀ ਚੈਨ ਨਹੀਂ:-

*"ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥"*

ਗੁਰੂ ਤੋਂ ਬਿਨਾਂ ਸਾਨੂੰ ਕੋਈ ਵੀ ਚੀਜ਼ ਦੀ ਪ੍ਰਾਪਤੀ ਨਹੀਂ ਹੋ ਸਕਦੀ। ਔਰ ਜਿਨ੍ਹਾਂ ਨੇ ਅਜੇ ਤੱਕ ਗੁਰੂ ਨਹੀਂ ਧਾਰਨ ਕੀਤਾ, ਉਹ ਹੈ ਹੀ ਨਿਗੁਰਾ। "ਭਗਤ ਨਾਮਦੇਵ ਜੀ" ਨੇ ਪਰਮੇਸ਼ਰ ਤੋਂ ਇਕ ਬਚਨ ਮੰਗਿਆ ਸੀ ਕਿ ਹੇ ਹਰੀ ਨਰਾਇਣ ਠਾਕੁਰ। ਤੂੰ ਕੀਤੀ ਹੈ ਮੇਰੇ ਤੇ ਕ੍ਰਿਪਾ ਤੇ ਰੱਬ ਦਾ ਵਾਸਤਾ ਹੁਣ ਮੈਂ ਤੇਰੇ ਚਰਨਾਂ 'ਤੇ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਜਿਹੜੇ ਤੈਨੂੰ ਯਾਦ ਨਹੀਂ ਕਰਦੇ, ਉਹਨਾਂ ਦਾ ਦਰਸ਼ਨ ਨਾ ਕਰਾਂ। ਭਗਤ ਨਾਮਦੇਵ ਜੀ ਕਹਿਣ ਲੱਗੇ ਮੈਨੂੰ *ਜੋ ਨ ਭਜੰਤੇ ਨਾਰਾਇਣਾ॥ ਤਿਨ ਕਾ ਮੈ ਨ ਕਰਉ ਦਰਸਨਾ॥* ਉਹਨਾਂ ਦੇ ਮੱਥੇ ਨਾ ਲਾਈਂ। ਕਿਉਂਕਿ ਪਰਮੇਸ਼ਰ ਤੋਂ ਬਿਨਾਂ ਕਿਸੇ ਵੀ ਚੀਜ਼ ਦੀ ਪ੍ਰਾਪਤੀ ਨਹੀਂ।

ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਸਤਿਗੁਰ ਜੀ ! ਜਿੰਨਾਂ ਚਿਰ ਤੁਹਾਡੀ ਪ੍ਰਾਪਤੀ ਨਹੀਂ, ਉਨਾਂ ਚਿਰ ਪਤੀ-ਪਰਮੇਸ਼ਰ ਵਾਹਿਗੁਰੂ ਦੀ ਵੀ ਪ੍ਰਾਪਤੀ ਨਹੀਂ। ਫਿਰ ਕਹਿੰਦੇ ਕਿ ਤੁਹਾਡੇ ਤੋਂ ਬਿਨਾਂ ਸਾਨੂੰ ਕੋਈ ਆਸਰਾ ਨਹੀਂ ਮਿਲ ਸਕਦਾ।

ਸਤਿਗੁਰ ਜੀ, ਨਾਮ ਤੋਂ ਬਿਨਾਂ, ਖੰਡੇ-ਬਾਟੇ ਦੇ ਅੰਮ੍ਰਿਤ ਤੋਂ ਬਿਨਾਂ, ਸਿਮਰਨ ਤੋਂ ਬਿਨਾਂ ਸਾਰੇ ਸ਼ਿੰਗਾਰ ਕੀਤੇ ਹੋਏ ਵਿਅਰਥ ਹਨ। ਹੇ ਅਕਾਲ-ਪੁਰਖ ਵਾਹਿਗੁਰੂ ਜੀ ! ਜਿਹੜੀ ਜੀਵ-ਰੂਪੀ ਇਸਤਰੀ ਪ੍ਰਭੂ-ਪਿਆਰੇ ਸੰਤ ਤੋਂ ਬਗੈਰ ਹੈ, ਉਸ ਦੇ ਬਾਕੀ ਦੇ ਸਾਕ, ਮਿੱਤਰ, ਸਖੀ-ਸਹੇਲੀ ਕਿਸੇ ਵੀ ਰਿਸ਼ਤੇ ਵਿਚ ਨਹੀਂ ਆਉਂਦੇ। ਇਸ ਲਈ ਸਤਿਗੁਰ ਜੀ, ਕ੍ਰਿਪਾ ਕਰਕੇ ਨਾਮ ਦੀ ਦਾਤ ਬਖ਼ਸ਼ੋ।

*"ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥*
*ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥"* (ਪੰਨਾ ੭੬੨)

ਹੇ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ! ਜਿਹੜੇ ਸੰਤ ਜਨਾਂ ਨੇ ਆਪਣੇ ਪਤੀ ਦੀ ਪ੍ਰਾਪਤੀ ਕਰ ਲਈ ਹੈ, ਸੰਸਾਰ ਤੇ ਆਉਣਾ ਉਹਨਾਂ ਦਾ ਹੀ ਸਫਲਾ ਹੈ।

"ਗੁਰੂ ਅਰਜਨ ਦੇਵ ਜੀ" ਬਚਨ ਫ਼ੁਰਮਾਉਂਦੇ ਹਨ,

*"ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥"*

'ਪਾਇਆ' ਤੋਂ ਭਾਵ ਕਿ ਜਿਨ੍ਹਾਂ ਨੇ ਪ੍ਰਾਪਤ ਕਰ ਲਿਆ। ਅਰਥਾਤ ਜਿਨ੍ਹਾਂ ਨੂੰ ਪ੍ਰਭੂ-ਪਰਮੇਸ਼ਰ ਦੀ ਪ੍ਰਾਪਤੀ ਹੋ ਗਈ, ਉਹਨਾਂ ਦਾ ਹੀ ਆਉਣਾ ਸਫਲ ਹੈ। ਹੁਣ ਦੂਜੇ ਪਾਸੇ ਗੁਰੂ ਅਰਜਨ ਦੇਵ ਜੀ ਕ੍ਰਿਪਾ ਕਰਦੇ ਹਨ ਕਿ ਐ ਮਨੁੱਖ ! ਐ ਜੀਵ ਉਸ ਪਰਮੇਸ਼ਰ ਤੋਂ ਇਕ-ਖਿਣ ਮਾਤਰ ਵੀ ਵਿੱਛੜ ਨਾ। ਔਰ ਜਿਹੜੇ ਵਿਛੱੜ ਗਏ ਨੇ-

*"ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥*
*ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥"* (ਪੰਨਾ ੧੩੩)

ਗੁਰੂ ਅਰਜਨ ਦੇਵ ਜੀ ਅਕਾਲ-ਪੁਰਖ ਪਰਮੇਸ਼ਰ ਦੀ ਹੋਂਦ ਨੂੰ ਪ੍ਰਗਟਾਉਂਦੇ ਹਨ। ਜਲ, ਅਕਾਸ਼ ਤੇ ਮਹੀਅਲ ਭਾਵ ਇਹ ਮਾਤ ਲੋਕ। ਜਿਸ ਨੇ ਵੀ ਪਰਮੇਸ਼ਰ ਦਾ ਨਾਮ ਜੱਪ ਲਿਆ, ਉਸ ਦੇ ਭਾਗ ਬਹੁਤ ਹੀ ਚੰਗੇ ਹਨ। ਤੇ ਗੁਰੂ ਜੀ ਕਹਿੰਦੇ ਹਨ ਕਿ ਹੇ ਅਕਾਲ-ਪੁਰਖ ਵਾਹਿਗੁਰੂ ! ਮੈਨੂੰ ਵੀ ਆਪ ਜੀ ਦੇ ਹੀ ਦਰਸ਼ਨਾਂ ਦੀ ਪਿਆਸ ਹੈ। ਅਗੇ ਹੋਰ ਫ਼ੁਰਮਾਣ ਕਰਦੇਹਨ:-

*"ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥"*

ਕਹਿੰਦੇ ਹਨ ਇਸ ਚੇਤ ਦੇ ਮਹੀਨੇ ਵਿਚ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੀ ਪ੍ਰਾਪਤੀ ਉਹਨਾਂ ਨੂੰ ਹੋ ਜਾਏਗੀ, ਜਿਹੜਾ ਕਿ ਇਸ ਪਾਵਨ-ਪਵਿੱਤਰ ਉਪਦੇਸ਼ ਨੂੰ ਆਪਣੇ ਹਿਰਦੇ ਦੇ ਅੰਦਰ ਪੱਕਾ ਵਸਾ ਲਵੇਗਾ। ਹੁਣ ਜਿਹੜਾ ਅੰਮ੍ਰਿਤ ਵੇਲੇ ਉੱਠ ਕੇ ਅਕਾਲ-ਪੁਰਖ

ਪਰਮੇਸ਼ਰ ਵਾਹਿਗੁਰੂ ਦੀ ਅਰਾਧਨਾ ਕਰੇਗਾ ਤੇ ਕੀ ਪ੍ਰਭੂ ਉਸ ਪਿਆਰੇ ਨੂੰ ਆਪਣੇ ਹਿਰਦੇ ਵਿਚੋਂ ਵਿਸਾਰ ਦੇਵੇਗਾ? ਨਹੀਂ, ਜਿਸ ਤਰ੍ਹਾਂ ਅਸੀਂ ਆਪਣੇ ਪਰਿਵਾਰ ਨੂੰ ਨਹੀਂ ਵਿਸਾਰ ਸਕਦੇ। ਉਸੇ ਤਰ੍ਹਾਂ ਪ੍ਰਭੂ ਵੀ ਆਪਣੇ ਭਗਤਾਂ ਨੂੰ ਵਿਸਾਰ ਨਹੀਂ ਸਕਦਾ।

*"ਤਿਸ ਕੈ ਪਾਇ ਲਗਾ"*

ਤੇ ਅਗਲੀਆਂ ਪੰਗਤੀਆਂ ਵਿੱਚ ਵਡਿਆਈਆਂ ਦਿੰਦੇ ਹਨ ਕਿ ਜਿਨ੍ਹਾਂ ਦੇ ਹਿਰਦੇ 'ਤੇ ਅਕਾਲ-ਪੁਰਖ ਵਾਹਿਗੁਰੂ ਦੀ ਕ੍ਰਿਪਾ ਹੋ ਗਈ ਤੇ ਜਿਹੜੇ ਹੱਥਾਂ ਪੈਰਾਂ ਦੇ ਨਾਲ ਕਾਰੋਬਾਰ ਕਰਦੇ ਹਨ। ਪਰ ਮਨ ਕਰਕੇ ਉਹ ਹਮੇਸ਼ਾ ਹੀ ਗੁਰੂ ਦੀ ਹਜ਼ੂਰੀ ਵਿਚ ਰਹਿੰਦੇ ਹਨ, ਇਸ ਲਈ ਉਹ ਕਦੀ ਵੀ ਡਗਮਗਾਉਣਗੇ ਨਹੀਂ। ਤੇ ਉਹਨਾਂ ਦੀ ਵਡਿਆਈ ਸਤਿਗੁਰੂ ਜੀ ਬਾਣੀ ਅੰਦਰ ਇਸ ਤਰ੍ਹਾਂ ਕਰਦੇ ਹਨ:-

*"ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥"* *(ਪੰਨਾ ੩੦੬)*

ਤੇ ਕੁੰਜੀ ਬਾਣੀ ਦਾ ਇਹ ਫ਼ੈਸਲਾ ਹੈ ਕਿ:

*"ਮਸਤਕ ਲਗੇ ਸਾਧ ਰੇਣੁ ਵਡਭਾਗਿ ਜਿਨ੍ਹਾਂ ਦੇ।"*

*(ਵਾਰ ੯, ਪਉੜੀ ੧੮)*

ਭਗਤ ਕਬੀਰ ਜੀ ਨੂੰ ਵੀ ਜੇਕਰ ਪੁੱਛੀਏ ਤਾਂ ਉਹ ਫ਼ੁਰਮਾਉਂਦੇ ਹਨ:

*ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ॥*

*(ਪੰਨਾ ੧੩੬੭)*

ਜਿਸਦੀ ਵੀ ਤੁਸੀਂ ਸਵੇਰ ਤੋਂ ਲੈ ਕੇ ਅਰਾਧਨਾ ਕਰਦੇ ਹੋ, ਉਸ ਦੀ ਤੁਸੀਂ ਸੁੱਤੇ ਹੋਇਆਂ ਵੀ ਅਰਾਧਨਾ ਕਰਿਆ ਕਰੋ। ਇਹ ਸਰੀਰ ਹੈ ਹੀ ਸਿਮਰਨ ਕਰਨ ਵਾਸਤੇ। ਇਹ ਜ਼ਿੰਦਗੀ ਮਿਲੀ ਹੈ ਪ੍ਰਭੂ ਦੀ ਅਰਾਧਨਾ ਕਰਨ ਵਾਸਤੇ। ਔਰ ਅਗਰ ਤੁਸੀਂ ਇਹ ਮੌਕਾ ਨਾ ਸੰਭਾਲਿਆ ਤੇ ਫਿਰ ਇਕ ਲੱਖ ਨਹੀਂ ਬਲਕਿ 84 ਲੱਖ ਜੂਨਾਂ ਵਿਚ ਪਤਾ ਨਹੀਂ ਤੁਸੀਂ ਇਹ ਜੂਨਾਂ ਕਿਸ ਤਰ੍ਹਾਂ ਭੁਗਤਾਉਗੇ? ਇਸ ਲਈ ਅਗਰ ਇਹਨਾਂ ਜੂਨਾਂ ਤੋਂ ਡਰ ਲੱਗਦਾ ਹੈ ਤਾਂ ਪ੍ਰਭੂ ਦੀ ਭਗਤੀ ਕਰ ਲੈਣਾ ਔਰ ਅਗਰ ਡਰ ਨਹੀਂ ਲੱਗਦਾ ਤਾਂ ਫਿਰ ਜੂਨਾਂ ਭੁਗਤਣ ਲਈ ਤੁਸੀਂ ਆਪ ਹੀ ਤਿਆਰ ਰਹਿਣਾ। ਇਸ ਲਈ ਤੁਸੀਂ ਸਾਰੇ ਪ੍ਰਭੂ ਪਰਮੇਸ਼ਰ ਦੀ ਭਗਤੀ ਵਿਚ ਆਪਣੇ ਆਪ ਨੂੰ ਲੀਨ ਕਰਨ ਦੀ ਕੋਸ਼ਿਸ਼ ਕਰੋ ਤਾਂ ਹੀ ਤੁਸੀਂ ਇਸ ਜੰਮਣ-ਮਰਨ ਦੇ ਗੇੜ ਤੋਂ ਮੁਕਤੀ ਪਾ ਸਕਦੇ ਹੋ।

ਸੋ ਜਿੰਨੇ ਵੀ ਗੁਰੂ ਦੀ ਹਜ਼ੂਰੀ ਵਿਚ ਜੁੜੇ ਹਨ "ਗੁਰੂ ਅਰਜੁਨ ਦੇਵ" ਮਹਾਰਾਜ ਜੀ ਕ੍ਰਿਪਾ ਕਰਨ ਕਿ ਇਹ ਪਾਵਨ ਪਵਿੱਤਰ ਜ਼ਿੰਦਗੀ ਦਾ ਤੇ ਧਰਮ ਦਾ ਉਪਦੇਸ਼ ਤੁਹਾਡੇ ਹਿਰਦਿਆਂ ਵਿਚ ਵੱਸੇ। ਕੋਈ ਪਤਾ ਨਹੀਂ ਸਾਡੇ ਜੀਵਾਂ ਦੇ ਵਿੱਚ ਗੁਰੂ ਗ੍ਰੰਥ ਸਾਹਿਬ ਨੇ ਕਦੋਂ

ਬਦਲਾਅ ਲਿਆ ਦੇਣਾ ਹੈ? ਕਦੋਂ ਅਸੀਂ ਮਨਮੁਖ ਤੋਂ ਗੁਰਮੁਖ ਬਣ ਜਾਣਾ ਹੈ? ਪਤਾ ਨਹੀਂ ਕਦੋਂ ਸਾਡੀ ਜ਼ਿੰਦਗੀ ਵਿਚ ਮੋੜ ਆ ਜਾਣਾ ਹੈ, ਜਿਸ ਮੋੜ ਵਿਚ ਅਸੀਂ ਹੱਸੀ-ਖ਼ੁਸ਼ੀ ਤੇ ਆਨੰਦ ਨਾਲ ਉਨ੍ਹਾਂ ਸੁੱਖਾਂ ਦੇ ਵਿਚ ਪ੍ਰਵੇਸ਼ ਹੋ ਜਾਣਾ ਹੈ, ਜਿਸ ਨਾਲ ਸਾਨੂੰ ਇਕ ਖਿਣ ਵੀ ਜ਼ਿੰਦਗੀ ਦਾ ਭਾਰ ਨਹੀਂ ਲੱਗੇਗਾ। ਔਰ ਜਿਸ ਦਿਨ ਸਾਨੂੰ ਨਾਮ ਦੀ ਪ੍ਰਾਪਤੀ ਹੋ ਗਈ, ਉਸ ਦਿਨ ਸਾਡਾ ਮਨ ਫੁੱਲ ਵਾਂਗੂੰ ਹਲਕਾ ਹੋ ਜਾਣਾ ਹੈ। ਕਿਉਂਕਿ ਅਕਾਲ ਪੁਰਖ ਪਰਮੇਸ਼ਰ ਵਾਹਿਗੁਰੂ ਆਪ ਦੁੱਖਾਂ ਤੋਂ ਰਹਿਤ ਹੈ ਕਿਉਂਕਿ ਉਹ ਆਪ ਸੁੱਖਾਂ ਦਾ ਖਜ਼ਾਨਾ ਹੈ। ਔਰ ਜਿਹੜਾ ਪਰਮੇਸ਼ਰ ਦਾ ਸਿਮਰਨ ਕਰਨ ਲੱਗ ਪਿਆ ਤੇ ਜੋ ਕੁਝ ਵੀ ਅਕਾਲ-ਪੁਰਖ ਪਰਮੇਸ਼ਰ ਦਾ ਹੈ, ਉਹ ਆਪਣੇ ਪਿਆਰਿਆਂ ਦੇ ਸਪੁਰਦ ਕਰ ਦਿੰਦਾ ਹੈ। ਤੇ ਜੇ ਅਸੀਂ ਸਦੀਵੀ ਸੁੱਖ, ਸਦੀਵੀਂ ਸ਼ਾਂਤੀ ਪ੍ਰਾਪਤ ਕਰਨੀ ਹੈ ਤਾਂ ਫਿਰ ਖੰਡੇ-ਬਾਟੇ ਦਾ ਛੱਕੋ ਅੰਮ੍ਰਿਤ। ਰਹਿਤਾਂ ਨੂੰ ਅਪਣਾਉ ਤੇ ਕੁਰਹਿਤਾਂ ਤੋਂ ਬਚੋ। ਨਿਗੁਰੇਪਨ ਦਾ ਕਲੰਕ ਆਪਣੇ ਮੱਥੇ ਤੋਂ ਹਟਾਉ। ਔਰ ਸਤਿਸੰਗਤ ਨੂੰ ਆਪਣੇ ਜੀਵਨ ਦਾ ਆਧਾਰ ਬਣਾਉ। ਔਰ ਪਰਮੇਸ਼ਰ ਨੂੰ ਆਪਣੇ ਜੀਵਨ ਦਾ ਬਣਾਉ ਅੰਗ, ਕਿਉਂਕਿ ਗੁਰੂ ਦੀ ਪ੍ਰਾਪਤੀ ਨਾਲ ਹੀ ਸਾਰੇ ਦੁੱਖਾਂ ਦਾ ਨਾਸ਼ ਹੋਣਾ ਹੈ ਤੇ ਸੁੱਖਾਂ ਦੀ ਪ੍ਰਾਪਤੀ ਹੋਣੀ ਹੈ।

ਕਿਉਂਕਿ ਅਸੀਂ ਵੀ ਪਰਮੇਸ਼ਰ ਦੀ ਹੀ ਅੰਸ਼ ਹਾਂ। ਜਿਸ ਤਰ੍ਹਾਂ ਮੱਛੀ ਦਾ ਪਾਣੀ ਤੋਂ ਬਗ਼ੈਰ ਜੀਉਣਾ ਮੁਸ਼ਕਿਲ ਹੈ। ਠੀਕ ਉਸੇ ਤਰ੍ਹਾਂ ਜਿਹੜਾ ਗੁਰੂ ਦਾ ਸਿਖ ਹੈ ਉਸ ਦਾ ਗੁਰੂ ਅਤੇ ਗੁਰਬਾਣੀ ਦੇ ਬਗ਼ੈਰ ਜੀਵਨ ਅਧੂਰਾ ਹੈ। ਸੋ ਸਾਨੂੰ ਵੀ ਮੱਛੀ ਦੀ ਤਰ੍ਹਾਂ ਜੀਵਨ ਬਣਾਉਣਾ ਚਾਹੀਦਾ ਹੈ ਜਿਸ ਤਰ੍ਹਾਂ ਮੱਛੀ ਪਾਣੀ ਤੋਂ ਬਗ਼ੈਰ ਨਹੀਂ ਰਹਿ ਸਕਦੀ ਗੁਰੂ ਦਾ ਸਿਖ ਗੁਰਬਾਣੀ ਤੋਂ ਬਗ਼ੈਰ ਨਹੀਂ ਰਹਿ ਸਕਦਾ।

ਸਤਿਗੁਰਾਂ ਦਾ ਫ਼ੁਰਮਾਣ ਹੈ:-

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥ ੧੨॥*

*(ਪੰਨਾ ੭੦੮)*

ਗੁਰਬਾਣੀ ਦੀ ਕੁੰਜੀ ਬਾਣੀ ਭਾਈ ਗੁਰਦਾਸ ਜੀ ਦੇ ਬਚਨ :-

*ਮਛੀ ਦੇ ਪਰਵਾਰ ਵਾਂਗਿ ਜੀਵਣਿ ਮਰਣਿ ਨ ਵਿਸਰੈ ਪਾਣੀ।*
*ਜਿਉ ਪਰਵਾਰੁ ਪਤੰਗ ਦਾ ਦੀਪਕ ਬਾਝੁ ਨ ਹੋਰ ਸੁ ਜਾਣੀ।*
*ਜਿਉ ਜਲ ਕਵਲੁ ਪਿਆਰੁ ਹੈ ਭਵਰ ਕਵਾਲ ਕੁਲ ਪ੍ਰੀਤਿ ਵਖਾਣੀ।*

ਬੂੰਦ ਬਬੀਹੇ ਮਿਰਗ ਨਾਦ ਕੋਇਲ ਜਿਉ ਫਲ ਅੰਬਿ ਲੁਭਾਣੀ।
ਮਾਨ ਸਰੋਵਰੁ ਹੰਸੁਲਾ ਓਹੁ ਅਮੋਲਕ ਰਤਨਾ ਖਾਣੀ।
ਚਕਵੀ ਸੂਰਜ ਹੇਤੁ ਹੈ ਚੰਦ ਚਕੋਰੈ ਚੋਜ ਵਿਡਾਣੀ।
ਗੁਰਸਿਖ ਵੰਸੀ ਪਰਮ ਹੰਸ ਸਤਿਗੁਰ ਸਹਜਿ ਸਰੋਵਰੁ ਜਾਣੀ।
ਮੁਰਗਾਈ ਨੀਸਾਣੁ ਨੀਸਾਣੀ॥ ੨੭॥

(ਭਾਈ ਗੁਰਦਾਸ ਜੀ, ਵਾਰ ੨੬)

"ਵਾਹਿਗੁਰੂ ਜੀ ਦਾ ਖਾਲਸਾ.......
ਵਾਹਿਗੁਰੂ ਜੀ ਦੀ ਫ਼ਤਹਿ॥"

❖❖❖

# ਸਭ ਤੋਂ ਵੱਡਾ ਰੋਗ ਕਿਹੜਾ ਹੈ?

*ਮੂਕ ਉਚਰੈ ਸਾਸਤ੍ਰ ਖਟ, ਪਿੰਗੁ ਗਿਰਨ ਚੜਿ ਜਾਇ॥*
*ਅੰਧ ਲਖੈ ਬਧਰੋ ਸੁਨੈ, ਜੌ ਕਾਲ ਕ੍ਰਿਪਾ ਕਰਾਇ ॥* (ਬਚਿਤ੍ਰ ਨਾਟਕ)

*ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥*
*ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ॥ ੧॥*
*ਮੈ ਹਰਿ ਹਰਿ ਨਾਮੁ ਧਰ ਸੋਈ॥*
*ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ ਮੈ ਤੁਝ ਬਿਨੁ ਅਵਰੁ ਨ ਕੋਈ॥ ੧॥ ਰਹਾਉ॥*

(ਪੰਨਾ ੭੩੫)

*ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ॥*
*ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ॥*

(ਪੰਨਾ ੭੩੬)

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਇਕ ਐਸਾ ਜੀਵਣ ਜੁਗਤੀ ਦਾ ਖ਼ਜ਼ਾਨਾ ਹੈ। ਜਿਸ ਵਿਚ ੧ੴ ਤੋਂ ਲੈ ਕਰਕੇ ਅਠਾਰਹ, ਦਸ, ਬੀਸ ਤੱਕ ਸਿਰਫ਼ ਗੁਰੂ ਅਤੇ ਪਰਮੇਸ਼ਰ ਦੇ ਨਾਮ ਦੀ ਵਡਿਆਈ ਹੈ। ਜਿਥੇ ਗੁਰੂ ਪ੍ਰਮੇਸ਼ਰ ਨਾਮ ਦੀ ਵਡਿਆਈ ਹੈ। ਉਥੇ ਨਾਮ ਜਪਣ ਅਤੇ ਜਪਾਉਣ ਵਾਲਿਆਂ ਦੀ ਵੀ ਪ੍ਰਸੰਸਾ ਕੀਤੀ ਹੈ।

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*

(ਪੰਨਾ ੩੦੬)

ਇਸ ਪਾਵਨ ਅਤੇ ਪਵਿੱਤਰ ਗੁਰਬਾਣੀ ਵਿਚ ਗੁਰ-ਇਤਿਹਾਸ ਵੀ ਦੱਸਿਆ ਗਿਆ ਹੈ।

ਗੁਰਮੁਖ ਪਿਆਰਿਓ ! ਜਿਨ੍ਹਾਂ ਉੱਤੇ ਅਕਾਲ-ਪੁਰਖ ਪਰਮੇਸ਼ਰ ਦੀ ਰਹਿਮਤ ਹੁੰਦੀ ਹੈ, ਉਹਨਾਂ ਨੂੰ ਕੀਮਤੀ ਸਤਿਸੰਗਤ ਦੀਆਂ ਘੜੀਆਂ ਪ੍ਰਾਪਤ ਹੁੰਦੀਆਂ ਹਨ। ਪਰ ਸਤਿਸੰਗਤ ਦੇ ਵਿਚ ਪੂਰਾ-ਪੂਰਾ ਲਾਭ ਤਾਂ ਹੀ ਲਿਆ ਜਾ ਸਕਦਾ ਹੈ, ਜੇ ਬਿਲਕੁਲ ਸ਼ਾਂਤ ਵਾਤਾਵਰਣ ਬਣਾਇਆ ਜਾ ਸਕੇ। ਮਨ-ਬਿਰਤੀ ਨੂੰ ਇਕਾਗਰ ਕਰਕੇ ਧਿਆਨ ਸੁਣਨ ਵਿਚ ਲਗਾਇਆ

ਜਾਵੇ। ਸਤਿਗੁਰਾਂ ਦਾ ਫ਼ੁਰਮਾਣ ਹੈ:-

*ਸਭ ਤੇ ਊਤਮ ਹਰਿ ਕੀ ਕਥਾ॥ ਨਾਮੁ ਸੁਨਤ ਦਰਦ ਦੁਖ ਲਥਾ॥*

*(ਪੰਨਾ ੨੬੫)*

*ਗੁਣ ਗਾਵਤ ਮਨੁ ਹਰਿਆ ਹੋਵੈ॥ ਕਥਾ ਸੁਣਤ ਮਲੁ ਸਗਲੀ ਖੋਵੈ॥*

*(ਪੰਨਾ ੧੦੪)*

*ਕੋਟਿ ਅਪ੍ਰਾਧ ਸਾਧਸੰਗਿ ਮਿਟੈ॥ ਸੰਤ ਕ੍ਰਿਪਾ ਤੇ ਜਮ ਤੇ ਛੁਟੈ॥*

*(ਪੰਨਾ ੨੯੬)*

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥*
*ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥ ੧॥*
*ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥*
*ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥ ਰਹਾਉ॥*
*ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥*
*ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥ ੨॥*
*ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥*
*ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ॥*
*ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ॥ ੩॥.....*
*ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ॥ ੪॥ ੯॥ ੧੨॥*

*(ਪੰਨਾ ੫੬੦)*

*(੧)......"ਐਸਾ ਕੀਰਤਨੁ ਕਰਿ ਮਨ ਮੇਰੇ॥ ਈਹਾ ਊਹਾ ਜੋ ਕਾਮਿ ਤੇਰੈ॥ (ਪੰਨਾ ੨੩੬)*

*ਕੋਟਿ ਅਪ੍ਰਾਧ ਸਾਧ ਸੰਗਿ ਮਿਟੈ॥*
*ਸੰਤ ਕ੍ਰਿਪਾ ਤੇ ਜਮ ਤੇ ਛੁਟੈ॥ (ਪੰਨਾ ੨੯੬)*

ਇਸ ਤੋਂ ਭਾਵ ਹੈ ਕਿ ਜਿਸ ਸਤਿਸੰਗਤ ਦੇ ਵਿਚ ਆਪਾਂ ਬੈਠੇ ਹਾਂ, "ਗੁਰੂ ਅਰਜਨ ਦੇਵ ਜੀ" ਦਾ ਕਹਿਣਾ ਹੈ ਕਿ ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਜਪੁਜੀ ਸਾਹਿਬ ਪੜ੍ਹਨ ਵਾਲੇ ਮਨੁੱਖ, ਜਪੁਜੀ ਸਾਹਿਬ ਦਾ ਪਾਠ ਸਰਵਣ ਕਰਨ ਵਾਲੇ ਮਨੁੱਖ ਹਰ ਰੋਜ਼ ਇਹ ਪੜ੍ਹਦੇ ਤੇ ਸੁਣਦੇ ਹਨ:

*"ਨਾਨਕ ਭਗਤਾ ਸਦਾ ਵਿਗਾਸੁ॥"*
*"ਸੁਣਿਐ ਦੂਖ ਪਾਪ ਕਾ ਨਾਸੁ॥"*

*(ਜਪੁਜੀ ਸਾਹਿਬ)*

'ਵਿਗਾਸ' ਕਹਿੰਦੇ ਹਨ ਖੇੜੇ ਨੂੰ, ਆਨੰਦ ਨੂੰ। ਪਰਮੇਸ਼ਰ ਵਾਹਿਗੁਰੂ ਜੀ ਦਾ ਨਾਮ ਸੁਣਨ ਕਰਕੇ ਦੁੱਖਾਂ, ਪਾਪਾਂ ਤੇ ਕਲੇਸ਼ਾਂ ਦਾ ਨਾਸ ਹੋ ਜਾਂਦਾ ਹੈ।

*ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ॥*
*ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ॥ ੧॥*

*(ਪੰਨਾ ੨੬੬)*

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ਿਸ਼ਾਂ ਕਰ ਰਹੇ ਨੇ, ਰਹਿਮਤਾਂ ਕਰ ਰਹੇ ਨੇ ਕਿ ਐ ਮਨੁੱਖ ! ਇਸ ਤਰ੍ਹਾਂ ਦਾ ਕੀਰਤਨ ਕਰ, ਇਸ ਤਰ੍ਹਾਂ ਦੀ ਕੀਰਤੀ ਕਰ, ਇਹੋ ਜਿਹਾ ਸਤਿਸੰਗਤ ਵਿਚ ਆ ਕਰਕੇ, ਮਨ ਬਿਰਤੀ ਨੂੰ ਟਿਕਾਅ ਕਰਕੇ ਉਸ ਅਕਾਲ-ਪੁਰਖ ਪਰਮੇਸ਼ਰ ਦੇ ਗੁਣ ਗਾਉਣੇ ਕਰ।

*"ਈਹਾ ਊਹਾ ਜੋ ਕਾਮਿ ਤੇਰੈ॥"* *(ਪੰਨਾ ੨੩੬)*

'ਈਹਾ' ਤੋਂ ਭਾਵ ਇਹ ਲੋਕ ਤੇ 'ਊਹਾਂ' ਤੋਂ ਭਾਵ 'ਪਰਲੋਕ'। ਸੁਖਮਨੀ ਸਾਹਿਬ ਦੇ ਅੰਦਰ ਪੰਚਮ ਪਿਤਾ ਗੁਰੂ ਅਰਜਨ ਦੇਵ ਜੀ ਨੇ ਬਖ਼ਸ਼ਿਸ਼ ਕੀਤੀ ਹੈ-

*"ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ॥*
*ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ॥ ੧॥*

'ਜਿਨ ਕੀਆ' ਤੋਂ ਭਾਵ ਕਿ ਜਿਸ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਨੇ ਸਾਨੂੰ ਇਹ ਸੁੰਦਰ ਮਨੁੱਖਾ ਦੇਹ ਦਿੱਤੀ।

*(੨)........"ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ॥*
*ਲਿਵ ਲਾਵਹੁ ਤਿਸੁ ਰਾਮ ਸਨੇਹੀ॥* *(ਪੰਨਾ ੨੭੦)*

ਅਰਥਾਤ ਜਿਸਦੀ ਬਖ਼ਸ਼ਿਸ਼ ਸਦਕਾ ਤੈਨੂੰ ਇਹ ਆਰੋਗ ਜੀਵਨ ਮਿਲਿਆ। ਦੁਨਿਆਵੀ ਹਰ ਮੰਗ ਤੇਰੀ ਪੂਰੀ ਕਰਨ ਵਾਸਤੇ ਅਕਾਲ-ਪੁਰਖ ਪਰਮੇਸ਼ਰ ਨੇ ਤੈਨੂੰ ਦੁਨਿਆਵੀ ਪਦਾਰਥ ਵੀ ਦਿੱਤੇ। ਪਰ ਯਾਦ ਰੱਖੀਂ ਕਿ ਇਸ ਦਾਤਾਂ ਦੇਣ ਵਾਲੇ ਦਾਤੇ ਨੂੰ ਭੁੱਲ ਨਾ ਜਾਈਂ। ਇਹ ਗੱਲ ਵੱਖਰੀ ਹੈ ਕਿ ਸੰਸਾਰੀ ਲੋਕ, ਇਤਿਹਾਸ ਨੂੰ ਭੁਲੇ ਫਿਰਦੇ ਹਨ। ਬਲਕਿ ਇਤਿਹਾਸ ਦੇ ਅੰਦਰ ਕਈ ਇਹੋ ਜਿਹੇ ਭਗਤਾਂ ਦਾ ਜ਼ਿਕਰ ਆਉਂਦਾ ਹੈ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਕਾਫ਼ੀ ਸਮਾਂ ਪ੍ਰਭੂ-ਪਰਮੇਸ਼ਰ ਦੀ ਪ੍ਰਾਪਤੀ ਵਾਸਤੇ ਲਾਇਆ। ਪਰ ਜਦੋਂ ਉਹਨਾਂ ਦੀ ਭਗਤੀ ਪੂਰੀ ਹੋਈ ਤੇ ਗੁਰਮੁਖੋ ਮੰਗਣ ਲੱਗਿਆਂ ਭੁੱਲ ਗਏ। ਇਸੇ ਲਈ ਹੀ ਸਾਹਿਬਾਂ ਨੇ ਜੀਵਾਂ ਨੂੰ ਗਿਆਨ ਪ੍ਰਦਾਨ ਕੀਤਾ ਹੈ:-

*"ਜਿਨਿ ਕੀਆ ਤਿਸੁ ਚੀਤਿ ਰਖੁ"*

ਭਾਵ ਕਿ ਜਿਸ ਪਰਮੇਸ਼ਰ ਨੇ ਤੈਨੂੰ ਸਭ ਕੁੱਝ ਦਿੱਤਾ, ਉਸ ਨੂੰ ਮਨ ਦੇ ਵਿਚ ਹਮੇਸ਼ਾ

ਦੀ ਤਰ੍ਹਾਂ ਦਿਨ-ਰਾਤ, ਅੱਠੇ-ਪਹਿਰ, ਚੌਵੀ ਘੰਟੇ ਯਾਦ ਰੱਖ। ਇਸੇ ਲਈ ਸਤਿਗੁਰਾਂ ਨੇ ਇਹ ਪ੍ਰੇਰਨਾ ਮਨੁੱਖ ਨੂੰ ਬਾਰ-ਬਾਰ ਕੀਤੀ ਹੈ ਕਿ ਜਿਹੜੇ ਮਨੁੱਖ ਵਾਹਿਗੁਰੂ ਜੀ ਨੂੰ ਦਿਲੋਂ ਭੁਲਾ ਕਰ ਕੇ ਇਸ ਸੰਸਾਰ 'ਤੇ, ਇਸ ਧਰਤੀ 'ਤੇ, ਕੇਵਲ ਤੇ ਕੇਵਲ ਭਾਰ ਬਣ ਕੇ ਤੁਰੇ ਫਿਰਦੇ ਹਨ, ਉਹਨਾਂ ਨੂੰ ਇਸ ਗੱਲ ਦਾ ਪਤਾ ਲੱਗ ਜਾਏ ਕਿ ਮੈਨੂੰ ਇਹ ਮਨੁੱਖਾ ਦੇਹੀ ਦੇਣ ਵਾਲਾ ਕੌਣ ਹੈ? ਮੈਨੂੰ ਇਹ ਸੰਸਾਰੀ ਦਾਤਾਂ ਦੇਣ ਵਾਲਾ ਕੌਣ ਹੈ? ਮੈਨੂੰ ਇਹ ਅਹੁਦੇ ਦੇਣ ਵਾਲਾ ਕੌਣ ਹੈ, ਤੇ ਗੁਰਮੁਖੋ ਇਹ ਸਭ ਗੱਲਾਂ ਦਾ ਜਵਾਬ ਸਤਿਸੰਗਤ ਵਿਚ ਆ ਕੇ ਪਤਾ ਚੱਲਦਾ ਹੈ। ਲੇਕਿਨ ਪਤਾ ਉਸ ਨੂੰ ਚੱਲਦਾ ਹੈ ਜਿਹੜਾ ਮਨ ਕਰਕੇ ਸਤਿਸੰਗਤ ਵਿਚ ਜੁੜਦਾ ਹੈ। ਔਰ ਜਿਹੜਾ ਮਨ ਕਰਕੇ ਨਹੀਂ ਜੁੜਦਾ ਤੇ ਗੁਰਮੁਖ ਪਿਆਰਿਓ ! ਉਸ ਨੂੰ ਇਥੇ ਆ ਕੇ ਵੀ ਪਤਾ ਨਹੀਂ ਚੱਲ ਸਕਦਾ। ਉਸ ਨੂੰ ਸਤਿ-ਸੰਗਤ ਵਿਚ ਆ ਕੇ ਵੀ ਗਿਆਨ ਹਾਸਿਲ ਨਹੀਂ ਹੁੰਦਾ।

*(੩).....''ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ॥''* *(ਪੰਨਾ ੭੯੭)*

ਭਾਵ ਕਿ ਜਿਨ੍ਹਾਂ ਨੇ ਇਸ ਪਾਵਨ-ਪਵਿੱਤਰ ਉਪਦੇਸ਼ ਨੂੰ ਮਨ ਕਰਕੇ ਜਾਣ ਲਿਆ। ਮਨ ਕਰਕੇ ਜਾਣਿਆ ਤਾਂ ਹੀ ਜਾਵੇਗਾ, ਜੇਕਰ ਮਨ ਕਰਕੇ ਸੁਣਾਂਗੇ, ਮਨ ਕਰਕੇ ਪੜ੍ਹਾਂਗੇ। ਸਾਹਿਬ ''ਗੁਰੂ ਅਰਜਨ ਦੇਵ ਮਹਾਰਾਜ'' ਜੀ ਦੇ ਬਚਨ ਆਉਂਦੇ ਹਨ ਕਿ ਇਸ ਬਾਣੀ ਦਾ ਜਿਹੜਾ ਗਿਆਨ ਹੈ, ਇਸ ਬਾਣੀ ਦਾ ਜਿਹੜਾ ਬੋਧ ਹੈ, ਇਸ ਬਾਣੀ ਦੀ ਜਿਹੜੀ ਵਿਚਾਰ ਹੈ,

ਇਹ ਮਨੁੱਖ ਦੇ ਹਿਰਦੇ ਵਿਚ ਵਾਸਾ ਕਿਉਂ ਨਹੀਂ ਕਰਦੀ? ਇਸ ਦਾ ਕਾਰਣ ਕੀ ਹੈ?

*(੪)........''ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥''*

ਭਾਵ ਕਿ ਸਭ ਤੋਂ ਵੱਡਾ ਰੋਗ ਇਸ ਮਨੁੱਖ ਨੂੰ ''ਹਉਮੈ'' ਦਾ ਲੱਗ ਗਿਆ ਹੈ। ਜਿਸ ਰੋਗ ਕਰਕੇ ਇਸ ਨੂੰ ਬਾਣੀ ਦਾ ਰਸ ਨਹੀਂ ਆਉਂਦਾ, ਜਿਸ ਰੋਗ ਕਰਕੇ ਇਸ ਦਾ ਸਤਿਸੰਗਤ ਵਿਚ ਬੈਠਣ ਨੂੰ ਮਨ ਨਹੀਂ ਕਰਦਾ। ਜਿਸ ਰੋਗ ਕਰਕੇ ਇਹ ਸ਼ਬਦ-ਸੁਰਤ ਦਾ ਮੇਲ ਨਹੀਂ ਕਰ ਸਕਦਾ। ਜਿਸ ਰੋਗ ਕਰਕੇ ਇਸ ਨੂੰ ਪਰਮੇਸ਼ਰ ਦੀਆਂ ਕਥਾ ਅਤੇ ਕਹਾਣੀਆਂ ਮਿੱਠੀਆਂ ਨਹੀਂ ਲੱਗਦੀਆਂ। ਹੁਣ ਇਸ ਇੰਨੇ ਵੱਡੇ ਰੋਗ ਦਾ ਇਲਾਜ ਵੀ ਧੰਨ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਹੀ ਦੱਸਿਆ ਹੈ-

*''ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥*
*ਕਿਰਪਾ ਕਰਹਿ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥''*
*(ਪੰਨਾ ੪੬੬)*

ਭਾਈ ਗੁਰਦਾਸ ਜੀ ਦਾ ਬਚਨ ਹੈ:-

*ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।* *(ਵਾਰ ੧੩, ਪਉੜੀ ੨)*

ਕਹਿੰਦੇ ਹਨ ਕਿ ਜਦੋਂ ਅਕਾਲ-ਪੁਰਖ ਪਰਮੇਸ਼ਰ ਦੀ ਕ੍ਰਿਪਾ ਹੋ ਜਾਏ ਤੇ ਸ਼ਬਦ ਦੀ

ਕਮਾਈ ਇਹ ਜੀਵ ਕਰਨ ਲੱਗ ਪਏ ਤਾਂ ਇਹ ਹਉਮੈ ਦੇ ਰੋਗ ਤੋਂ ਰਹਿਤ ਹੋ ਸਕਦਾ ਹੈ। ਪਰ ਇਹ ਰੋਗ ਇਹੋ ਜਿਹਾ ਹੈ ਕਿ ਬੱਚੇ ਦੀ ਜ਼ਿੰਦਗੀ ਵਿਚ ਵੀ ਆ ਸਕਦਾ ਹੈ। ਜਵਾਨੀ ਦੀ ਤੇ ਗੱਲ ਹੀ ਛੱਡ ਦਿਉ। ਉਦੋਂ ਇਹ ਸਮਝਦਾ ਹੈ ਕਿ ਜੋ ਮੈਂ ਹਾਂ, ਉਹ ਮੈਂ ਹੀ ਹਾਂ ਤੇ ਮੇਰੇ ਵਰਗਾ ਹੋਰ ਕੋਈ ਹੋ ਹੀ ਨਹੀਂ ਸਕਦਾ। ਔਰ ਜਦੋਂ ਇਹ ਬਿਰਧ ਅਵਸਥਾ ਵਿਚ ਜਾਂਦਾ ਹੈ ਤੇ ਉਦੋਂ ਵੀ ਇਹ ਰੋਗ ਇਸ ਨੂੰ ਪੂਰੀ ਤਰ੍ਹਾਂ ਚਿੰਬੜਿਆ ਹੁੰਦਾ ਹੈ। ਇਥੋਂ ਤੱਕ ਇਸਨੇ ਇਸ ਰੋਗ ਨੂੰ ਆਪਣੇ ਅੰਦਰ ਵਸਾ ਲਿਆ ਹੈ ਕਿ ਕਹਿੰਦਾ ਹੈ ਜਦੋਂ ਮੇਰੇ ਸਰੀਰ ਤੋਂ ਭੌਰ ਉਡਾਰੀ ਵੀ ਮਾਰ ਜਾਏ ਤੇ ਜਦੋਂ ਮੇਰੇ ਸਾਕ ਸਬੰਧੀ ਮੈਨੂੰ ਸ਼ਮਸ਼ਾਨ ਵਿਚ ਲੈ ਕਰਕੇ ਜਾਣ ਤਾਂ ਵੀ ਮੇਰੀ ਅਰਥੀ ਦੇ ਮਗਰ ਵੱਧ ਤੋਂ ਵੱਧ ਲੋਕ ਚਾਹੀਦੇ ਹਨ। ਮਰਨ ਤੋਂ ਬਾਅਦ ਵੀ ਇਸ ਦੀ ਜਿਹੜੀ ਹਉਮੈ ਦੀ ਭੁੱਖ ਹੈ, ਗੁਰਮੁਖ ਪਿਆਰਿਓ ਉਹ ਖ਼ਤਮ ਨਹੀਂ ਹੁੰਦੀ। ਲੇਕਿਨ ਇਸ ਹਉਮੈ ਦੇ ਰੋਗ ਤੋਂ ਬਚਣਾ ਕਿਸ ਤਰ੍ਹਾਂ ਹੈ? ਤੇ ਇਸ ਹਉਮੈ ਦੇ ਰੋਗ ਵਾਸਤੇ ਪੰਚਮ ਪਿਤਾ ਨੇ ਪੂਰਾ ਸ਼ਬਦ ਉਚਾਰਣ ਕੀਤਾ ਹੈ। ਕਿਉਂਕਿ ਜਦੋਂ ਗੁਰਦੇਵ ਜੀ ਸਿੱਖ ਸੰਗਤਾਂ ਨੂੰ ਸੱਚ ਦਾ ਉਪਦੇਸ਼ ਦਿੰਦੇ ਹੋਣਗੇ ਤੇ ਜਿਹੜੇ ਸਿਆਣੇ ਸੱਜਣ ਨੇ, ਸਿਆਣੇ ਸਿੱਖ ਨੇ ਉਹ ਪੰਚਮ ਪਿਤਾ ਦੇ ਚਰਨਾਂ ਵਿਚ ਬੇਨਤੀਆਂ ਵੀ ਕਰਦੇ ਹੋਣਗੇ ਕਿ ਸਤਿਗੁਰ ਜੀ ! ਇਹ ਇਹੋ ਜਿਹਾ ਰੋਗ ਹੈ ਜਿਹੜਾ ਬਚਪਨ ਵਿਚ ਹੀ ਮਨੁੱਖ ਨੂੰ ਚਿੰਬੜ ਜਾਂਦਾ ਹੈ। ਤੇ ਇਸ ਦੇ ਸ਼ਰੀਰ ਛੱਡਣ ਤੋਂ ਬਾਅਦ ਵੀ ਇਹ ਉਸ ਹਉਮੈ ਦੇ ਰੋਗ ਦੇ ਸੁਪਨੇ ਲੈਂਦਾ ਰਹਿੰਦਾ ਹੈ। ਸੋ ਇਸ ਦਾ ਇਹ ਰੋਗ ਤੋਂ ਛੁਟਕਾਰਾ ਕਿਵੇਂ ਹੋਵੇਗਾ? ਸੋ ਪੰਚਮ ਪਿਤਾ ਜੀ ਕ੍ਰਿਪਾ ਕਰਦੇ ਹਨ:-

*"ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥"*

ਗੁਰੂ ਜੀ ਫ਼ੁਰਮਾਉਂਦੇ ਹਨ ਕਿ ਹਉਮੈ ਅਤੇ ਪਰਮੇਸ਼ਰ ਦਾ ਨਾਮ ਇਕ ਦੂਜੇ ਤੋਂ ਆਪੋਜਟ ਹਨ ਭਾਵ ਕਿ ਵੱਖਰੇ ਹਨ। ਔਰ ਜੇ ਕੋਈ ਕਹੇ ਕਿ ਮੈਨੂੰ ਬਾਣੀ ਮਿੱਠੀ ਕਿਉਂ ਨਹੀਂ ਲੱਗਦੀ ਤੇ ਬਾਣੀ ਪੜ੍ਹਨ ਵਿਚ ਮੇਰਾ ਮਨ ਕਿਉਂ ਨਹੀਂ ਲੱਗਦਾ? ਲੱਖ ਯਤਨ ਕਰਦਾ ਹਾਂ, ਗੁਰਮੰਤਰ ਦਾ ਅਭਿਆਸ ਵੀ ਕਰਦਾ ਹਾਂ ਪਰ ਰਸ ਨਹੀਂ ਆਉਂਦਾ। ਗੁਰੂ ਜੀ ਕਹਿੰਦੇ ਹਨ ਕਿ ਉਸ ਦਾ ਕਾਰਣ ਇਹੋ ਹੀ ਹੈ ਕਿ ਹਉਮੈ ਦਾ ਪਰਦਾ ਇਸ ਦੇ ਅੰਦਰ ਹੈ। ਇਸ ਲਈ ਇਹਨੂੰ ਬਾਣੀ ਦਾ ਰਸ ਨਹੀਂ ਆਉਂਦਾ। ਇਸੇ ਤਰ੍ਹਾਂ ਸਿੱਧਾਂ ਨੇ ਸੁਮੇਰ ਪਰਬਤ 'ਤੇ 'ਗੁਰੂ ਨਾਨਕ ਦੇਵ ਜੀ' ਨੂੰ ਵੀ ਪ੍ਰਸ਼ਨ ਕੀਤਾ ਸੀ:-

*"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥"*

ਤੇ ਇਸ ਦਾ ਉੱਤਰ ਮਿਲਿਆ :-

*"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥"*

*(ਜਪੁਜੀ ਸਾਹਿਬ)*

ਕਹਿੰਦੇ ਜਿਥੇ ਤੂੰ ਹਉਮੈ, ਹੰਕਾਰ ਕਹਿਣ ਦੇ ਮੁਤਾਬਿਕ, ਜਿਸ ਗੱਲ ਦੇ ਵਿਚ ਹਉਮੈ

ਨੂੰ ਪੱਠੇ ਪੈਂਦੇ ਨੇ ਤੇ ਤੂੰ ਉਹੀ ਗੱਲ ਕਰਦਾ ਹੈਂ ਤੇ ਇਸ ਤੋਂ ਭਾਵ ਕਿ ਉਨ੍ਹਾਂ ਚਿਰ ਤੈਨੂੰ ਅਕਾਲ-ਪੁਰਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਤੇ ਸਿੱਧਾਂ ਨੇ ਪੁੱਛਿਆ, ਕਿਵੇਂ ਸਚਿਆਰੇ ਹੋਈਏ? ਕਿਸ ਤਰ੍ਹਾਂ ਇਹ ਕੂੜ ਦੀ ਕੰਧ ਮਿਟੇ ਤਾਂ ਗੁਰਦੇਵ ਜੀ ਕਹਿੰਦੇ ਹਨ:-

*"ਹੁਕਮਿ ਰਜਾਈ ਚਲਣਾ"*

ਭਾਵ ਕਿ ਉਹ ਅਕਾਲ-ਪੁਰਖ ਪਰਮੇਸ਼ਰ ਦੇ ਹੁਕਮ ਦੇ ਅੰਦਰ ਆਪਣਾ ਜੀਵਨ ਬਤੀਤ ਕਰ ਤੇ ਹਉਮੈ ਤੋਂ ਤੈਨੂੰ ਛੁਟਕਾਰਾ ਮਿਲ ਜਾਵੇਗਾ।"

*'ਹਉਮੈ ਨਾਵੈ ਨਾਲਿ ਵਿਰੋਧੁ ਹੈ*

ਹਉਮੈ ਦਾ ਕਿਸੇ ਦੇ ਨਾਲ ਵੀ ਮੇਲ ਨਹੀਂ ਹੋ ਸਕਦਾ।

*ਦੁਇ ਨ ਵਸਹਿ ਇਕ ਠਾਇ॥'*

*'ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥'* (ਪੰਨਾ ੫੬੦)

ਭਾਵ ਕਿ 'ਹਉਮੈ' ਦੇ ਵਿਚ ਸੇਵਾ ਕੀਤੀ ਹੋਈ ਵੀ ਵਿਅਰਥ ਹੈ। ਹਉਮੈ ਦੇ ਵਿਚ ਸਤਿਸੰਗਤ ਕੀਤੀ ਹੋਈ ਵੀ ਵਿਅਰਥ ਹੈ। ਇਥੋਂ ਤੱਕ ਕਿ ਹਉਮੈ ਦੇ ਵਿਚ ਦਾਨ ਕੀਤਾ ਹੋਇਆ ਵੀ ਵਿਅਰਥ ਹੈ। ਔਰ ਹਉਮੈ ਵਿਚ ਨਾਮ ਦੀ ਕਮਾਈ ਕੀਤੀ ਹੋਈ ਵੀ ਵਿਅਰਥ ਹੈ। ਕਿਉਂਕਿ ਇਹ ਹਉਮੈ ਦਾ ਇਹੋ ਜਿਹਾ ਆਰਾ-ਨਿਰੰਤਰ ਚੱਲ ਰਿਹਾ ਹੈ, ਕਿ ਜਿਸ ਦੇ ਥੱਲੇ ਕੋਈ ਵੀ ਚੀਜ਼ ਆ ਜਾਵੇ, ਉਸ ਨੇ ਕੱਟ ਕੇ ਰੱਖ ਦੇਣਾ ਹੈ। ਉਹ ਭਾਵੇਂ ਬੰਦਗੀ ਹੋਵੇ, ਉਹ ਭਾਵੇਂ ਮਹਿਲ ਮਾੜੀਆਂ ਹੋਣ ਤੇ ਉਹ ਹਉਮੈ ਭਾਵੇਂ ਹੁਸਨ ਦੀ ਜਾਂ ਰੰਗ ਰੂਪ ਦੀ ਹੋਵੇ ਤੇ ਭਾਵੇਂ ਉਹ ਹਉਮੈ ਜ਼ਮੀਨ ਦੀ ਹੋਵੇ। ਇਸ ਹਉਮੈ ਰੂਪੀ ਆਰੇ ਦੇ ਥੱਲੇ ਜੋ ਵੀ ਆ ਗਿਆ, ਇਸ ਨੇ ਕੱਟ ਕੇ ਰੱਖ ਦੇਣਾ ਹੈ। ਇਸੇ ਲਈ ਗੁਰਦੇਵ ਜੀ ਨੇ ਸੁਚੇਤ ਕਰਦਿਆਂ ਇਸ ਮਨੁੱਖ ਨੂੰ ਕਿਹਾ ਕਿ:-

*"ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥"*

(ਪੰਨਾ ੧੦੮੯)

ਕਿ ਉਸ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਨੂੰ ਰਤੀ ਵੀ ਜਿਹੜਾ ਹੰਕਾਰ ਦਾ ਤਿਣਕਾ ਹੈ, ਉਹ ਭਾਉਂਦਾ ਨਹੀਂ ਹੈ। ਜਿਸ ਤਰ੍ਹਾਂ ਕਿ ਇਕ ਸੇਵਾਦਾਰ ਕਹੇ ਕਿ ਮੈਂ ਇੰਨੀ ਵੱਡੀ ਸੇਵਾ ਕੀਤੀ ਹੈ ਤੇ ਕੀ ਮੇਰੀ ਸੇਵਾ ਨਿਸ਼ਫਲ ਚਲੀ ਜਾਵੇਗੀ? ਮੈਂ ਇੰਨੀ ਬਾਣੀ ਪੜ੍ਹਦਾ ਹਾਂ, ਇੰਨਾਂ ਮੇਰਾ ਨਿਤਨੇਮ ਹੈ, ਇੰਨੇ ਸਾਰਿਆਂ ਨੂੰ ਮੈ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਦਿੱਤਾ, ਕੀ ਇਹ ਸਭ ਕੁਝ ਬਿਰਥਾ ਹੀ ਚਲਾ ਜਾਵੇਗਾ? ਗੁਰਦੇਵ ਜੀ ਕਹਿੰਦੇ ਹਨ ਨੇ ਕਿ ਅਗਰ ਇੰਨ੍ਹਾਂ ਸਾਰੇ ਕਾਰਜਾਂ ਵਿਚ ਤੇਰੀ ਹਉਮੈ ਉਸੇ ਤਰ੍ਹਾਂ ਬਰਕਰਾਰ ਖੜ੍ਹੀ ਹੈ ਤਾਂ ਇਹ ਸਭ ਕੁਝ ਬਿਰਥਾ ਹੀ ਚਲਾ ਜਾਵੇਗਾ। ਕਿਉਂਕਿ:-

*"ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥ ੧॥"*

ਤਾਂ ਸਿੱਖਾਂ ਫਿਰ ਪੁੱਛਿਆ ਸਤਿਗੁਰ ਜੀ ! ਕ੍ਰਿਪਾ ਕਰਕੇ ਦੱਸੋ ਇਸ ਜੀਵ ਦਾ ਹਉਮੈ ਤੋਂ ਛੁਟਕਾਰਾ ਕਿਸ ਤਰ੍ਹਾਂ ਪਵੇਗਾ? ਤਾਂ "ਧੰਨ ਗੁਰੂ ਅਰਜਨ ਦੇਵ ਮਹਾਰਾਜ ਜੀ" ਰਹਾਉ ਦੀ ਤੁਕ ਵਿਚ ਕ੍ਰਿਪਾ ਕਰਦੇ ਹਨ:-

*"ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥"*

ਭਾਵ ਕਿ ਐ ਮਨ ! ਉਸ ਹਰੀ ਨੂੰ ਅਰਾਧਨਾ ਕਰ ਤੇ ਅੱਜ ਜੇਕਰ ਕਿਸੇ ਨੂੰ ਬਾਣੀ ਬਾਰੇ ਗਿਆਨ ਵੀ ਹੈ ਤੇ ਉਹ ਇਹ ਗਿਆਨ ਦੂਜਿਆਂ ਤਕ ਵੀ ਪਹੁੰਚਾਏ। ਲੇਕਿਨ ਦੇਖਿਆ ਜਾਏ ਤਾਂ ਇਸ ਵਿਚ ਵੀ ਹਉਮੈ ਹੈ ਕਿ ਇੰਨਾਂ ਮੈਨੂੰ ਗਿਆਨ ਪ੍ਰਾਪਤ ਹੋ ਗਿਆ ਹੈ, ਇੰਨੀ ਮੈਨੂੰ ਅਵਸਥਾ ਪ੍ਰਾਪਤ ਹੋ ਗਈ ਹੈ, ਤੇ ਮੈਨੂੰ ਇੰਨੇ ਅਰਥਾਂ ਦਾ ਪਤਾ ਹੈ। ਇਹ ਸਭ ਹਉਮੈ ਹੀ ਹੈ। ਤੇ 'ਧੰਨ ਗੁਰੂ ਅਰਜਨ ਦੇਵ ਜੀ' ਕ੍ਰਿਪਾ ਕਰਦੇ ਹਨ:-

*'ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥"*

ਭਾਵ ਕਿ ਉਸ ਹਰੀ ਨੂੰ, ਅਕਾਲ-ਪੁਰਖ ਵਾਹਿਗੁਰੂ ਨੂੰ ਚੇਤੇ ਰੱਖ।

*"ਐਸਾ ਕੀਰਤਨੁ ਕਰਿ ਮਨ ਮੇਰੇ॥ ਈਹਾ ਊਹਾ ਜੋ ਕਾਮਿ ਤੇਰੈ॥" (ਪੰਨਾ ੨੩੬)*

ਭਾਵ ਕਿ ਇਹੋ ਜਿਹਾ ਕੀਰਤਨ ਕਰ, ਇਹੋ ਜਿਹਾ ਕੀਰਤਨ ਸੁਣ, ਇਹੋ ਜਿਹੀ ਸਤਿਸੰਗਤ ਕਰ ਤੇ ਇਹੋ ਜਿਹੀ ਬਾਣੀ ਪੜ੍ਹ ਜਿਹੜੀ ਲੋਕ ਅਤੇ ਪਰਲੋਕ ਦੇ ਵਿਚ ਸਹਾਈ ਹੋਵੈ।

*"ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥*
*ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥ ਰਹਾਉ॥"*

*(ਪੰਨਾ ੫੬੦)*

ਇਸ ਦੇ ਅਰਥ ਹਨ ਕਿ ਇਹ ਹਉਮੈ ਹਿਰਦੈ ਵਿਚੋਂ ਉਦੋਂ ਜਾਣੀ ਹੈ, ਜਦੋਂ ਤੂੰ ਅਕਾਲ-ਪੁਰਖ ਵਾਹਿਗੁਰੂ ਦੇ ਹੁਕਮ ਨੂੰ ਮੰਨਣ ਲੱਗ ਪਿਆ। ਗੁਰੂ ਅਮਰਦਾਸ ਜੀ ਦੇ ਬਚਨ ਹਨ:-

*"ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥"*

ਭਾਵ ਕਿ ਹੇ ਮਨਾ ! ਤੂੰ ਉਸ ਹਰੀ ਪਰਮੇਸ਼ਰ ਵਾਹਿਗੁਰੂ ਦੇ ਅੱਠੇ ਪਹਿਰ ਚੌਵੀ-ਘੰਟੇ ਨਾਲ ਰਹਿ। ਇਕ ਕਿਣਕਾ ਮਾਤਰ ਵੀ ਉਸ ਪਰਮੇਸ਼ਰ ਵਾਹਿਗੂਰੂ ਨੂੰ ਭੁਲਾ ਨਾ।

*"ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥"*

ਮਨੁੱਖ ਪੁਛਦਾ ਹੈ ਕਿ ਜੇਕਰ ਅਸੀਂ ਚੌਵੀ-ਘੰਟੇ ਪ੍ਰਭੂ ਦੀ ਅਰਾਧਨਾ ਕਰੀਏ ਤਾਂ ਸਾਨੂੰ ਉਸ ਦਾ ਫਲ ਕੀ ਮਿਲੇਗਾ? ਤਾਂ "ਧੰਨ ਗੁਰੂ ਅਮਰਦਾਸ ਜੀ" ਕ੍ਰਿਪਾ ਕਰਦੇ ਹਨ:

*"ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥*
*ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥*

*ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥*

*(ਪੰਨਾ ੯੧੭)*

ਹੁਣ ਪਰਮੇਸ਼ਰ ਇਕ ਇਹੋ ਜਿਹੀ ਸ਼ਕਤੀ ਹੈ, ਜਿਹੜੀ ਨੌਂ-ਖੰਡ ਧਰਤੀ 'ਤੇ, ਚੌਦਾਂ ਭਵਨਾਂ 'ਤੇ, ਤਿੰਨਾਂ ਲੋਕਾਂ ਦੇ ਵਿਚ ਜਿੰਨੀ ਛੇਤੀ ਅਕਾਲ-ਪੁਰਖ ਇਸ ਜੀਵ ਦੀ ਸਹਾਇਤਾ ਕਰ ਸਕਦਾ ਹੈ। ਉਨੀ ਛੇਤੀ ਕੋਈ ਹੋਰ ਆਪਣਾ ਰਿਸ਼ਤੇਦਾਰ ਵੀ ਸਹਾਇਤਾ ਨਹੀਂ ਕਰ ਸਕਦਾ। ਹੁਣ ਧੰਨ ਗੁਰੂ ਅਰਜਨ ਦੇਵ ਮਹਾਰਾਜ ਜੀ ਬਚਨ ਕਰਦੇ ਹਨ:-

*"ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥"*

ਭਾਵ ਕਿ ਗੁਰੂ ਕੇ ਸ਼ਬਦ ਦੀ ਕਮਾਈ ਕਰ।

*"ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥"*

ਅਰਥਾਤ ਕਿ ਪਰਮੇਸ਼ਰ ਵਾਹਿਗੁਰੂ ਦੇ ਹੁਕਮ ਨੂੰ ਸੱਤ ਕਰ ਕੇ ਮੰਨ ਲੈ। ਔਰ ਇਹ ਜਿਹੜੀ ਹਉਮੈ ਹੈ। ਇਸ ਤਰ੍ਹਾਂ ਕਰਨ ਨਾਲ ਤੇਰੇ ਹਿਰਦੇ ਵਿਚੋਂ ਨਾਸ਼ ਹੋ ਜਾਵੇਗੀ। 'ਹਉਮੈ' ਦੇਖਣ ਵਾਲੀ ਚੀਜ਼ ਨਹੀਂ, ਹਉਮੈ ਦਾ ਕੋਈ ਰੰਗ-ਰੂਪ ਨਹੀਂ। ਪਰ ਫਿਰ ਵੀ ਜਿਸਦੇ ਅੰਦਰ ਹਉਮੈ ਹੈ, ਉਸ ਦੇ ਬੋਲ-ਚਾਲ ਤੋਂ ਹੀ ਪਤਾ ਲੱਗ ਜਾਵੇਗਾ ਕਿ ਇਸ ਦੇ ਅੰਦਰ ਹਉਮੈ ਹੈ ਕਿ ਨਹੀਂ ਤੇ ਗੁਰਦੇਵ ਜੀ ਕਹਿੰਦੇ ਨੇ ਤੂੰ ਪਰਮੇਸ਼ਰ ਵਾਹਿਗੁਰੂ ਦੇ ਨਾਮ ਦੀ ਕਮਾਈ ਕਰ ਲੈ, ਔਰ ਉਸ ਦੇ ਹੁਕਮ ਨੂੰ ਸਤਿ ਕਰ ਕੇ ਮੰਨ ਲੈ, ਹਉਮੈ ਤੇਰੇ ਅੰਦਰੋਂ ਨਾਸ਼ ਹੋ ਜਾਵੇਗੀ।

ਸਿੱਖਾਂ ਫਿਰ ਬਚਨ ਕੀਤਾ ਕਿ ਹੇ ਅਕਾਲ-ਪੁਰਖ ਵਾਹਿਗੁਰੂ ਜੀ ! ਇਸ ਹਉਮੈ ਤੋਂ ਕੋਈ ਬਚਿਆ ਵੀ ਹੈ? ਕੋਈ ਹਉਮੈ ਤੋਂ ਰਹਿਤ ਵੀ ਹੈ? ਤਾਂ ਸਤਿਗੁਰ ਜੀ ਕ੍ਰਿਪਾ ਕਰਦੇ ਹਨ:-

*"ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥*
*ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥ ੨॥*
*ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥*
*ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ॥ ੩॥*

*(ਪੰਨਾ ੫੬੦)*

ਇਸ ਦੇ ਅਰਥ ਹਨ ਕਿ 'ਹਉਮੈ' ਦੇ ਕਾਰਣ ਹੀ ਇਹ ਜੀਵ ਸੰਸਾਰ 'ਤੇ ਆਇਆ। ਔਰ ਹਰ ਇਕ ਜੀਵ ਨੂੰ ਇਸ ਹਉਮੈ ਨੇ ਆਪਣੇ ਵੱਸ ਕੀਤਾ ਹੋਇਆ ਹੈ। ਔਰ ਹਉਮੈ ਕਰਕੇ ਹੀ ਇਹ ਜੂਨਾਂ ਦੀ ਕਤਾਰ ਵਿਚ ਆ ਕੇ ਖੜ੍ਹਾ ਹੋਇਆ। ਤੇ ਜਿਹੜੇ ਇੰਨੀ ਗੱਲ ਕਹਿ ਦਿੰਦੇ ਨੇ ਕਿ ਮਨ ਸਾਫ਼ ਹੋਣਾ ਚਾਹੀਦਾ ਹੈ, ਗੁਰੂ ਘਰ ਕੀ ਰੱਖਿਆ ਹੋਇਆ ਹੈ? ਮਨ ਸਾਫ਼ ਚਾਹੀਦਾ ਹੈ, ਅੰਮ੍ਰਿਤ ਦੇ ਵਿਚ ਕੀ ਰੱਖਿਆ ਹੋਇਆ ਹੈ? ਮਨ ਸਾਫ਼ ਚਾਹੀਦਾ ਹੈ, ਬਾਣੀ ਪੜ੍ਹਨ ਦੀ ਕੀ ਜ਼ਰੂਰਤ ਹੈ? ਪਰ ਗੁਰੂ ਦੇ ਪਿਆਰਿਓ ! ਤੂੰ ਤਾਂ ਇਸ ਮਨ ਦਾ ਕਰਤਾ ਨਹੀਂ।

ਤੂੰ ਨਹੀਂ ਇਸ ਮਨ ਨੂੰ ਹਿਰਦੇ ਦੇ ਵਿਚ ਬਣਾ ਕੇ ਰੱਖਿਆ। ਰੱਖਣ ਵਾਲਾ ਤੇ ਉਹ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਹੈ। ਇਸ ਲਈ ਤੂੰ ਵਾਹਿਗੁਰੂ ਨੂੰ ਆਪ ਪੁੱਛ ਕਿ ਸਤਿਗੁਰ ਜੀ ! ਕੀ ਇਹ ਮੇਰਾ ਮਨ ਸ਼ੁੱਧ ਹੈ? ਕੀ ਮੇਰਾ ਮਨ ਪਵਿੱਤਰ ਹੈ, ਕੀ ਮੈਂ ਇਹ ਗੱਲ ਠੀਕ ਕਹਿ ਰਿਹਾ ਹਾਂ ਕਿ ਬਾਣੀ ਪੜ੍ਹਨ ਦੀ, ਸੇਵਾ ਕਰਨ ਦੀ, ਸਤਿਸੰਗਤ ਕਰਨ ਦੀ ਕੋਈ ਜ਼ਰੂਰਤ ਨਹੀਂ, ਕੇਵਲ ਮਨ ਸਾਫ਼ ਹੋਣਾ ਚਾਹੀਦਾ ਹੈ? ਇਸ ਦੇ ਬਾਰੇ ਧੰਨ "ਗੁਰੂ ਗ੍ਰੰਥ ਸਾਹਿਬ ਜੀ" ਦੇ ਵਿਚ ਤੀਸਰੇ ਪਾਤਸ਼ਾਹ "ਗੁਰੂ ਅਮਰ ਦਾਸ ਜੀ" ਸਾਨੂੰ ਦੱਸਦੇ ਹਨ ਕਿ ਸਾਡਾ ਮਨ ਕਿੰਨਾਂ ਕੁ ਸ਼ੁੱਧ ਹੈ?

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥ (ਪੰਨਾ ੬੫੧)*

ਆਪ ਤਾਂ ਮਨੁੱਖ ਕਦੀ ਆਪਣੀ ਬੁਰਾਈ ਨਹੀਂ ਕਰਦਾ, ਉਹ ਤਾਂ ਹਮੇਸ਼ਾ ਪੂਰੀ ਸਫ਼ਾਈ ਪੇਸ਼ ਕਰਦਾ ਹੈ ਆਪਣੀ ਕਿ ਮੇਰੇ ਵਰਗਾ ਭਲਾਮਾਨਸ ਹੀ ਕੋਈ ਨਹੀਂ। ਮੇਰੇ ਵਰਗਾ ਸੱਚਾ-ਸੁੱਚਾ ਬੰਦਾ ਕੋਈ ਨਹੀਂ। ਔਰ ਮੇਰੇ ਵਰਗਾ ਬੁੱਧੀਮਾਨ ਕੋਈ ਨਹੀਂ। ਤੇ ਹੁਣ ਇਸ ਦਾ ਜਵਾਬ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਰਹੇ ਹਨ। ਉਹ ਕਹਿੰਦੇ ਹਨ ਕਿ ਹਰ ਮਨੁੱਖ ਦਾ ਫ਼ੈਸਲਾ ਆਪਣਾ ਹੈ। ਜਿਸ ਤਰ੍ਹਾਂ ਸਕੂਲ ਵਿਚ ਜਾਂ ਕਾਲਜ ਵਿਚ ਪੇਪਰ ਹੁੰਦੇ ਹਨ ਤੇ ਉਹ ਪੇਪਰਾਂ ਦੇ ਨੰਬਰਾਂ ਦਾ ਅੰਦਾਜ਼ਾ ਵਿਦਿਆਰਥੀਆਂ ਨੂੰ ਆਪ ਹੀ ਹੁੰਦਾ ਹੈ ਕਿ ਸਾਡੇ ਕਿੰਨੇ ਕੁ ਨੰਬਰ ਆਣਗੇ। ਅਸੀਂ ਪਾਸ ਹੋਵਾਂਗੇ ਕਿ ਫੇਲ੍ਹ ਇਸ ਦਾ ਪੂਰਾ ਅੰਦਾਜ਼ਾ ਨਾ ਤੇ ਮਾਤਾ-ਪਿਤਾ ਨੂੰ ਹੁੰਦਾ ਹੈ ਤੇ ਨਾ ਹੀ ਅਧਿਆਪਕਾਂ ਨੂੰ ਪਤਾ ਹੁੰਦਾ ਹੈ। ਭਾਵ ਕਿ ਹਰ ਫ਼ੈਸਲਾ ਮਨੁੱਖ ਆਪ ਹੀ ਕਰਦਾ ਹੈ ਕਿ ਇਹ ਠੀਕ ਹੈ ਜਾਂ ਗ਼ਲਤ। ਭਗਤ ਤਰਲੋਚਨ ਜੀ ਦੇ ਬਚਨ ਹਨ :-

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥ ੧ ॥*
*ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥*
*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ ॥ ੨ ॥*
*ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਸੂਕਰ ਜੋਨਿ ਵਲਿ ਵਲਿ ਅਉਤਰੈ ॥ ੩ ॥*
*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ੪ ॥*
*ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥ ੫ ॥ ੨ ॥*

*(ਪੰਨਾ ੫੨੬)*

ਇਹਨਾਂ ਪੰਕਤੀਆਂ ਬਾਰੇ "ਭਗਤ ਤਰਲੋਚਨ ਜੀ" ਦਾ ਕਹਿਣਾ ਹੈ ਕਿ ਜਿਹੜੇ ਅੰਤ ਸਮੇਂ ਵਿਚ ਵੀ ਮਾਇਆ-ਮਾਇਆ ਕਰਦੇ ਸਵਾਸ ਤਿਆਗਦੇ ਹਨ, ਕਹਿੰਦੇ ਉਸ ਨੂੰ ਸੱਪ ਦੀ ਜੂਨ ਅਵੱਸ਼ ਮਿਲੇਗੀ। ਔਰ ਜਿਹੜੇ ਕਹਿੰਦੇ ਨੇ ਮਾਇਆ ਤੋਂ ਬਿਨਾਂ ਗੱਡੀ ਨਹੀਂ ਰਿੜ੍ਹਦੀ। ਤੇ ਜੇ ਤੁਸੀਂ ਮਨ ਕਰਕੇ ਬਾਣੀ ਪੜ੍ਹਨ ਲੱਗ ਪਏ, ਮਨ ਕਰਕੇ ਸਿਮਰਨ ਕਰਨ ਲੱਗ ਪਏ ਤੇ ਦੁਨੀਆਂ ਦੇ ਜਿਹੜੇ ਪਦਾਰਥ ਹਨ ਉਹ ਤੁਹਾਡੇ ਮਗਰ-ਮਗਰ ਫਿਰਣਗੇ:-

*ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ॥*
*ਜੋ ਮਨਿ ਚਿਤਿ ਇਕੁ ਅਰਾਧਦੇ*
*ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ॥"* (ਪੰਨਾ ੩੦੬)

ਇਹੋ ਜਿਹਾ ਹੋਰ ਕੋਈ ਵਣਜ ਹੈ ਕਿ ਜਿਹੜਾ ਇਕ ਕਮਾਈ ਕਰੇ ਤੇ ਕਰੋੜਾਂ ਮਨੁੱਖ ਉਸਦੀ ਕਮਾਈ ਖਾਣ। ਉਹ ਵਣਜ ਹੈ ਅਕਾਲ-ਪੁਰਖ ਪਰਮੇਸ਼ਰ ਦੇ ਨਾਮ ਦੀ ਕਮਾਈ ਦਾ ਅਗੇ ਭਗਤ ਜੀ ਕਹਿੰਦੇ ਹਨ ਸਾਰੀ ਜ਼ਿੰਦਗੀ ਤੂੰ ਕਾਮ ਦੇ ਰੋਗ ਵਿਚ ਬੱਝਾ ਰਹੇਂਗਾ ਤੇ ਆਉਣ ਵਾਲਾ ਜਨਮ ਤੈਨੂੰ ਵੇਸਵਾ ਦਾ ਨਸੀਬ ਹੋਵੇਗਾ, ਜਿਹੜਾ ਮਨੁੱਖ ਸਾਕ ਸੰਬੰਧੀ ਪੁੱਤਰ ਧੀਆਂ ਦੇ ਝੂਠੇ ਮੋਹ 'ਚ ਜਕੜਿਆ ਹੋਇਆ ਹੈ ਕਿ ਉਹ ਲੱਖ ਯਤਨ ਵੀ ਕਰੇ ਬਿਨਾਂ ਪ੍ਰਭੂ ਬੰਦਗੀ ਸਿਮਰਨ ਸਾਧਨਾ ਕਰਨ ਤੋਂ ਬਗ਼ੈਰ ਨਹੀਂ ਨਿਕਲ ਸਕਦਾ। ਅਗਰ ਨਿਕਲ ਸਕਦਾ ਹੈ ਤਾਂ ਗੁਰੂ ਦੀ ਮੱਦਦ ਨਾਲ, ਗੁਰੂ ਦੀ ਬਖ਼ਸ਼ਿਸ਼ ਨਾਲ।

*"ਸਤਿਗੁਰ ਬਾਝਹੁ ਗੁਰੁ ਨਹੀ ਕੋਈ*
*ਨਿਗੁਰੇ ਕਾ ਹੈ ਨਾਉ ਬੁਰਾ॥ ੧੩॥"* (ਪੰਨਾ ੪੩੫)

ਭਾਵ ਕਿ ਗੁਰੂ ਵਾਲੇ ਬਣ ਜਾਉ ਤੇ ਇਸ ਜੰਜਾਲ ਵਿਚੋਂ ਗੁਰੂ ਤੁਹਾਨੂੰ ਆਪੇ ਹੀ ਕੱਢ ਲਵੇਗਾ। ਔਰ ਜਿਨ੍ਹਾਂ ਸਾਕ-ਸਬੰਧੀਆਂ ਕਰਕੇ ਅਸੀਂ ਪਰਮੇਸ਼ਰ ਦੀ ਅਰਾਧਨਾ ਨਹੀਂ ਕਰ ਸਕਦੇ, ਧੰਨ ਗੁਰੂ ਤੇਗ ਬਹਾਦਰ ਜੀ ਨੇ ਉਹਨਾਂ ਦਾ ਹੀ ਨਾਮ ਲਿਆ ਹੈ:-

*"ਸਾਧੋ ਇਹੁ ਜਗੁ ਭਰਮ ਭੁਲਾਨਾ॥*
*ਰਾਮ ਨਾਮ ਕਾ ਸਿਮਰਨੁ ਛੋਡਿਆ*
*ਮਾਇਆ ਹਾਥਿ ਬਿਕਾਨਾ॥ ੧॥ ਰਹਾਉ॥*
*ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ॥"*

(ਪੰਨਾ ੬੮੪)

*"ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ*
*ਸਦਾ ਰਹਤ ਸੰਗ ਲਾਗੀ॥ ਜਬ ਹੀ ਹੰਸ ਤਜੀ ਇਹ ਕਾਂਇਆ*
*ਪ੍ਰੇਤ ਪ੍ਰੇਤ ਕਰਿ ਭਾਗੀ॥ ੨॥"* (ਪੰਨਾ ੬੩੪)

ਕਮਾਲ ਦੀ ਗੱਲ ਹੈ ਕਿ ਜਿਹੜੇ ਪਰਿਵਾਰ ਦੇ ਜੀਅ ਇਹ ਕਹਿੰਦੇ ਨੇ ਕਿ ਤੁਸੀਂ ਪਹੁੰਚੋਗੇ ਤਾਂ ਪਰਸ਼ਾਦਾ ਛਕਾਂਗੇ ਤੇ ਜੇ ਉਹੋ ਜੀਵ 'ਤੇ ਅੰਤਲਾ ਸਮਾਂ ਆ ਜਾਂਦਾ ਹੈ ਤੇ ਫਿਰ ਕਹਿੰਦੇ ਨੇ ਇਸ ਨੂੰ ਕੱਢੋ ਤਾਂ ਹੀ ਪਰਸ਼ਾਦਾ ਛਕਾਂਗੇ। ਉਹੀ ਮਨੁੱਖ ਹੈ, ਕੋਈ ਤਬਦੀਲੀ ਨਹੀਂ ਆਈ, ਸਿਰਫ਼ ਇਕ ਭੌਰ ਉਡਾਰੀ ਮਾਰ ਗਿਆ ਹੈ, ਔਰ ਉਸ ਨੂੰ ਇਕ ਘੜੀ ਵੀ ਰੱਖਣਾ ਭਾਰੀ ਹੋ ਗਿਆ ਹੈ। ਪਹਿਲਾਂ ਸੀ ਕਿ ਜਿੰਨਾਂ ਚਿਰ ਆਉਂਦਾ ਨਹੀਂ ਉਤਨਾ ਚਿਰ ਪਰਸ਼ਾਦਾ ਨਹੀਂ ਛਕਣਾ। ਫਿਰ ਇਹ ਹੋ ਜਾਂਦਾ ਹੈ ਕਿ ਜਿੰਨਾਂ ਚਿਰ ਇਸ ਦੀ ਅੰਤਮ ਕ੍ਰਿਆ ਨਾ ਕਰ ਦੇਈਏ ਤੇ ਫੱਟਾ-ਫੱਟ ਟੈਲੀਫੋਨ ਖੜਕ ਜਾਂਦੇ ਨੇ ਕਿ ਜਿੰਨੀ ਜਲਦੀ ਹੋ ਸਕੇ, ਘਰ ਵਿਹਲਾ ਕਰੀਏ।

*"ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥*
*ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥*
*ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥* (ਪੰਨਾ ੯੧੮)

*"ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ॥*
*ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ॥ ੧॥"* (ਪੰਨਾ ੫੩੬)

*"ਸਬਦੁ ਗੁਰੂ ਸੁਰਤਿ ਧੁਨਿ ਚੇਲਾ॥"* (ਪੰਨਾ ੯੪੩)
*ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥* (ਪੰਨਾ ੧੩੭੦)

ਸ਼ਬਦ ਗੁਰੂ ਦੇ ਲੜ ਨਾਲ ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਸਾਨੂੰ ਲਾਇਆ। ਇਸ ਦੇ ਨਾਲ ਪੰਚਮ ਪਿਤਾ ਗੁਰੂ ਅਰਜਨ ਦੇਵ ਜੀ ਕ੍ਰਿਪਾ ਕਰਦੇ ਹਨ:-

*"ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥*
*ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥"*
(ਪੰਨਾ ੫੬੦)

ਭਾਵ ਕਿ ਹਉਮੈ ਤੇਰੇ ਹਿਰਦੇ ਵਿਚੋਂ ਚਲੀ ਜਾਏਗੀ। ਤੇ "ਭਾਈ ਗੁਰਦਾਸ ਸਾਹਿਬ ਜੀ" ਕ੍ਰਿਪਾ ਕਰਦੇ ਹਨ:

*"ਹਉ ਤਿਸੁ ਘੋਲਿ ਘੁਮਾਇਆ, ਗੁਰਮਤਿ ਰਿਦੈ ਗਰੀਬੀ ਆਵੈ।*
*ਹਉ ਤਿਸੁ ਘੋਲਿ ਘੁਮਾਇਆ, ਪਰ ਨਾਰੀ ਦੇ ਨੇੜਿ ਨ ਜਾਵੈ।*
*ਹਉ ਤਿਸੁ ਘੋਲਿ ਘੁਮਾਇਆ, ਪਰ ਦਰਬੈ ਨੋ ਹਥੁ ਨ ਲਾਵੈ।*
*ਹਉ ਤਿਸੁ ਘੋਲਿ ਘੁਮਾਇਆ, ਪਰ ਨਿੰਦਾ ਸੁਣਿ ਆਪੁ ਹਟਾਵੈ।*
*ਹਉ ਤਿਸੁ ਘੋਲਿ ਘੁਮਾਇਆ, ਸਤਿਗੁਰ ਦਾ ਉਪਦੇਸੁ ਕਮਾਵੈ।*
*ਹਉ ਤਿਸੁ ਘੋਲਿ ਘੁਮਾਇਆ, ਥੋੜਾ ਸਵੈ ਥੋੜਾ ਹੀ ਖਾਵੈ।*

ਇਸ ਪੰਕਤੀ ਵਿਚ ਇਹ ਨਹੀਂ ਕਿਹਾ ਕਿ ਪੜ੍ਹਾਵੇ ਜਾਂ ਸੁਣਾਵੇ ਬਲਕਿ 'ਕਮਾਵੈ' ਸ਼ਬਦ ਦੀ ਵਰਤੋਂ ਭਾਈ ਸਾਹਿਬ ਜੀ ਨੇ ਕੀਤੀ ਹੈ:-

*ਹਉ ਤਿਸੁ ਘੋਲਿ ਘੁਮਾਇਆ, ਸਤਿਗੁਰ ਦਾ ਉਪਦੇਸੁ ਕਮਾਵੈ।*
*ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।*
*ਗੁਰਮੁਖਿ ਸੋਈ ਸਹਜਿ ਸਮਾਵੈ॥ ੪॥"* *(ਵਾਰ ੧੨, ਪਉੜੀ ੪)*

ਕਹਿੰਦੇ ਉਸ ਗੁਰਮੁਖ ਦੀ ਅਵਸਥਾ ਸਹਿਜਤਾ ਵਾਲੀ ਬਣ ਸਕਦੀ ਹੈ, ਜਿਹੜਾ ਨਾਮ ਦੀ ਕਮਾਈ ਕਰਦਾ ਹੋਵੇਗਾ। ਸੰਤ ਬਾਬਾ ਈਸ਼ਰ ਸਿੰਘ ਜੀ ਨੇ ਉਹਨਾਂ ਨੂੰ ਪੁੱਛਣਾ ਕੀਤਾ ਕਿ "ਨਾਮ ਦੀ ਬਖ਼ਸ਼ਿਸ਼ ਸਾਡੇ ਤੇ ਕਿਸ ਤਰ੍ਹਾਂ ਹੋਵੇ?" ਅਸੀਂ ਇਹ ਮੋਹ ਦੇ ਜਾਲ ਵਿਚੋਂ ਕਿਸ ਤਰ੍ਹਾਂ ਉਭਰੀਏ? ਤਾਂ ਮਹਾਂਪੁਰਸ਼ਾਂ ਨੇ ਕਹਿਣਾ ਕੀਤਾ ਕਿ ਇਹ ਪੈਂਡਾ ਬੜਾ ਔਖਾ ਹੈ? ਪਰ ਜਿਹੜਾ ਸਿਰ ਤਲੀ 'ਤੇ ਰੱਖ ਕੇ ਤੁਰ ਪੈਂਦਾ ਹੈ ਤਾਂ :

*"ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ ੨੦॥"* *(ਪੰਨਾ ੧੪੧੨)*

ਕਹਿੰਦੇ ਜਦੋਂ ਸਿਰ ਤਲੀ 'ਤੇ ਰੱਖ ਲਈਏ, ਉਸ ਤੋਂ ਬਾਅਦ ਹੀ ਮਾਰਗ ਦੇ ਕਦਮ ਪੁੱਟੇ ਜਾਂਦੇ ਨੇ। ਇਸ ਕਰਕੇ ਗੁਰੂ ਤੇਗ ਬਹਾਦੁਰ ਮਹਾਰਾਜ ਜੀ ਦਾ ਫ਼ੁਰਮਾਣ ਹੈ—

*"ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥ ੧॥ ਰਹਾਉ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥ ੧॥"* *(ਪੰਨਾ ੭੨੬)*

ਝੂਠੇ ਲਾਲਚਾਂ ਵਿਚ ਗੁਰਮੁਖ ਪਿਆਰਿਓ ! ਸਾਨੂੰ ਪਰਮੇਸ਼ਰ ਵਾਹਿਗੁਰੂ ਵੀ ਭੁੱਲ ਗਿਆ। ਬੈਰਾਗ ਦੀ ਮੂਰਤੀ ਧੰਨ ਗੁਰੂ ਤੇਗ ਬਹਾਦਰ ਜੀ ਰਾਗ ਜੈਜਾਵੰਤੀ ਦੇ ਅੰਦਰ ਕ੍ਰਿਪਾ ਕਰਦੇ ਹਨ :-

*"ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥* *(ਪੰਨਾ ੧੩੫੨)*

ਗੁਰੂ ਜੀ ਕਹਿੰਦੇ ਨੇ ਕਿ ਰਾਮ ਸਿਮਰ, ਰਾਮ ਸਿਮਰ, ਤੇ ਅਸੀਂ ਸਭ ਕਹਿੰਦੇ ਹਾਂ ਕਿ ਕਿਉਂ ਸਿਮਰੀਏ ? ਤਾਂ ਇਸਦਾ ਜਵਾਬ ਸਮਰੱਥ ਗੁਰੂ ਦਿੰਦੇ ਹਨ ਕਿ ਕਿਉਂ ਰਾਮ ਨੂੰ ਸਿਮਰੀਏ? ਕਿਉਂਕਿ ਪਰਮੇਸਰ ਨੇ ਤੈਨੂੰ ਭੇਜਿਆ ਹੀ ਸਿਮਰਨ ਬੰਦਗੀ ਵਾਸਤੇ ਹੈ:—

ਅਗਰ ਤੂੰ ਸਤਿਗੁਰਾਂ ਦਾ ਬਚਨ ਨਾ ਮੰਨਿਆ ਫਿਰ ਅਖ਼ੀਰ ਤੈਨੂੰ ਪਛਤਾਉਣਾ ਪਵੇਗਾ

ਜੈਸਾ ਕਿ ਭਗਤ ਕਬੀਰ ਜੀ ਦੇ ਬਚਨ ਹਨ:-

*"ਰਾਮੁ ਸਿਮਰੁ ਪਛੁਤਾਹਿਗਾ ਮਨ॥*
*ਪਾਪੀ ਜੀਅਰਾ ਲੋਭੁ ਕਰਤੁ ਹੈ*
*ਆਜੁ ਕਾਲਿ ਉਠਿ ਜਾਹਿਗਾ॥ ੧॥ ਰਹਾਉ॥*
*ਲਾਲਚ ਲਾਗੇ ਜਨਮੁ ਗਵਾਇਆ*
*ਮਾਇਆ ਭਰਮ ਭੁਲਾਹਿਗਾ॥*
*ਧਨ ਜੋਬਨ ਕਾ ਗਰਬੁ ਨ ਕੀਜੈ*
*ਕਾਗਦ ਜਿਉ ਗਲਿ ਜਾਹਿਗਾ॥ ੧॥*
*ਜਉ ਜਮੁ ਆਇ ਕੇਸ ਗਹਿ ਪਟਕੈ*
*ਤਾ ਦਿਨ ਕਿਛੁ ਨ ਬਸਾਹਿਗਾ॥*
*ਸਿਮਰਨੁ ਭਜਨੁ ਦਇਆ ਨਹੀ ਕੀਨੀ*
*ਤਉ ਮੁਖਿ ਚੋਟਾ ਖਾਹਿਗਾ॥ ੨॥*
*ਧਰਮ ਰਾਇ ਜਬ ਲੇਖਾ ਮਾਗੈ*
*ਕਿਆ ਮੁਖੁ ਲੈ ਕੈ ਜਾਹਿਗਾ॥*
*ਕਹਤੁ ਕਬੀਰੁ ਸੁਨਹੁ ਰੇ ਸੰਤਹੁ*
*ਸਾਧਸੰਗਤਿ ਤਰਿ ਜਾਂਹਿਗਾ॥ ੩॥ ੧॥" (ਪੰਨਾ ੧੧੦੬)*

ਕੋਈ ਦੁਨੀਆਂ ਦੀ ਐਸੀ ਤਾਕਤ ਹੈ ਜਿਹੜੀ ਇਸ ਫ਼ੈਸਲੇ ਨੂੰ ਝੁਠਲਾ ਦੇਵੇ। ਕੋਈ ਹੈ ਜਿਹੜਾ ਉਹਨਾਂ ਉਤੇ ਉਂਗਲੀ ਚੁੱਕੇ। ਲੇਕਿਨ ਅਸੀਂ ਉਹਨਾਂ ਉੱਤੇ ਉਂਗਲੀ ਚੁੱਕ ਰਹੇ ਹਾਂ। ਕਿਉਂਕਿ ਭਗਤ ਜੀ ਕਹਿੰਦੇ ਤੂੰ ਸਤਿਸੰਗਤ ਕਰ, ਤਰ ਜਾਏਂਗਾ। ਪਰ ਅਸੀਂ ਕਹਿੰਦੇ ਹਾਂ ਕਿ ਅਸੀਂ ਡੁੱਬਦੇ ਹੀ ਚੰਗੇ ਹਾਂ। ਇਸ 'ਤੇ ਵਾਹਿਗੁਰੂ ਕੀ ਕਰ ਸਕਦਾ ਹੈ? ਉਹ ਸਾਨੂੰ ਚੰਗੇ ਪਾਸੇ ਲਾਉਂਦਾ ਹੈ, ਪਰ ਅਸੀਂ ਚੰਗੇ ਪਾਸੇ ਲੱਗਦੇ ਨਹੀਂ। ਇਸ ਸਭ ਤੋਂ ਬਿਨਾਂ ਸਾਨੂੰ ਕੋਈ ਫਲ ਨਾਮ ਦਾ ਮਿਲ ਸਕਦਾ ਹੈ? ਸਾਨੂੰ ਗੁਰੂ ਦੇ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ? ਨਹੀਂ ਸਿਮਰਨ ਕਰਨ ਵਾਸਤੇ ਇਹ ਰਾਜ਼ੀ ਨਹੀਂ ਤੇ ਇਸ ਨੂੰ ਪਰਮਗਤ ਦੀ ਪ੍ਰਾਪਤੀ ਕਿਸ ਤਰ੍ਹਾਂ ਹੋ ਸਕਦੀ ਹੈ? ਦਰਖ਼ਤ ਦਾ ਬੀਅ ਬੀਜਿਆ ਨਹੀਂ ਤੇ ਛਾਵੇਂ ਬੈਠਣ ਦੀ ਆਸ ਲਾਈ ਹੈ। ਇਹ ਕਿਵੇਂ ਹੋ ਸਕਦਾ ਹੈ ਕਿ ਸੇਵਾ ਕਰੀਏ ਨਾ, ਬਾਣੀ ਪੜ੍ਹੀਏ ਨਾ, ਬੰਦਗੀ ਕਰੀਏ ਨਾ ਤੇ ਫਲ ਦੀ ਪ੍ਰਾਪਤੀ ਸਾਨੂੰ ਕਿਥੋਂ ਹੋ ਜਾਵੇ? ਗੁਰਬਾਣੀ ਦਾ ਫ਼ੁਰਮਾਣ ਹੈ:-

*ਲਾਜ ਮਰੈ ਜੋ ਨਾਮੁ ਨ ਲੇਵੈ॥*
*ਨਾਮ ਬਿਹੂਨ ਸੁਖੀ ਕਿਉ ਸੋਵੈ॥*
*ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ॥*

*ਮੂਲ ਬਿਨਾ ਸਾਖਾ ਕਤ ਆਹੈ॥ ੧॥ (ਪੰਨਾ੧੧੪੮)*

ਗੁਰਸਿਖਾ ! ਨਾਮ ਜਪ, ਬੰਦਗੀ ਕਰ ਤਾਂ ਹੀ ਤੈਨੂੰ ਕੋਈ ਫਲ ਮਿਲ ਸਕਦਾ ਹੈ। ਜੇ ਤੂੰ ਗੁਰੂ ਵਾਸਤੇ ਕੁਝ ਨਹੀਂ ਕਰ ਸਕਦਾ ਤੇ ਫਿਰ ਗੁਰੂ ਤੇਰੇ ਵਾਸਤੇ ਕਿਵੇਂ ਕੁਝ ਕਰੇਗਾ? ਇਸ ਲਈ ਕਿਣਕਾ-ਕਿਣਕਾ ਕਰ ਕੇ ਨਾਮ ਹਾਸਿਲ ਕਰ। ਤਾਂ ਹੀ ਤੂੰ ਗੁਰੂ ਨੂੰ ਤੇ ਗੁਰੂ ਦੇ ਦਿੱਤੇ ਹੋਏ ਨਾਮ ਨੂੰ ਤੇ ਉਸਦੀ ਬੰਦਗੀ ਨੂੰ ਪ੍ਰਾਪਤ ਕਰ ਸਕਦਾ ਹੈਂ। ਤਾਂ ਹੀ ਹਉਮੈ ਦੇ ਭਾਰੀ ਰੋਗ ਤੋਂ ਬਚ ਸਕਦਾ ਹੈਂ।

ਧੰਨ ਗੁਰੂ ਅਰਜਨ ਦੇਵ ਜੀ ਸ਼ਬਦ ਦੀਆਂ ਅਖ਼ੀਰਲੀਆਂ ਪੰਕਤੀਆਂ ਵਿਚ ਕ੍ਰਿਪਾ ਕਰਦੇ ਹਨ, ਪੂਰਾ ਗੁਰੂ ਮਿਲਣ ਕਰਕੇ ਹੀ ਹਉਮੈ ਦਾ ਨਾਸ ਹੋ ਸਕਦਾ ਹੈ, ਅਤੇ ਉਸ ਸੱਚੇ ਵਾਹਿਗੁਰੂ ਦੇ ਨਾਲ ਤੇਰੀ ਅਭੇਦਤਾ ਅਤੇ ਹਉਮੈ ਦੇ ਭਿਆਨਕ ਰੋਗ ਤੋਂ ਬਚ ਸਕਦਾ ਹੈ।

*ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ॥*
*ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ॥*

*(ਪੰਨਾ ੫੬੦)*

❖❖❖

# ਸੁੱਖਾਂ ਦੀ ਪ੍ਰਾਪਤੀ ਕਿਵੇਂ ਹੋਵੇ ?

"੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ
ਗੁਰ ਪ੍ਰਸਾਦਿ॥ ਜਪੁ॥
ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ
ਨਾਨਕ ਹੋਸੀ ਭੀ ਸਚੁ॥ ੧॥"

(੧) *"ਸੁਨਿ ਮਨ ਅਕਥ ਕਥਾ ਹਰਿ ਨਾਮ॥
ਰਿਧਿ ਬੁਧਿ ਸਿਧਿ ਸੁਖ ਪਾਵਹਿ
ਭਜੁ ਗੁਰਮਤਿ ਹਰਿ ਰਾਮ ਰਾਮ॥ ੧॥"* *(ਪੰਨਾ ੭੧੯)*

ਗੁਰਦੇਵ ਜੀ ਕਹਿੰਦੇ ਹਨ ਹੇ ਮਨਾ ! ਤੂੰ ਇਨ੍ਹਾਂ ਕੰਨਾਂ ਦੇ ਰਾਹੀਂ ਉਸ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੀਆਂ ਕਥਾ-ਕਹਾਣੀਆਂ ਸਰਵਣ ਕਰ। ਉਸ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਦੇ ਨਾਮ ਦੀ ਵਡਿਆਈ, ਨਾਮ ਦੀ ਉਪਮਾ, ਇਨ੍ਹਾਂ ਕੰਨਾਂ ਦੇ ਨਾਲ ਸਰਵਣ ਕਰਨਾ ਕਰ। ਗੁਰਮੁਖ ਪਿਆਰਿਓ ! ਧਿਆਨ ਦੇਣਾ, ਜਿਸ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਨੇ ਇਹ ਸਾਨੂੰ ਸਰੀਰ ਦਿੱਤਾ ਤੇ ਇਸ ਸਰੀਰ ਦੇ ਗਿਆਨ-ਇੰਦਰੇ ਦਿੱਤੇ ਹਨ, ਇਨ੍ਹਾਂ ਨੂੰ ਇਸ਼ਾਰਾ ਕਰਕੇ ਗੁਰੂ ਸਾਹਿਬਾਂ ਨੇ ਪਵਿੱਤਰ ਬਾਣੀ ਦੇ ਵਿਚ ਲਿਖਣਾ ਕੀਤਾ ਹੈ:-

*"ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥"* *(ਪੰਨਾ ੯੨੨)*

ਗੁਰਦੇਵ ਜੀ ਇਹ ਵੀ ਫ਼ੁਰਮਾਨ ਕਰਦੇ ਹਨ :-

*"ਸੁਨਿ ਮਨ ਅਕਥ ਕਥਾ ਹਰਿ ਨਾਮ॥"*

ਕਿ ਇਨ੍ਹਾਂ ਕੰਨਾਂ ਦੇ ਨਾਲ ਪਰਮੇਸ਼ਰ ਦੀ ਵਡਿਆਈ, ਉਪਮਾ ਸਰਵਣ ਕਰਨੀ ਕਰ। ਤੇ ਜਿਹੜੇ ਇਨ੍ਹਾਂ ਕੰਨਾਂ ਦੇ ਨਾਲ ਚੁਗਲੀ, ਨਿੰਦਾ ਸਰਵਣ ਕਰਦੇ ਹਨ, ਉਹ ਗੁਰੂ ਤੋਂ ਬੇਮੁੱਖ ਹਨ। ਉਹਨਾਂ ਨੂੰ ਗੁਰਦੇਵ ਜੀ ਨੇ ਮਨਮੁੱਖ ਕਿਹਾ ਹੈ। ਧੰਨ ਗੁਰੂ ਅਮਰਦਾਸ ਪਾਤਸ਼ਾਹ,

ਜਿਨ੍ਹਾਂ ਦੇ ਮੁਤੱਲਕ ਭੱਟਾਂ ਨੇ ਸਵਈਆਂ ਵਿਚਿ ਉਪਮਾ ਕੀਤੀ ਹੈ:-

*"ਭਲੇ ਅਮਰਦਾਸ ਗੁਣ ਤੇਰੇ*
*ਤੇਰੀ ਉਪਮਾ ਤੋਹਿ ਬਨਿ ਆਵੈ॥"* *(ਪੰਨਾ ੧੩੯੬)*

ਇਸ ਤੋਂ ਭਾਵ ਹੈ ਕਿ ਭਲੇ ਅਮਰਦਾਸ ਗੁਰੂ, ਅਸੀਂ ਤੇਰੀ ਉਪਮਾ ਨਹੀਂ ਜਾਣ ਸਕਦੇ। ਤੇਰੀ ਵਡਿਆਈ ਤੂੰ ਹੀ ਜਾਣ ਸਕਦਾ ਹੈਂ। ਧੰਨ ਗੁਰੂ ਅਮਰਦਾਸ ਜੀ ਆਨੰਦ-ਸਾਹਿਬ ਦੀ ਪਵਿੱਤਰ ਬਾਣੀ ਵਿਚ ਪ੍ਰਮਾਣ ਦਿੰਦੇ ਹਨ, ਜਿਨ੍ਹਾਂ ਇੰਦਰਿਆਂ ਦੀ ਗੱਲ ਮੈਂ ਪਹਿਲਾਂ ਵੀ ਤੁਹਾਡੇ ਨਾਲ ਕੀਤੀ ਹੈ। ਔਰ ਅਗਰ ਅਸੀਂ ਗੁਰਦੇਵ ਨੂੰ ਪੁੱਛੀਏ ਕਿ ਹੇ ਪਰਮੇਸ਼ਰ, ਤੂੰ ਇਹ ਸਰੀਰ ਕਾਹਦੇ ਵਾਸਤੇ ਦਿੱਤਾ ਹੈ? ਤੇ ਸਰਵਣ ਭਾਵ ਕੰਨ ਕਾਹਦੇ ਵਾਸਤੇ ਦਿੱਤੇ ਹਨ ਔਰ ਇਹ ਜੀਭਾ ਕਾਹਦੇ ਵਾਸਤੇ ਦਿੱਤੀ ਹੈ? ਤੇ ਧੰਨ ਗੁਰੂ ਅਮਰਦਾਸ ਜੀ ਕ੍ਰਿਪਾ ਕਰਦੇ ਹਨ:-

*"ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥"*

ਭਾਵ ਕਿ ਜਿਸ ਪਰਮੇਸ਼ਰ ਨੇ ਸਾਨੂੰ ਇਹ ਵਸਤੂ ਦਿੱਤੀ ਔਰ ਨਾਲ ਇਹ ਵੀ ਬਚਨ ਕਹਿ ਦਿੱਤੇ ਕਿ ਇਨ੍ਹਾਂ ਕੰਨਾਂ ਦੇ ਨਾਲ ਕੇਵਲ ਤੇ ਕੇਵਲ ਸੱਚ ਸੁਣਨਾ ਕਰੋ। ਜਿਥੇ ਕੰਨਾਂ ਨੂੰ ਹਿਦਾਇਤ ਹੈ ਸੱਚ ਸੁਣਨ ਦੀ, ਉਥੇ ਅੱਖਾਂ ਨੂੰ ਕੇਵਲ ਗੁਰੂ ਦੇ ਦਰਸ਼ਨ ਕਰਨ ਲਈ ਕਿਹਾ ਹੈ। ਹਰ ਜ਼ੱਰਰੇ ਦੇ ਵਿਚ ਉਸ ਅਕਾਲ-ਪੁਰਖ ਵਾਹਿਗੁਰੂ ਦੀ ਜੋਤ ਦੇ ਦਰਸ਼ਨ ਹੋਣੇ ਚਾਹੀਦੇ ਹਨ।

ਜੈਸਾ ਕਿ ਭਾਈ ਗੁਰਦਾਸ ਸਾਹਿਬ ਜੀ ਦੇ ਬਚਨ ਆਉਂਦੇ ਹਨ :—

1. ਧ੍ਰਿਗੁ ਸਿਰੁ ਜੋ ਗੁਰ ਨ ਨਿਵੈ, ਗੁਰ ਲਗੈ ਨ ਚਰਣੀ।
2. ਧ੍ਰਿਗੁ ਲੋਇਣਿ ਗੁਰ ਦਰਸ਼ ਵਿਣੁ, ਵੇਖੈ ਪਰ ਤਰਣੀ।
3. ਧ੍ਰਿਗ ਸਰਵਣਿ ਉਪਦੇਸ ਵਿਣੁ, ਸੁਣਿ ਸੁਰਤਿ ਨ ਧਰਣੀ।
4. ਧ੍ਰਿਗ ਜਿਹਬਾ ਗੁਰ ਸਬਦ ਵਿਣੁ, ਹੋਰ ਮੰਤ੍ਰ ਸਿਮਰਣੀ।
5. ਵਿਣੁ ਸੇਵਾ ਧ੍ਰਿਗੁ ਹਥ ਪੈਰ, ਹੋਰ ਨਿਹਫਲ ਕਰਣੀ।
6. ਪੀਰ ਮੁਰੀਦਾਂ ਪਿਰਹੜੀ, ਸੁਖ ਸਤਿਗੁਰ ਸਰਣੀ॥੧੦॥

*(ਭਾਈ ਗੁਰਦਾਸ ਜੀ, ਵਾਰ ੨੭)*

1. ਉਸ ਸਿਰ ਨੂੰ ਧ੍ਰਿਕਾਰ ਹੈ ਜੋ ਸੱਚੇ ਸਤਿਗੁਰਾਂ ਦੇ ਚਰਨੀ ਨਹੀਂ ਲਗਦਾ।

2. ਉਨ੍ਹਾਂ ਨੈਣਾਂ ਭਾਵ ਅੱਖਾਂ ਨੂੰ ਧ੍ਰਿਕਾਰ ਹੈ, ਜੋ ਪੂਰੇ ਗੁਰੂ ਨੂੰ ਨਹੀਂ ਦੇਖਦੀਆਂ ਪਰਾਏ ਤਨ ਨੂੰ ਦੇਖਦੀਆਂ ਹਨ।

3. ਉਨ੍ਹਾਂ ਕੰਨਾਂ ਨੂੰ ਧ੍ਰਿਕਾਰ ਤਾਂ ਇਥੇ ਤੱਕ ਗੁਰਬਾਣੀ ਨੇ ਦੇ ਦਿੱਤੀ: —

*ਕਰਨ ਨ ਸੁਣਹੀ ਨਾਦ ਕਰਨ ਮੁੰਦਿ ਘਾਲਿਆ॥* (ਪੰਨਾ ੧੩੬੨)

ਉਹ ਕੰਨ ਸਿੱਕਾ ਢਾਲ ਕੇ ਬੰਦ ਕਰ ਦੇਣੇ ਚਾਹੀਦੇ ਹਨ ਜਿਹੜੇ ਪਤੀ ਪਰਮਾਤਮਾ ਦਾ ਹਰ ਜਸ ਕੀਰਤਨ ਨਾਮ ਮਹਿਮਾ ਸ੍ਰਵਣ ਨਹੀਂ ਕਰਦੇ।

4. ਉਸ ਜੀਭ ਬਾਰੇ ਵੀ ਗੁਰਬਾਣੀ ਦਾ ਫ਼ੁਰਮਾਣ ਹੈ :

*ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰ ਕਟੀਐ॥* (ਪੰਨਾ ੧੩੬੨)

ਜਿਹੜੀ ਰਸਨਾ ਤੋਂ ਸਤਿਨਾਮੁ ਵਾਹਿਗੁਰੂ ਨਹੀਂ ਨਿਕਲਦਾ ਉਸ ਨੂੰ ਤਿਲ ਤਿਲ ਕੱਟਣ ਦੀ ਸਜ਼ਾ ਅਵੱਸ਼ ਮਿਲਣੀ ਹੈ।

5. ਮੁੱਕਦੀ ਗੱਲ ਭਾਈ ਗੁਰਦਾਸ ਸਾਹਿਬ ਕਹਿੰਦੇ ਹਨ ਬਿਨਾਂ ਸੇਵਾ ਅਤੇ ਸਿਮਰਨ ਤੋਂ ਜੋ ਮਨੁੱਖ ਕਰਦਾ ਹੈ ਸਭ ਨਿਸਫਲ ਹੈ। ਪੂਰਨ ਸੁਖ ਸ਼ਾਂਤੀ ਤਾਂ, ਪੂਰੇ ਗੁਰੂ ਦੀ ਸ਼ਰਣ ਤੋਂ ਹੀ ਪਰਾਪਤਿ ਹੋ ਸਕਦੇ ਹਨ, ਇਸ ਕਰਕੇ:—

*"ਸੁਨਿ ਮਨ ਅਕਥ ਕਥਾ ਹਰਿ ਨਾਮ॥"*

ਅਰਥਾਤ ਕਿ ਉਸ ਨਾਮ ਦੀ ਮਹਿਮਾ ਇਨ੍ਹਾਂ ਕੰਨਾਂ ਦੇ ਨਾਲ ਸੁਣਨੀ ਕਰ। ਤਾਂ ਗੁਰਸਿੱਖ ਕਹਿਣ ਲੱਗਾ ਅਗਰ ਮੈਂ ਕਥਾ ਕਹਾਣੀਆਂ ਸਰਵਣ ਕਰਨ ਲੱਗ ਜਾਵਾਂ ਅਤੇ ਝੂਠ, ਨਿੰਦਿਆ ਤੋਂ ਦੂਰ ਕਰ ਲਵਾਂ ਆਪਣੇ ਆਪ ਨੂੰ ਤੇ ਫਿਰ ਮੈਨੂੰ ਇਸ ਦੀ ਪ੍ਰਾਪਤੀ ਕੀ ਹੋਵੇਗੀ?

*"ਰਿਧਿ ਬੁਧਿ ਸਿਧਿ ਸੁਖ ਪਾਵਹਿ*
*ਭਜੁ ਗੁਰਮਤਿ ਹਰਿ ਰਾਮ ਰਾਮ॥"* (ਪੰਨਾ ੭੧੯)

ਗੁਰਦੇਵ ਜੀ ਕਹਿਣ ਲੱਗੇ ਸਾਰੇ ਪਦਾਰਥ ਤੇ ਰਿਧੀਆਂ-ਸਿੱਧੀਆਂ ਇਹ ਸੁੱਖ ਚਾਰ ਦਿਨ ਦਾ ਨਹੀਂ ਜਿਹੜਾ ਕਿ ਬਾਅਦ ਦੇ ਵਿਚ ਦੁੱਖ ਵਿੱਚ ਤਬਦੀਲ ਹੋ ਜਾਵੇ।

ਗੁਰੂ ਨਾਨਕ ਦੇਵ ਜੀ ਦੇ ਬਚਨ ਤੁਸੀਂ 'ਸੋ ਦਰੁ' ਰਹਿਰਾਸ ਜੀ ਦੀ ਬਾਣੀ ਦੇ ਆਰੰਭ ਵਿਚ ਸ੍ਰਵਨਣ ਕੀਤੇ ਹਨ:-

*"ਦੁਖੁ ਦਾਰੂ ਸੁਖੁ ਰੋਗੁ ਭਇਆ*
*ਜਾ ਸੁਖੁ ਤਾਮਿ ਨ ਹੋਈ॥"* (ਪੰਨਾ ੪੬੯)

ਉਹ ਸੁਖ, ਜਿਨ੍ਹਾਂ ਸੁੱਖਾਂ ਕਰਕੇ ਮੈਂ ਸਿਮਰਨ ਨਹੀਂ ਕਰ ਸਕਿਆ, ਧਾਰਮਿਕ ਅਸਥਾਨਾਂ 'ਤੇ ਨਹੀਂ ਜਾ ਸਕਿਆ, ਸੰਗਤ ਨਹੀਂ ਕਰ ਸਕਿਆ, ਬਾਣੀ ਨਹੀਂ ਪੜ੍ਹ ਸਕਿਆ, ਖੰਡੇ-ਬਾਟੇ ਦਾ ਅੰਮ੍ਰਿਤ ਨਹੀਂ ਛਕ ਸਕਿਆ ਤਾਂ ਫਿਰ ਇਨ੍ਹਾਂ ਸੁੱਖਾਂ ਨੇ ਸਾਨੂੰ ਦੁੱਖ ਬਣ ਕੇ ਟੱਕਰਨਾ ਹੈ। ਪਰ ਗੁਰਦੇਵ ਜੀ ਕਹਿੰਦੇ ਹਨ ਜੇ ਤੂੰ ਪਰਮੇਸ਼ਰ ਦੀ ਗੱਲ ਸੁਣੇਗਾ, ਬਾਣੀ ਸੁਣ ਕੇ ਬਾਣੀ 'ਤੇ ਅਮਲ ਕਰੇਂਗਾ ਤਾਂ ਤੈਨੂੰ ਉਹ ਸੁੱਖ ਮਿਲ ਜਾਵੇਗਾ ਜਿਹੜਾ ਕਿ ਕਦੇ ਵੀ ਦੁੱਖ ਵਿੱਚ ਤਬਦੀਲ ਨਹੀਂ ਹੋਵੇਗਾ। ਜਿਸ ਨੂੰ ਆਪਾਂ ਕਹਿ ਦਿੰਦੇ ਹਾਂ ਸਦੀਵੀ ਸੁੱਖ। ਸਦੀਵੀ ਸ਼ਾਂਤੀ,

ਸਦੀਵੀ ਆਨੰਦ ਉਹ ਅਵਸਥਾ ਹੈ, ਜਿਹੜੀ ਅਵਸਥਾ ਬਾਅਦ ਵਿਚ ਅਡੋਲ ਅਵਸਥਾ ਦਾ ਰੂਪ ਧਾਰਨ ਕਰ ਲੈਂਦੀ ਹੈ। ਅਕਾਲ ਪੁਰਖ ਪਰਮੇਸ਼ਰ ਵਾਹਿਗੁਰੂ ਜੀ ਨੇ ਕੀਤੀ ਰਹਿਮਤ ਅਤੇ ਇਹ ਉਪਦੇਸ਼ ਦਿੱਤਾ ਕਿ ਐ ਮਨੁੱਖ ! ਅਗਰ ਤੂੰ ਸਮਝਣਾ ਚਾਹੇਂ ਤਾਂ ਕਿਹੜੀਆਂ ਘੜੀਆਂ, ਕਿਹੜਾ ਸਮਾਂ ਗੁਰਦੇਵ ਦੇ ਚਰਨਾਂ ਵਿਚ ਸਫਲ ਹੋ ਜਾਂਦਾ ਹੈ, ਪਤਾ ਨਹੀਂ। ਤਾਂ ਗੁਰਸਿੱਖ ਪੁਛਦੇ ਹਨ ਕਿ ਆਪ ਜੀ ਨੇ ਕਿਹੜੀ ਅਵਸਥਾ ਦੀ ਗੱਲ ਕੀਤੀ ਹੈ ਤਾਂ ਗੁਰਦੇਵ ਜੀ ਨੇ ਫ਼ੁਰਮਾਇਆ:-

*"ਸਹਜੇ ਜਾਗੈ ਸਹਜੇ ਸੋਵੈ॥" (ਪੰਨਾ ੬੪੬)*

ਤਥਾ- *"ਅੰਤਰਿ ਸੁੰਨੰ ਬਾਹਰਿ ਸੁੰਨੰ*
*ਤ੍ਰਿਭਵਣ ਸੁੰਨ ਮਸੁੰਨੰ॥*
*ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨਾ ਪੁੰਨੰ॥"*
*(ਪੰਨਾ ੯੪੩)*

ਤਾਂ ਸਤਿਗੁਰ ਪਾਤਸ਼ਾਹ ਜੀ ਕਹਿੰਦੇ ਹਨ:-

*"ਅਮਲੀ ਜੀਵੈ ਅਮਲੁ ਖਾਇ॥*
*ਤਿਉ ਹਰਿ ਜਨੁ ਜੀਵੈ ਹਰਿ ਧਿਆਇ॥ ੧॥" (ਪੰਨਾ ੧੧੮੦)*

ਕਹਿੰਦੇ ਨੇ ਜਿਸ ਤਰ੍ਹਾਂ ਇਕ ਅਮਲੀ ਹੈ ਔਰ ਉਸ ਨੂੰ ਕਿਸੇ ਵੀ ਚੀਜ਼ ਦਾ ਅਮਲ ਲੱਗ ਗਿਆ ਹੈ ਤੇ ਅਮਲ ਤੋਂ ਬਗ਼ੈਰ ਉਸ ਵਾਸਤੇ ਜ਼ਿੰਦਗੀ ਹਰਾਮ ਹੋ ਜਾਂਦੀ ਹੈ। ਔਰ ਜਿਸ ਦਿਨ ਤੈਨੂੰ ਸਤਿਸੰਗਤ ਦਾ, ਬਾਣੀ ਦਾ, ਗੁਰਮੰਤਰ ਦੇ ਅਭਿਆਸ ਦਾ ਅਮਲ ਲੱਗ ਗਿਆ, ਉਸ ਦਿਨ ਤੈਨੂੰ ਵੀ ਇਹ ਅਮਲ ਤੋਂ ਬਿਨਾਂ ਆਪਣੀ ਜ਼ਿੰਦਗੀ ਮਰਿਆਂ ਬਰਾਬਰ ਲੱਗਣੀ ਹੈ। ਇਸੇ ਤਰ੍ਹਾਂ ਕਬੀਰ ਜੀ ਦੇ ਵੀ ਬਚਨ ਹਨ:-

*"ਕਬੀਰ ਸੂਤਾ ਕਿਆ ਕਰਹਿ" (ਪੰਨਾ ੧੩੭੧)*

ਕਹਿੰਦੇ ਐ ਮਨੁੱਖ ! ਮਾਇਆ ਦੇ ਨਸ਼ੇ ਵਿਚ ਤੂੰ ਸੁੱਤਾ ਪਿਆ ਹੈਂ, ਜ਼ਮੀਨ ਜਾਇਦਾਦ ਦੇ ਨਸ਼ੇ ਵਿੱਚ ਤੂੰ ਸੁੱਤਾ ਪਿਆ ਹੈਂ, ਜਵਾਨੀ ਦੇ ਨਸ਼ੇ ਵਿਚ ਤੂੰ ਸੁੱਤਾ ਹੋਇਆ ਹੈਂ, ਮਹਿਲ ਮਾੜੀਆਂ ਤੇ ਕੁਟੰਬ, ਪਰਿਵਾਰਾਂ ਦੇ ਨਸ਼ੇ ਵਿੱਚ ਤੂੰ ਸੁੱਤਾ ਪਿਆ ਹੈਂ, ਉੱਠਣਾ ਕਰ। ਕਿਉਂਕਿ ਸੁੱਤਾ ਹੋਇਆ ਮਨ ਕੁਝ ਵੀ ਨਹੀਂ ਕਰ ਸਕਦਾ। ਕਿਉਂਕਿ ਜਿੰਨਾਂ ਚਿਰ ਸਾਡੀ ਅੰਤਰ ਆਤਮਾ ਸੁੱਤੀ ਹੋਈ ਹੈ, ਉਨਾਂ ਚਿਰ ਸਾਡਾ ਮਨ ਕੁਝ ਨਹੀ ਕਰ ਸਕਦਾ। ਇਸ ਲਈ ਸਾਹਿਬਾਂ ਨੇ ਫ਼ੈਸਲਾ ਦੇ ਦਿੱਤਾ ਕਿ ਅਗਰ ਤੇਰੀ ਜ਼ਿੰਦਗੀ ਵਿੱਚ ਸਿਮਰਨ ਦਾ, ਸਾਧ-ਸੰਗਤਿ ਦਾ, ਬਾਣੀ ਦਾ ਜੇਕਰ ਤੈਨੂੰ ਅਮਲ ਲੱਗ ਗਿਆ, ਜਾਂ ਤੂੰ ਅਮਲ ਲਾ ਲਿਆ ਤੇ ਸਮਝ ਲੈਣਾ ਤੁਹਾਡੇ ਤੇ ਗੁਰੂ ਦੀ ਕ੍ਰਿਪਾ ਹੋ ਗਈ।

*"ਸਾਧਸੰਗਿ ਮਨ ਸੋਵਤ ਜਾਗੇ॥*

*ਤਬ ਪ੍ਰਭ ਨਾਨਕ ਮੀਠੇ ਲਾਗੇ॥"* *(ਪੰਨਾ ੩੮੬)*

ਇਹ ਬਾਣੀ ਐਵੇਂ ਨਹੀਂ ਇੰਨੀ ਮਿੱਠੀ ਲੱਗਦੀ। ਗੁਰਮਤਿ ਵਿਚਾਰਾ ਅਧਿਆਤਮਕ ਵਿਚਾਰਾਂ ਹਰ ਕਿਸੇ ਨੂੰ ਨਹੀਂ ਮਿੱਠੀਆਂ ਲੱਗਦੀਆਂ। ਔਰ ਜੇ ਚੰਗੀਆਂ ਲਗਦੀਆਂ ਹੋਣ ਤੇ ਫਿਰ ਇਹ ਧਾਰਮਿਕ ਅਸਥਾਨਾਂ ਦੇ ਹਾਲ ਐਵੇਂ ਵਿਹਲੇ ਨਾ ਹੋਣ। ਇਸ ਦਾ ਮਤਲਬ ਇਹੋ ਹੈ ਕਿ ਉਹਨਾਂ ਨੂੰ ਇਤਿਹਾਸਕ ਵਿਚਾਰਾਂ ਚੰਗੀਆਂ ਨਹੀਂ ਲਗਦੀਆਂ। ਤੇ ਹੁਣ ਇਹ ਪ੍ਰਸ਼ਨ ਉਠਦਾ ਹੈ ਕਿ ਇਸ ਨੂੰ ਕਦੋਂ ਚੰਗਾ ਲੱਗੇਗਾ ਨਾਮ, ਇਸ ਨੂੰ ਕਦੋਂ ਮਿੱਠਾ ਲੱਗੇਗਾ ਨਾਮ? ਕਦੋਂ ਇਹ ਅਮਲੀ ਵਾਂਗੂੰ ਇਹਨਾਂ ਘੜੀਆਂ ਨੂੰ ਤੜਪੇਗਾ। ਫਿਰ ਗੁਰਦੇਵ ਜੀ ਦੱਸਦੇ ਹਨ ਕਿ ਇਸ ਸੁੱਤੇ ਹੋਏ ਮਨ ਨੂੰ ਜਗਾਉਣ ਵਾਸਤੇ ਸਭ ਤੋਂ ਪਹਿਲਾਂ ਸਤਿਸੰਗਤ ਜ਼ਰੂਰੀ ਹੈ। ਸਤਿਸੰਗਤ ਤੋਂ ਬਗ਼ੈਰ ਗੁਰਮੁਖ ਪਿਆਰਿਓ ਇਹ ਜਾਗ ਨਹੀਂ ਸਕਦਾ।

*"ਪ੍ਰਾਣੀ ਤੂੰ ਆਇਆ ਲਾਹਾ ਲੈਣਿ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥"* *(ਪੰਨਾ ੪੩)*

ਐ ਪ੍ਰਾਣੀ ! ਤੂੰ ਕੁਝ ਲਾਹਾ ਲੈਣ ਵਾਸਤੇ ਆਇਆ ਸੀ। ਕਿਸੇ ਕੰਮ ਪਰਮੇਸ਼ਰ ਵਾਹਿਗੁਰੂ ਜੀ ਨੇ ਤੈਨੂੰ ਭੇਜਿਆ ਸੀ। ਜਿਸ ਤਰ੍ਹਾਂ ਅਸੀਂ ਕੋਈ ਨਾ ਕੋਈ ਕਿਰਤ ਕਰਦੇ ਹਾਂ, ਇਸੇ ਤਰ੍ਹਾਂ ਜਿਸਦੀ ਨੌਕਰੀ ਹੈ ਉਹ ਉਸੇ ਤਰ੍ਹਾਂ ਦਾ ਕੰਮ ਕਰੇਗਾ। ਜਿਵੇਂ ਉਸ ਨੂੰ ਹੁਕਮ ਮਿਲਿਆ ਆਪਣੇ ਤੋਂ ਸੀਨੀਅਰ ਦਾ ਕਿ ਤੂੰ ਇਹ ਕਰਨਾ ਹੈ। ਔਰ ਜੇਕਰ ਉਹ ਨਾ ਕਰੇ ਤੇ ਉਸ ਦਾ ਕੀ ਫ਼ਾਇਦਾ? ਇਸੇ ਤਰ੍ਹਾਂ ਹੀ ਜੇ ਅਸੀਂ ਵੀ ਨਾਮ ਨਹੀਂ ਜਪਾਂਗੇ ਤਾਂ ਸਾਡਾ ਇਸ ਧਰਤੀ 'ਤੇ ਆਉਣ ਦਾ ਕੀ ਫ਼ਾਇਦਾ? ਹੁਣ ਸਾਰੀ ਦੁਨੀਆਂ ਦੇ ਮਾਲਿਕ ਨੇ ਇਸ ਮਨੁੱਖ ਨੂੰ ਸਰੀਰ ਦੇ ਕਰਕੇ, ਸੁਆਸਾਂ ਦਾ ਖ਼ਜ਼ਾਨਾ ਦੇ ਕਰਕੇ ਇਸ ਸੰਸਾਰ ਵਿੱਚ ਪਰਮੇਸ਼ਰ ਨੇ ਸਾਨੂੰ ਹਿਦਾਇਤ ਦੇ ਕਰਕੇ ਭੇਜਿਆ ਹੈ ਕਿ :

*ਪ੍ਰਾਣੀ ਤੂੰ ਆਇਆ ਲਾਹਾ ਲੈਣਿ॥..........*

*(ਪੰਨਾ ੪੩)*

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥*

*(ਪੰਨਾ ੫੨੨)*

*"ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ॥ ੩॥"*

*(ਪੰਨਾ ੭੨੪)*

ਭਾਵ ਕਿ ਬੰਦਗੀ ਕਰਦਾ ਰਹਿ, ਜਿੰਨਾਂ ਚਿਰ ਤੇਰੀ ਜ਼ਿੰਦਗੀ ਵਿਚ ਸਵਾਸ ਨੇ।

*"ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥*
*ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ॥ ੧॥"* *(ਪੰਨਾ ੭੨੪)*

ਸਾਡੇ ਸਾਰੇ ਪ੍ਰਸ਼ਨਾਂ ਦਾ ਉਤਰ ਗੁਰਦੇਵ ਜੀ ਬਾਣੀ ਰਾਹੀਂ ਦੇ ਰਹੇ ਹਨ। ਹੁਣ ਜਿਸ ਮਾਲਿਕ ਨੇ ਸਾਨੂੰ ਇਸ ਸੰਸਾਰ 'ਤੇ ਕਿਸੇ ਕੰਮ ਭੇਜਿਆ ਔਰ ਅਸੀਂ ਇਥੇ ਆ ਕੇ ਉਸ ਮਾਲਿਕ ਦੇ ਕੰਮ ਨੂੰ ਹੁਕਮ ਨੂੰ ਨਾ ਮੰਨ ਕਰਕੇ ਬਲਕਿ ਸੰਸਾਰ ਵਿਚ ਨਿਊਟਲ ਹੋ ਕੇ ਤੁਰੇ ਫਿਰਦੇ ਹਾਂ। ਔਰ ਜਦੋਂ ਅਸੀਂ ਉਸ ਮਾਲਿਕ ਕੋਲ ਜਾਣਾ ਹੈ ਤੇ ਉਸ ਨੇ ਸਾਨੂੰ ਪੁੱਛਣਾ ਹੈ ਕਿ ਹੇ ਭਾਈ! ਤੈਨੂੰ ਇੰਨੇ ਅਰਬ ਮਿਲੀਅਨ ਸਵਾਸ ਦਿੱਤੇ ਨੇ, ਇੰਨੇ ਸਾਰੇ ਸਾਲ ਜ਼ਿੰਦਗੀ ਦੇ ਤੈਨੂੰ ਦਿੱਤੇ ਨੇ, ਇੰਨੀ ਉਮਰ, ਇੰਨੇ ਪਦਾਰਥ ਤੈਨੂੰ ਦਿੱਤੇ ਨੇ ਤੇ ਨਾਲ ਇਹ ਹਿਦਾਇਤ ਵੀ ਕੀਤੀ ਕਿ ਇਹਨਾਂ ਪਦਾਰਥਾਂ ਵਿੱਚ ਜ਼ਿਆਦਾ ਲੁਭਾਇਮਾਨ ਨਹੀਂ ਹੋਣਾ। ਔਰ ਅਗਰ ਤੂੰ ਲੁਭਾਇਮਾਨ ਹੋ ਜਾਵੇਂਗਾ ਤਾਂ ਸਮਝੀਂ ਤੂੰ ਮੇਰੇ ਹੁਕਮ ਨੂੰ ਭੁੱਲ ਜਾਏਗਾ।

*"ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ॥*

*ਜੋ ਬੈਠੇ ਸੇ ਫਾਥਿਆ ਉਬਰੇ ਭਾਗ ਮਥਾਇ॥ ੨॥"* (ਪੰਨਾ ੧੦੯੭)

ਸਾਹਿਬ ਜੀ ਕਹਿੰਦੇ ਹਨ ਜਿਸ ਤਰ੍ਹਾਂ ਗੁੜ ਦੀ ਢੇਲੀ ਹੁੰਦੀ ਹੈ ਉਸ ਨੂੰ ਖਾਣ ਵਾਸਤੇ ਮੱਖੀਆਂ ਆਉਂਦੀਆਂ ਨੇ। ਹੁਣ ਇਕ ਮੱਖੀ ਸਿਆਣੀ ਹੈ, ਚਤੁਰ ਹੈ, ਚਲਾਕ ਹੈ, ਸੂਝਵਾਨ ਹੈ। ਉਸ ਨੇ ਉਸ ਢੇਲੀ ਤੋਂ ਰਸ ਲੈਣਾ ਤੇ ਉੱਡ ਜਾਣਾ। ਇਸ ਲਈ ਉਸ ਨੇ ਉਸੇ ਹਿਸਾਬ ਨਾਲ ਟਚ ਕਰਨਾ ਤੇ ਉੱਡ ਜਾਣਾ ਹੈ। ਤੇ ਜਿਹੜੇ ਸਾਡੇ ਵਰਗੇ ਹਨ। ਅਸਾਂ ਉਸੇ ਤਰ੍ਹਾਂ ਹੀ ਬੈਠ ਜਾਣਾ ਹੈ। ਔਰ ਜਦੋਂ ਉਸ ਮੱਖੀ ਨੇ ਉੱਡਣ ਦੀ ਕੋਸ਼ਿਸ਼ ਕਰਨੀ ਹੈ ਤੇ ਉਸ ਕੋਲ ਉੱਡਿਆ ਨਹੀਂ ਜਾਣਾ ਹੈ। ਭਾਵ ਕਿ ਜਿਹੜੇ ਸਾਡੇ ਵਰਗੇ ਜ਼ਿੰਦਗੀ ਦੇ ਜੰਜਾਲ ਵਿਚ ਫਸ ਗਏ ਚੰਗੀ ਤਰ੍ਹਾਂ ਤੇ ਮੌਤ ਨੂੰ ਭੁੱਲ ਗਏ, ਪਰਮੇਸ਼ਰ ਨੂੰ ਵੀ ਭੁੱਲ ਗਏ। ਤੇ ਗੁਰਸਿੱਖ ਪੁਛੱਣ ਲੱਗੇ, "ਗੁਰਦੇਵ ਜੀ! ਫਿਰ ਬਚੇ ਕਿਹੜੇ ?"

*"ਉਬਰੇ ਭਾਗ ਮਥਾਇ"*

ਕਹਿੰਦੇ ਜਿਨ੍ਹਾਂ ਦੇ ਭਾਗ ਚੰਗੇ। ਜਿੰਨ੍ਹਾਂ ਨੇ ਦਸਾਂ ਨੌਹਾਂ ਦੀ ਕਿਰਤ ਕਮਾਈ ਨੂੰ ਜ਼ਰੂਰੀ ਸਮਝਿਆ, ਉਥੇ ਇਨ੍ਹਾਂ ਨੇ ਸਤਿਸੰਗਤ, ਪਰਉਪਕਾਰ ਨੂੰ ਵੀ ਜ਼ਰੂਰੀ ਸਮਝਿਆ। ਜਿਥੇ ਸਮਾਜ ਦੇ ਕੰਮ ਉਸਨੇ ਜ਼ਰੂਰੀ ਸਮਝੇ, ਉਥੇ ਦੇਸ਼-ਕੌਮ ਤੇ ਧਰਮ ਦੀ ਅੱਣਖ ਖ਼ਾਤਿਰ ਆਪਣੇ ਆਪ ਨੂੰ ਕੁਰਬਾਨ ਕਰ ਜਾਣਾ ਵੀ ਜ਼ਰੂਰੀ ਸਮਝਿਆ। ਇਸ ਲਈ ਉਹ ਬਚ ਗਏ। ਹੋਰ ਬਚਨ ਆਉਂਦਾ ਹੈ, ਸਤਿਗੁਰਾਂ ਦਾ;

*"ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥*

ਕਹਿੰਦੇ ਹੁਣ ਸ੍ਰਿਸ਼ਟੀ ਦੇ ਵਿੱਚ ਹਰ ਮਨੁੱਖ ਆਇਆ ਪਰ ਅਗਰ ਇਸ ਨੂੰ ਸਮਝ ਹੀ ਨਹੀਂ ਕਿ ਮੈਂ ਕੀ ਕਰਨ ਵਾਸਤੇ ਆਇਆ ਹਾਂ ਤੇ ਫਿਰ ਉਹ ਪਸ਼ੂ ਹਨ।

*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥ ੧॥"* (ਪੰਨਾ ੨੫੧)

ਕਹਿੰਦੇ ਜਿਨ੍ਹਾਂ ਦੇ ਭਾਗ ਚੰਗੇ ਨੇ, ਉਹਨਾਂ ਨੇ ਹੀ ਸਮਝਿਆ ਹੈ ਕਿ ਮੈਂ ਸ੍ਰਿਸ਼ਟੀ ਤੇ ਕੀ

ਕਰਨ ਵਾਸਤੇ ਆਇਆ ਹਾਂ?

*"ਪ੍ਰਾਣੀ ਤੂੰ ਆਇਆ ਲਾਹਾ ਲੈਣਿ॥*

ਭਾਵ ਕਿ ਤੂੰ ਆਇਆ ਸੀ ਲਾਹਾ ਲੈਣ, ਸਿਮਰਨ ਕਰਨ ਵਾਸਤੇ, ਬੰਦਗੀ ਕਰਨ ਵਾਸਤੇ ਪਰ;

*"ਲਗਾ ਕਿਤੁ ਕੁਫਕੜੇ*

ਕਿਹੜੇ ਕੰਮਾਂ ਵਿਚ ਤੂੰ ਲੱਗ ਗਿਆ ਹੈ?

*"ਸਭ ਮੁਕਦੀ ਚਲੀ ਰੈਣਿ॥"*

ਰੈਣ, ਭਾਵ ਰਾਤ ਰੂਪੀ ਤੇਰੀ ਉਮਰ ਘਟਦੀ ਜਾਂਦੀ ਹੈ।

*"ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥ ੧॥ ਰਹਾਉ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥ ੧॥"* *(ਪੰਨਾ ੭੨੬)*

ਇਸ ਝੂਠੇ ਸੰਸਾਰ ਦੇ ਵਿਚ ਫਸ ਕੇ ਤੂੰ ਮੌਤ ਨੂੰ ਭੁੱਲ ਗਿਆ, ਪਰਮੇਸ਼ਰ ਨੂੰ ਭੁੱਲ ਗਿਆ, ਆਪਣੇ ਅਸਲ ਕਾਰਜ ਨੂੰ ਭੁੱਲ ਗਿਆ, ਇਥੋਂ ਤੱਕ ਕਿ ਤੂੰ ਮਨੁੱਖਾ ਜਾਮੇ ਦੇ ਪ੍ਰਯੋਜਨ ਨੂੰ ਭੁੱਲ ਗਿਆ।

*"ਕਬੀਰ ਸੂਤਾ ਕਿਆ ਕਰਹਿ*

ਕਹਿੰਦੇ ਮੈਨੂੰ ਦਿਸਦਾ ਨਹੀਂ ਕਿ ਸੁੱਤਾ ਹੋਇਆ ਕਰੇਗਾ ਕੀ? ਕਿਹੜਾ ਸੁੱਤਾ ਹੋਇਆ ਮਨੁੱਖ ਹੈ, ਜਿਹੜਾ ਕੋਈ ਕੰਮ ਕਰ ਸਕਦਾ ਹੈ ?

*ਜਾਗੁ ਰੋਇ ਭੈ ਦੁਖ॥"* *(ਪੰਨਾ ੧੩੭੧)*

ਇਹ ਗੰਦਗੀ ਦਾ ਟੋਕਰਾ ਹੈ, ਜਿਹੜਾ ਮਾਤਾ ਦੀ ਕੁੱਖ ਵਿਚੋਂ ਸਾਨੂੰ ਮਿਲਿਆ। ਕਿਸੇ ਨੇ ਪਾਣੀ ਦੇ ਵਿਚ ਕਿਸੇ ਨੇ ਅੱਗ ਦੇ ਵਿੱਚ ਤੇ ਕਿਸੇ ਨੇ ਧਰਤੀ ਦੇ ਵਿੱਚ ਇਸ ਨੂੰ ਦੱਬ ਦੇਣਾ, ਇਹ ਮਨੁੱਖ ਦੀ ਜ਼ਿੰਦਗੀ ਦਾ ਅੰਤ ਹੈ ਪਰ ਇਹ ਜ਼ਿੰਦਗੀ ਨਹੀਂ।

'ਜੀਵਨ' ਹੈ ਕੀ? ਕਦੀ ਤੁਸੀਂ ਸੋਚਿਆ ! ਹੋਰ ਬਚਨ ਵੀ ਭਗਤ ਕਬੀਰ ਜੀ ਦੇ ਹਨ ਜੈਸਾ ਕਿ;

*"ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ॥"*

ਭਾਵ ਕਿ ਬੈਠਾ ਰਹਿ ਸਾਵਧਾਨੀ ਦੇ ਨਾਲ ਤੇ ਜਾਗ। ਕਹਿੰਦੇ ਜੇ ਤੂੰ ਨੀਂਦ ਵਿਚ ਹੈਂ ਤਾਂ ਕਿਸੇ ਨੇ ਤੈਨੂੰ ਜਗਾਉਣਾ ਨਹੀਂ। ਔਰ ਨਾ ਹੀ ਤੂੰ ਉਠਣਾ ਹੈ। ਇਹ ਚਾਰ ਦਿਨ ਦੀ

ਜ਼ਿੰਦਗੀ ਹੈ, ਇਸ ਲਈ ਪਰਮੇਸ਼ਰ ਵਾਹਿਗੁਰੂ ਦਾ ਸਿਮਰਨ ਕਰਕੇ, ਬੰਦਗੀ ਕਰਕੇ ਇਸ ਨੂੰ ਸਫਲ ਕਰ ਲੈ। ਸਤਿਗੁਰ ਸੱਚੇ ਪਾਤਸ਼ਾਹ ਜੀ ਦੇ ਇਹ ਵੀ ਬਚਨ ਆਉਂਦੇ ਹਨ:-

*"ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ॥" (ਪੰਨਾ ੨੧੨)*

ਜਿਸ ਤਰ੍ਹਾਂ ਆਪਾਂ ਕਿਸੇ ਦੇ ਮਹਿਮਾਨੀ ਤੌਰ ਤੇ ਜਾਈਏ ਔਰ ਉਥੇ ਜਾ ਕਰਕੇ ਆਪਾਂ ਡੇਰਾ ਬਣਾ ਕੇ ਬੈਠ ਜਾਈਏ ਤੇ ਭੁੱਲ ਜਾਈਏ ਕਿ ਆਪਾਂ ਇਥੋਂ ਜਾਣਾ ਹੀ ਨਹੀਂ ਤੇ ਗੁਰਮੁਖ ਪਿਆਰਿਓ ਜਿਨ੍ਹਾਂ ਦੇ ਆਪਾਂ ਮਹਿਮਾਨ ਗਏ ਹਾਂ, ਉਹ ਸਾਨੂੰ ਕਿੰਨਾਂ ਕੁ ਚਿਰ ਰੱਖਣਗੇ। ਇਕ ਦਿਨ ਤਾਂ ਉਸ ਘਰ ਨੂੰ ਛੱਡਣਾ ਹੀ ਪੈਣਾ ਹੈ। ਕਹਿੰਦੇ ਨੇ ਗੁਰਦੇਵ ਕਿ ਐ ਮਨੁੱਖ ! ਤੂੰ ਇਸ ਦੁਨੀਆਂ ਤੇ ਮੁਸਾਫ਼ਿਰ ਬਣ ਕੇ ਆਇਆ ਹੈਂ, ਇਕ ਰੈਣ-ਰੂਪੀ ਉਮਰ ਲੈ ਕੇ ਆਇਆ ਹੈਂ ਤੇ ਤੂੰ ਆਸਾਂ ਜੁਗਾਂ ਦੀਆਂ ਰੱਖ ਲਈਆਂ ਨੇ। ਕਿਉਂਕਿ ਸਿਮਰਨ ਵਾਸਤੇ, ਬੰਦਗੀ ਵਾਸਤੇ ਉਪਰਾਮ ਹੋਣ ਵਾਸਤੇ, ਬਾਣੀ ਮਿੱਠੀ ਲੱਗਣ ਵਾਸਤੇ, ਸ਼ਬਦ-ਸੁਰਤ ਦਾ ਅਭਿਆਸ ਕਰਨ ਵਾਸਤੇ, ਮਨ ਬਿਰਤੀ ਨੂੰ ਇਕਾਗਰ ਕਰਨ ਵਾਸਤੇ ਇਨ੍ਹਾਂ ਗੱਲਾਂ ਦੀ ਜ਼ਰੂਰਤ ਹੈ। ਕਾਰਣ ਹੀ ਇਹ ਹੈ ਕਿ ਸਾਡਾ ਬਾਣੀ ਦੇ ਵਿਚ ਮਨ ਕਿਉਂ ਨਹੀਂ ਲੱਗਦਾ? ਕੋਈ ਰਸਤੇ ਵਿਚ ਮਿਲ ਜਾਏ, ਉਸ ਨਾਲ ਦੋ ਘੰਟੇ ਗੱਲਾਂ ਕਰਦੇ ਰਹਿਣਗੇ, ਕੋਈ ਆਲਸ ਨਹੀਂ। ਔਰ ਕਦੇ ਮੂਲ-ਮੰਤਰ ਦਾ ਅਭਿਆਸ ਕਰਨ ਵਾਸਤੇ ਇਹ ਮਨੁੱਖ ਬੈਠੇ, ਗੁਰ-ਮੰਤਰ ਦਾ ਅਭਿਆਸ ਕਰਨ ਵਾਸਤੇ ਇਹ ਬੈਠੇ ਤਾਂ ਕਦੇ ਨਹੀਂ ਇਸ ਕੋਲੋਂ ਬੈਠਾ ਜਾਏਗਾ। ਇਹ ਬੜੀ ਚੰਚਲਤਾ ਨਾਲ ਕਦੀ ਇਧਰ ਵੇਖੇਗਾ ਤੇ ਕਦੇ ਉਧਰ।

*"ਪ੍ਰਾਣੀ ਤੂੰ ਆਇਆ ਲਾਹਾ ਲੈਣਿ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥ ੧ ॥ ਰਹਾਉ॥ (ਪੰਨਾ ੪੩)*

*"ਏਕ ਰੈਣ ਕੇ ਪਾਹੁਨ ਤੁਮ ਆਏ" (ਪੰਨਾ ੨੧੨)*

ਇਕ ਰਾਤ ਦਾ ਪ੍ਰਾਹੁਣਾ ਤੂੰ ਸੰਸਾਰ ਵਿਚ ਆਇਆ ਸੀ। ਰਾਤ-ਰਾਤ ਹੀ ਹੈ, ਭਾਵੇਂ ਇਕ ਸਾਲ ਦੀ ਰਾਤ ਹੈ ਤੇ ਭਾਵੇਂ ੪੦-੮੦ ਸਾਲ ਦੀ ਰਾਤ ਹੈ। ਪਰ ਆਪ ਜੀ ਨੂੰ ਪਤਾ ਹੋਵੇਗਾ ਕਿ ਰਾਤ ਦੇ ਅੰਧੇਰੇ ਵਿਚ ਸੁਝਦਾ ਕੁਝ ਨਹੀਂ। ਰਾਤ ਦੇ ਅੰਧੇਰੇ ਵਿਚ ਦਿਸਦਾ ਵੀ ਕੁਝ ਨਹੀਂ ਤੇ ਕਰ ਵੀ ਕੁਝ ਨਹੀਂ ਸਕਦੇ। ਤੇ ਉਮਰ ਰੂਪੀ ਰਾਤ ਦੇ ਅੰਧੇਰੇ ਵਿਚ ਅਗਰ ਟੱਕਰਾਂ ਮਾਰਦਾ ਰਹੇ ਤੇ ਗਿਆਨ ਦਾ ਦੀਵਾ ਇਸ ਨੇ ਜਗਾਉਣ ਦੀ ਕੋਸ਼ਿਸ਼ ਹੀ ਨਾ ਕੀਤੀ, ਸ਼ਬਦ-ਸੁਰਤ ਦਾ ਮੇਲ ਕਰਨ ਦਾ ਕਦੀ ਉਪਰਾਲਾ ਹੀ ਨਹੀਂ ਹੋਇਆ ਔਰ ਕਦੇ ਸਿਮਰਨ ਕਰਨ ਵਾਸਤੇ ਇਸ ਨੇ ਕਦੇ ਕੋਸ਼ਿਸ਼ ਹੀ ਨਹੀਂ ਕੀਤੀ, ਤੇ ਦੱਸੋ ਇਹ ਉਮਰ ਰੂਪੀ ਰਾਤ ਦੇ ਵਿਚ ਖੱਟੇਗਾ ਕੀ? ਗੁਰਦੇਵ ਦੇ ਬਚਨ ਹਨ:

*"ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ॥"*
*(ਪੰਨਾ ੨੧੨)*

ਕਈ ਵਾਰੀ ਸੰਸਾਰ ਤੱਟ 'ਤੇ ਦੇਖਿਆ ਗਿਆ ਹੈ ਕਿ ਜੇ ਕੋਈ ਅੰਮ੍ਰਿਤ ਛਕਣ ਵਾਸਤੇ ਤਿਆਰ ਹੁੰਦਾ ਹੈ, ਜੇ ਕੋਈ ਗੁਰੂ ਘਰ ਦੀ ਸੇਵਾ ਕਰਨ ਵਾਸਤੇ ਤਿਆਰ ਹੁੰਦਾ ਹੈ ਤੇ ਜੇ ਰਿਸ਼ਤੇਦਾਰ ਜਾਂ ਸਾਕ-ਸਬੰਧੀ ਕੋਈ ਗੱਲ ਕਹਿ ਦੇਣ ਨਾ ਕਿ;

"ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ" *(ਲੋਕ ਪ੍ਰਮਾਣ)*

ਬੜੀ ਛੇਤੀ ਇਸ ਗੱਲ ਦਾ ਅਸਰ ਹੁੰਦਾ ਹੈ। ਸੁਣਿਆ ਵੀ ਗਿਆ ਕਿ ਬਾਬਾ ਜੀ ਅਸੀਂ ਤਾਂ ਬਹੁਤ ਸੇਵਾ ਕਰਦੇ ਹਾਂ, ਸਤਿਸੰਗਤ ਕਰਦੇ ਸੀ, ਬੜੀ ਸਾਡੇ ਤੇ ਕ੍ਰਿਪਾ ਸੀ, ਪਰ ਲੋਕਾਂ ਨੇ ਕਰਨ ਨਹੀਂ ਦਿੱਤੀ। ਮਿਹਣੇ ਮਾਰੇ ਤੇ ਹਾਰ ਕੇ ਅਸੀਂ ਹਟ ਗਏ। ਔਰ ਅਗਰ ਉਸ ਭਲੇ-ਮਾਨਸ ਕੋਲੋਂ ਪੁੱਛੀਏ ਕਿ ਅਗਰ ਰਿਸ਼ਤੇਦਾਰ ਤੈਨੂੰ ਰੋਜ਼ ਇਹ ਮਿਹਣਾ ਮਾਰੇ ਕਿ ਤੂੰ ਰੋਜ਼ ਪਰਸਾਦਾ ਛਕਦਾ ਹੈਂ, ਰੋਜ਼ ਸੌਂਦਾ ਹੈ ਤੇ ਰੋਜ਼ ਦਸਾਂ ਨੌਹਾਂ ਦੀ ਕਿਰਤ ਕਮਾਈ ਕਰਨ ਵਾਸਤੇ ਚਲਾ ਜਾਂਦਾ ਹੈਂ। ਕੀ ਕਦੇ ਇਸ ਨੇ ਇਨ੍ਹਾਂ ਗੱਲਾਂ ਦਾ ਅਸਰ ਕੀਤਾ? ਲੇਕਿਨ ਉਨ੍ਹਾਂ ਗੱਲਾਂ ਦਾ ਤੇ ਬਹੁਤ ਜਲਦੀ ਅਸਰ ਕਰ ਲਿਆ, ਕਿਉਂਕਿ ਉਹ ਆਪ ਇਹ ਚਾਹੁੰਦਾ ਸੀ। ਜੇ ਸੰਸਾਰ ਦੇ ਹਰ ਕੰਮ ਤੁਸੀਂ ਸੁਣਨ ਤੋਂ ਬਗ਼ੈਰ ਵੀ ਕਰੀ ਜਾਂਦੇ ਹੋ ਤੇ ਗੁਰਮੁਖ ਪਿਆਰਿਓ ਜੇ ਕਿਸੇ ਨੇ ਗੱਲ ਕੀਤੀ ਤੇ ਤੂੰ ਆਰਾਮ ਨਾਲ ਬੈਠ ਗਿਆ। ਇਸ ਦਾ ਮਤਲਬ ਤੂੰ ਪਹਿਲਾਂ ਹੀ ਤਿਆਰ ਸੀ। ਪਰ ਗੁਰਬਾਣੀ ਦਾ ਫੈਸਲਾ ਤਾਂ ਇਹ ਹੈ ਕਿ:-

*"ਹਰਿ ਜਨੁ ਰਾਮ ਨਾਮ ਗੁਨ ਗਾਵੈ॥*
*ਰਾਮ ਨਾਮ ਗੁਣ ਗਾਵੈ, ਹਰਿ ਜਨ ਰਾਮ ਨਾਮ ਗੁਨ ਗਾਵੈ॥*
*ਜੇ ਕੋਈ ਨਿੰਦ ਕਰੇ ਹਰਿ ਜਨ ਕੀ*
*ਅਪੁਨਾ ਗੁਨੁ ਨ ਗਵਾਵੈ॥ ੧ ॥ ਰਹਾਉ॥"* *(ਪੰਨਾ ੭੧੯)*

"ਗੁਰੂ ਰਾਮਦਾਸ ਜੀ ਕਹਿੰਦੇ ਹਨ ਪਿਆਰਿਓ ! ਜਿਹੜਾ ਹਰੀ ਦਾ ਜਨ ਹੈ। ਉਹ ਰਾਮ-ਨਾਮ ਪਰਮੇਸ਼ਰ ਦੇ ਗੁਣ ਗਾਉਂਦਾ ਹੀ ਜਾਵੇ। ਤਾਂ ਸਿੱਖਾਂ ਪੁੱਛਿਆ ਕਿ ਜੇ ਪਰਮੇਸ਼ਰ ਦੇ ਗੁਣ ਗਾਉਂਦਿਆਂ, ਸਿਮਰਨ ਕਰਦਿਆਂ, ਸੇਵਾ ਕਰਦਿਆਂ, ਪਰਉਪਕਾਰ ਕਰਦਿਆਂ, ਕਿਸੇ ਜੀਵ 'ਤੇ ਦਇਆ ਕਰਦਿਆਂ ਅਗਰ ਕੋਈ ਮਿਹਣਾ ਮਾਰੇ। ਤਾਂ ਗੁਰਦੇਵ ਜੀ ਕਹਿੰਦੇ,

*"ਜੇ ਕੋਈ ਨਿੰਦ ਕਰੇ ਹਰਿ ਜਨ ਕੀ"*

ਭਾਵ ਕਿ ਜੇ ਕੋਈ ਵੀ ਹਰੀ ਕੇ ਜਨ ਦੀ ਨਿੰਦਾ ਕਰੇ ਤਾਂ;

*"ਅਪੁਨਾ ਗੁਨੁ ਨ ਗਵਾਵੈ"*

ਭਾਵ ਕਿ ਆਪਣਾ ਜਿਹੜਾ ਸੁਭਾਅ ਹੈ, ਉਹ ਨਾ ਛੱਡੇ। ਇਸੇ ਗੱਲ ਨੂੰ ਸਿੱਧ ਕਰਨ ਵਾਸਤੇ ਭਗਤ ਕਬੀਰ ਜੀ ਦਾ ਬਚਨ ਹੈ;

"ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥" (ਪੰਨਾ ੧੩੭੩)

ਕਿਹੜਾ ਗੁਣ? ਨਾਮ ਜਪਣ ਦਾ, ਸਤਿਸੰਗਤ ਕਰਨ ਦਾ, ਗੁਰੂ ਘਰ ਆਉਣ ਦਾ, ਪਰਉਪਕਾਰ ਕਰਨ ਦਾ ਤੇ ਹਰ ਜੀਵ ਉਤੇ ਦਇਆ ਕਰਨ ਦਾ, ਇਹੀ ਗੁਣ ਹੈ? ਭਗਤ ਕਬੀਰ ਜੀ ਕਹਿੰਦੇ ਹਨ ਐ ਮਨੁੱਖ ! ਸਿਮਰਨ ਕਰਨ ਵਾਲਿਆ, ਕਰੋੜਾਂ ਹੀ ਮਨੁੱਖ ਆ ਕੇ ਤੈਨੂੰ ਕਿਉਂ ਨਾ ਕਹਿਣ, ਤੈਨੂੰ ਕਿਉਂ ਨਾ ਰੋਕਣ ਦੀ ਗੱਲ ਕਰਨ ਪਰ:-

"ਕਬੀਰ ਸੰਤੁ ਨ ਛਾਡੈ ਸੰਤਈ
ਜਉ ਕੋਟਿਕ ਮਿਲਹਿ ਅਸੰਤ॥"

ਇਹ ਬਹੁ ਵਚਨ ਹੈ। ਭਾਵ ਕਿ ਕਰੋੜਾਂ ਅਸੰਤ ਭਾਵ ਮਨਮੁਖਿ ਤੈਨੂੰ ਕਿਉਂ ਨਾ ਮਿਲ ਜਾਣ ਪਰ ਉਹ ਗੁਰਮੁਖ ਆਪਣੇ ਰਸਤੇ ਤੇ ਤੁਰਿਆ ਹੀ ਰਹੇ:-

"ਕਬੀਰ ਸੰਤੁ ਨ ਛਾਡੈ ਸੰਤਈ,
ਜਉ ਕੋਟਿਕ ਮਿਲਹਿ ਅਸੰਤ॥"

ਭਗਤ ਕਬੀਰ ਜੀ ਕਹਿੰਦੇ ਹਨ ਕਿ ਚੰਦਨ ਦੇ ਦਰਖ਼ਤ ਦੀ ਜ਼ਿੰਦਗੀ ਤੇ ਜੀਵਨ ਵੇਖ ਲੈਣਾ, ਉਸ ਦੇ ਆਲੇ-ਦੁਆਲੇ ਸੱਪਾਂ ਨੇ ਜੱਫੇ ਮਾਰੇ ਹੁੰਦੇ ਹਨ। ਆਪਣੇ ਆਪ ਨੂੰ ਲਪੇਟਿਆ ਹੁੰਦਾ ਹੈ ਤੇ ਜ਼ਹਿਰ ਦੇ ਡੰਗ ਵੀ ਮਾਰਦੇ ਨੇ ਉਸ ਦਰਖ਼ਤ ਨੂੰ। ਪਰ ਚੰਦਨ ਉਹਨਾਂ ਨੂੰ ਵੀ ਖ਼ੁਸ਼ਬੂ ਦੇਈ ਜਾਂਦਾ ਹੈ।

"ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥" (ਪੰਨਾ ੧੩੭੩)

'ਭੁਯੰਗਮ' ਕਹਿੰਦੇ ਨੇ 'ਸੱਪ' ਨੂੰ ਭਾਵ ਕਿ ਚੰਦਨ ਦਾ ਦਰਖ਼ਤ ਫਿਰ ਵੀ ਆਪਣੀ (ਠੰਡਕ) ਸੀਤਲਤਾ ਨਹੀਂ ਛੱਡਦਾ। ਤੁਹਾਨੂੰ ਕਰੋੜਾਂ ਮਨਮੁਖ ਪਰਮੇਸ਼ਰ ਦੇ ਰਾਹ ਤੇ ਜਾਣ ਲਗਿਆਂ ਕਿਉਂ ਨਾ ਰੋਕਣ, ਤੁਸੀਂ ਆਪਣਾ ਉਪਦੇਸ਼ ਦੇਈ ਜਾਉ। ਜੋ ਗੁਰਮੁਖਾਂ ਨੇ ਸਤਿਗੁਰਾਂ ਨੇ ਬਖ਼ਸ਼ਿਆ ਹੈ:

"ਕਹੁ ਨਾਨਕ ਇਹੁ ਤਤ ਬੀਚਾਰਾ॥
ਬਿਨੁ ਹਰਿ ਭਜਨ ਨਾਹੀ ਛੁਟਕਾਰਾ॥" (ਪੰਨਾ ੧੮੮)

ਬਗ਼ੈਰ ਹਰੀ ਦੇ ਭਜਨ ਤੋਂ, ਬਗ਼ੈਰ ਹਰੀ ਦੀ ਭਗਤੀ ਬੰਦਗੀ ਤੋਂ ਇਸ ਚੌਰਾਸੀ ਲੱਖ ਜੂਨਾਂ ਦਾ ਛੁਟਕਾਰਾ ਨਹੀਂ ਹੋਣਾ। ਹੁਣ ਹਰ ਮਨੁੱਖ ਕਹਿੰਦਾ ਹੈ ਕਿ ਮੇਰੀ ਚੌਰਾਸੀ ਕੱਟੀ ਜਾਏ, ਮੇਰੀ ਜ਼ਿੰਦਗੀ ਦੇ ਵਿਚ ਦੁੱਖ ਨਾ ਆਉਣ ਤੇ ਮੈਂ ਭੈੜੀਆਂ ਜੂਨਾਂ ਦੇ ਵਿਚ ਪ੍ਰਵੇਸ਼ ਨਾ ਹੋਵਾਂ। ਚਾਹੁੰਦਾ ਹੈ, ਲੇਕਿਨ ਕਰਦਾ ਨਹੀਂ। ਦੁੱਖ ਹੈ ਲੇਕਿਨ ਉਸ ਦੁੱਖ ਦੀ ਨਵਿਰਤੀ ਨਹੀਂ ਕਰਦਾ। ਭਾਵ ਕਿ ਦੁੱਖ ਹਟੇ ਕਿਵੇਂ? ਹੁਣ ਜੇ ਦੁੱਖ ਦੀ ਗੱਲ ਹੈ ਤਾਂ ਪੰਚਮ ਪਿਤਾ ਗੁਰੂ ਅਰਜਨ ਦੇਵ

ਜੀ ਕੋਲੋਂ ਪੁੱਛੀਏ, ਤਾਂ ਸਤਿਗੁਰ ਜੀ ਕਹਿੰਦੇ ਹਨ ਕਿ ਦੁਖਾਂ ਨੂੰ ਹਰਨ ਵਾਲਾ ਇਕ ਪਰਮਾਤਮਾ ਦਾ ਹੀ ਨਾਮ ਹੈ:-

*"ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥*
*ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ॥" (ਪੰਨਾ ੨੧੮)*

ਕਹਿੰਦੇ ਨੇ ਪਰਮੇਸ਼ਰ ਦਾ ਨਾਮ ਦੁੱਖਾਂ ਨੂੰ ਹਰਨ ਵਾਲਾ ਹੈ। ਤੇ ਜੇ ਸਾਡੇ ਅੰਦਰਲੇ ਤੇ ਬਾਹਰਲੇ ਦੁੱਖ ਅਜੇ ਨਹੀਂ ਹਟੇ। ਇਸ ਦਾ ਮਤਲਬ ਅਸੀਂ ਦੁੱਖ ਰੂਪੀ ਦਵਾਈ ਅਜੇ ਤੱਕ ਖਾਧੀ ਹੀ ਨਹੀਂ। ਦੁੱਖਾਂ ਨੂੰ ਹਰਨ ਵਾਲਾ ਨਾਮ ਸਾਡੇ ਹਿਰਦੇ ਵਿਚ ਅਜੇ ਨਹੀਂ ਵੱਸਿਆ। ਗੁਰਦੇਵ ਜੀ ਕਹਿੰਦੇ ਹਨ ਕਿ ਹਿਰਦੇ ਵਿਚ ਵਿਚਾਰ ਹੀ ਮਾੜੇ ਹਨ ਤੇ ਚੰਗੇ ਵਿਚਾਰਾਂ ਦੀ ਪ੍ਰਾਪਤੀ ਕਿਸ ਤਰ੍ਹਾਂ ਹੋਵੇਗੀ। ਪ੍ਰਾਪਤੀ ਤੋਂ ਭਾਵ ਜਦੋਂ ਸੁਣ ਲਿਆ, ਫਿਰ ਮੰਨ ਲਿਆ ਤੇ ਮੰਨਣ ਤੋਂ ਬਾਅਦ ਨਾਮ ਹਿਰਦੇ ਵਿਚ ਵਸਾ ਲਿਆ, ਉਦੋਂ ਚੰਗੇ ਕਰਮਾਂ ਦੀ ਪ੍ਰਾਪਤੀ ਹੋਵੇਗੀ:-

*"ਸੁਣਿਆ ਮੰਨਿਆ ਮਨਿ ਕੀਤਾ ਭਾਉ॥*
*ਅੰਤਰਗਤਿ ਤੀਰਥਿ ਮਲਿ ਨਾਉ॥" (ਜਪੁਜੀ ਸਾਹਿਬ)*

*(੪)......"ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ॥*

*(ਕਬਿੱਤ ਭਾਈ ਗੁਰਦਾਸ ਜੀ, ੪੩੯/੪)*

ਗੁਰਦੇਵ ਜੀ ਕਹਿੰਦੇ ਹਨ ਜਿੰਨਾਂ ਚਿਰ ਇਹ ਗੁਰੂ ਦੇ ਉਪਦੇਸ਼ ਨੂੰ ਕਮਾਉਂਦੇ ਨਹੀਂ ਔਰ ਸਿਰਫ਼ ਇਹੋ ਸਮਝਦੇ ਹਨ ਕਿ ਸੰਸਾਰ 'ਤੇ ਆਏ ਹੀ ਹਾਂ ਸਿਰਫ਼ ਖਾਣ-ਪੀਣ ਵਾਸਤੇ ਤੇ ਐਸ਼ ਕਰਨ ਵਾਸਤੇ ਤੇ ਫਿਰ ਜ਼ਿੰਦਗੀ ਮਿਲੀ ਕਾਹਦੇ ਵਾਸਤੇ ਹੈ? ਤੇ ਜਿਹੜੇ ਜੀਵਨ ਨੂੰ ਜੀਉਣ ਵਾਸਤੇ ਕੇਵਲ ਖਾ ਰਹੇ ਹਨ, ਜਿਨ੍ਹਾਂ ਕੋਲ ਸਬਰ ਸੰਤੋਖ ਹੈ ਜਿੰਨੀ ਸਮਝ ਹੈ ਜੀਵਨ ਖਾਣ ਲਈ ਨਹੀਂ ਬੰਦਗੀ ਵਾਸਤੇ ਹੈ ਤੇ ਗੁਰਮੁਖ ਪਿਆਰਿਓ ਉਹ ਇਕ ਦਿਨ ਮੰਜ਼ਿਲ 'ਤੇ ਪਹੁੰਚ ਜਾਂਦੇ ਹਨ। ਭਾਵ ਕਿ ਆਪਣੇ ਆਪ ਨੂੰ ਕਿਸੇ ਮੰਜ਼ਿਲ ਤੇ ਪਹੁੰਚਾਣ ਵਾਸਤੇ, ਜ਼ਿੰਦਗੀ ਨੂੰ ਜੀਉਣ ਵਾਸਤੇ ਉਹ ਖਾ ਰਹੇ ਹਨ। ਔਰ ਜਿਨ੍ਹਾਂ ਨੇ ਕੁਸੰਗਤ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਿਆ, ਉਹ ਕਿਸ ਤਰ੍ਹਾਂ ਆਪਣਾ ਚੌਰਾਸੀ ਦੇ ਗੇੜ ਵਿਚੋਂ ਬਚਾਅ ਕਰ ਸਕਦੇ ਹਨ? ਭਾਵ ਨਹੀਂ, ਬੇੜਾ ਤਾਂ ਪਾਰ ਸਿਰਫ਼ ਉਹਨਾਂ ਦਾ ਹੀ ਹੋਣਾ ਹੈ ਜਿਨ੍ਹਾਂ ਨੇ ਨਾਮ ਨੂੰ, ਬਾਣੀ ਨੂੰ ਆਪਣੀ ਖ਼ੁਰਾਕ ਬਣਾ ਲਿਆ ਹੈ, ਉਸ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਿਆ ਹੈ। ਔਰ ਇਹ ਦ੍ਰਿੜ੍ਹ ਨਿਸ਼ਚਾ ਕਰ ਲਿਆ ਹੈ ਕਿ ਉਹਨਾਂ ਨੇ ਆਪਣੇ ਦੁੱਖਾਂ ਦੀ ਨਵਿਰਤੀ ਕਰਨੀ ਹੈ ਤੇ ਸੁੱਖਾਂ ਦੀ ਮੰਜ਼ਿਲ ਨੂੰ ਹਾਸਿਲ ਕਰਨਾ ਹੈ। ਉਹ ਕਿਸੇ ਵੀ ਕੀਮਤ ਤੇ ਸਤ ਸੰਗਤਿ ਬੰਦਗੀ, ਨਿਤਨੇਮ, ਨਾਮ-ਅਭਿਆਸ ਨਹੀਂ ਛੱਡਦੇ, ਜੈਸਾ ਕਿ:

ਗੁਰਬਾਣੀ ਦਾ ਫ਼ੁਰਮਾਣ ਹੈ :-

*ਅਠੇ ਪਹਰ ਇਕਤੈ ਲਿਵੈ ਮੰਨੇਨਿ ਹੁਕਮੁ ਅਪਾਰੁ॥ (ਪੰਨਾ ੯੫੯)*

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*

*ਕਲਿ ਕਲੇਸ ਤਨ ਮਾਹਿ ਮਿਟਾਵਉ॥ (ਪੰਨਾ ੨੬੨)*

*ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥*

*(ਪੰਨਾ ੩੩੬)*

❖❖❖

# ਗੁਰੂ ਨੂੰ ਕਿਸ ਤਰ੍ਹਾਂ ਦਾ ਸਿੱਖ ਪ੍ਰਵਾਨ ਹੈ?

*"ਕਲਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥"* *(ਪੰਨਾ ੧੦੭੫)*

ਸਾਹਿਬ "ਗੁਰੂ ਗ੍ਰੰਥ ਸਾਹਿਬ ਜੀ" ਦੇ ਇਹਨਾਂ ਮਹਾਂ-ਵਾਕਾਂ ਦਾ ਇਹ ਅਰਥ ਬਿਆਨ ਸੰਪਰਦਾਈ ਵਿਦਵਾਨਾਂ ਕੀਤਾ ਹੈ ਕਿ ਇਸ ਕਲਯੁਗ ਦੇ ਅੰਦਰ ਉਸ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੀ ਮਹਿਮਾ ਅਪਾਰ ਹੈ। "ਸੰਤ ਗਿਆਨੀ ਗੁਰਬਚਨ ਸਿੰਘ ਜੀ" ਖਾਲਸਾ ਭਿੰਡਰਾਂਵਾਲੇ ਜੋ ਕਿ ਮਹਾਨ ਵਿਦਵਾਨ ਹੋਏ ਹਨ, ਉਹ ਇਹਨਾਂ ਪੰਕਤੀਆਂ ਦੇ ਤਿੰਨ ਅਰਥ ਬਿਆਨ ਕਰਿਆ ਕਰਦੇ ਸਨ।

ਗੁਰਮੁਖੋ ! ਜਿਸ 'ਕੀਰਤਨ' ਨੂੰ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਨੇ ਇਸ ਯੁੱਗ ਦੇ ਅੰਦਰ ਪ੍ਰਧਾਨਤਾ ਦਿੱਤੀ ਹੈ, ਇਸ ਦਾ ਪਹਿਲਾ ਅਰਥ ਇਹ ਕਰੀਏ ਕਿ 'ਕੀਰ' ਨੂੰ ਅਲੱਗ ਕਰੀਏ ਤੇ 'ਤਨ' ਨੂੰ ਅਲੱਗ ਕਰੀਏ। ਜਿਹੜਾ ਕੀਰਤਨ ਸੂਖਮ ਸਰੀਰ ਅਤੇ ਅਸਥੂਲ ਸਰੀਰ ਨੂੰ ਕਾਬੂ ਕਰ ਲਵੇ। ਅੰਤਰੀਵ ਤੌਰ ਤੇ ਸ਼ਬਦ ਅਤੇ ਸੁਰਤ ਦਾ ਮੇਲ ਹੋ ਜਾਵੇ। ਧਿਆਨ ਕੇਵਲ ਪਰਮੇਸ਼ਰ ਦੇ ਚਰਨਾਂ ਵਿਚ ਜੁੜ ਜਾਵੇ। ਦੂਸਰਾ ਅਰਥ ਹੈ 'ਕੀਰਤ' 'ਨ' ਭਾਵ ਕਿ ਪਰਮੇਸ਼ਰ ਤੋਂ ਬਗ਼ੈਰ ਸੰਸਾਰ ਤੇ ਹੋਰ ਕੋਈ ਵੀ ਕੀਰਤੀ ਨਹੀਂ। ਭਾਵੇਂ ਸੰਸਾਰ ਤੱਟ ਦੇ ਅੰਦਰ ਲੱਖਾਂ-ਹਜ਼ਾਰਾਂ ਦੇ ਹਿਸਾਬ ਨਾਲ ਇਕੱਠ ਕਿਉਂ ਨਾ ਹੋਵੇ ! ਪਰ ਪਰਮੇਸ਼ਰ ਵਾਹਿਗੁਰੂ ਜੀ ਨੇ ਉਸ ਇਕੱਠ ਨੂੰ, ਸੱਚਖੰਡ ਦਾ ਦਰਜਾ, ਬੈਕੁੰਠ ਦਾ ਦਰਜਾ ਨਹੀਂ ਦੇਣਾ ਕੀਤਾ। "ਭਾਈ ਗੁਰਦਾਸ ਜੀ" ਨੇ ਆਪਣੀ ਕੁੰਜੀ ਬਾਣੀ ਵਿਚ ਫ਼ੈਸਲਾ ਦਿੱਤਾ ਹੈ:-

*"ਨਿਜ ਘਰ ਮੇਰੋ ਸਾਧਸੰਗਤਿ ਨਾਰਦ ਮੁਨਿ!*
*ਦਰਸਨ ਸਾਧ ਸੰਗ ਮੇਰੋ ਨਿਜਰੂਪ ਹੈ॥"* *(ਕਬਿਤ ੩੦੩)*

ਭਾਈ ਗੁਰਦਾਸ ਜੀ ਅਕਾਲ-ਪੁਰਖ ਵਾਹਿਗੁਰੂ ਜੀ ਦੇ ਬਚਨ ਦੱਸਦੇ ਹਨ ਕਿ:-

ਗੁਰੂ ਸਾਹਿਬ ਦਾ ਫ਼ੁਰਮਾਨ ਹੈ:-

*"ਮਿਲਿ ਸਤਸੰਗਤਿ ਖੋਜੁ ਦਸਾਈ*
*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥ ੨॥* *(ਪੰਨਾ ੯੪)*

ਦੂਸਰਾ ਅਰਥ ਇਹ ਸੀ ਕਿ ਇਹੋ ਜਿਹੀ ਕੀਰਤੀ ਹੋਰ ਵੀ ਕਿਸੇ ਵੀ ਇਕੱਠ ਜੋ ਕਿ ਪਰਮੇਸ਼ਰ ਵਾਹਿਗੁਰੂ ਜੀ ਦੀਆਂ ਵਡਿਆਈਆਂ ਨੂੰ ਉਸਤਤੀਆਂ ਨੂੰ, ਉਸ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੇ ਸਬੰਧ ਦੇ ਵਿੱਚ ਗੀਤ ਗਾਉਣ ਤੋਂ ਬਗ਼ੈਰ ਕਿਸੇ ਵੀ ਕੀਰਤੀ ਕਰਨ ਤੇ ਸੁਣਨ ਦੀ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੇ ਚਰਨਾਂ ਵਿੱਚ ਸਫਲਤਾ ਪ੍ਰਾਪਤ ਨਹੀਂ ਹੁੰਦੀ। ਕਿਉਂਕਿ ਸਤ ਸੰਗਤਿ ਹਰ ਜਸ ਕੀਰਤੀ ਵਿੱਚ ਗੁਰੂ ਪਰਮੇਸ਼ਰਿ ਸਾਖਸ਼ਾਤ ਦੇਖੇ ਜਾ ਸਕਦੇ ਹਨ।

ਤੀਸਰਾ ਅਰਥ ਇਹ ਕਰੀਏ ਕਿ 'ਕੀ' ਨੂੰ ਅਲੱਗ ਕਰ ਦੇਈਏ ਤੇ 'ਰਤਨ' ਨੂੰ ਅਲੱਗ ਕਰ ਦੇਈਏ। ਇਹ ਇਕ ਇਹੋ ਜਿਹਾ ਰਤਨ ਹੈ, ਜਿਸ ਦੀ ਦੁਨਿਆਵੀ ਪਦਾਰਥ ਕੋਈ ਵੀ ਕੀਮਤ ਅਦਾ ਨਹੀਂ ਕਰ ਸਕਦਾ:-

ਗੁਰਬਾਣੀ ਦਾ ਫ਼ੁਰਮਾਣ ਹੈ:-

*ਨਾਮ ਤੁਲਿ ਕਛੁ ਅਵਰੁ ਨ ਹੋਇ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥* (ਪੰਨਾ ੨੬੫)

*"ਸਾਚੇ ਨਾਮ ਕੀ ਤਿਲੁ ਵਡਿਆਈ॥*
*ਆਖਿ ਥਕੇ ਕੀਮਤਿ ਨਹੀ ਪਾਈ॥"* (ਪੰਨਾ ੯)

ਆਪ ਦੀਆਂ ਤੇ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਦੀਆਂ ਹੋਈਆਂ ਰਹਿਮਤਾਂ ਜੋ ਕਿ "ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ" ਨੇ ਨਿੱਘੀ ਗੋਦ ਵਿਚ ਬੈਠਣ ਦਾ ਸੁਭਾਗ ਸਮਾਂ ਕਲਯੁਗੀ ਜੀਵਾਂ ਨੂੰ ਪ੍ਰਾਪਤ ਕਰਵਾਇਆ। ਪੰਚਮ ਪਿਤਾ ਧੰਨ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਬਚਨ ਹਨ:-

*"ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥*
*"ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥"* (ਪੰਨਾ ੭੯੭)

ਧੰਨ "ਗੁਰੂ ਅਰਜਨ ਦੇਵ ਜੀ ਮਹਾਰਾਜ" ਸਤਿਗੁਰ ਸੱਚੇ ਪਾਤਸ਼ਾਹ ਜੀ ਕ੍ਰਿਪਾ ਕਰਦੇ ਹਨ ਕਿ ਇਹ ਸਤਿਸੰਗਤ ਦੀਆਂ ਘੜੀਆਂ ਬਗ਼ੈਰ ਭਾਗਾਂ ਤੋਂ ਪ੍ਰਾਪਤ ਨਹੀਂ ਹੁੰਦੀਆਂ ਜਿਸ 'ਤੇ ਗੁਰਦੇਵ ਜੀ ਕ੍ਰਿਪਾ ਕਰਨ, ਜਿਸ 'ਤੇ ਅਕਾਲ-ਪੁਰਖ ਪਰਮੇਸ਼ਰ ਦੀ ਰਹਿਮਤ ਹੋਵੇ, ਉਹ ਹੀ ਸਤਿਗੁਰ ਦੇ ਚਰਨਾਂ ਵਿਚ ਆ ਕਰਕੇ ਪੂਰੇ ਗੁਰੂ ਦੀ ਪ੍ਰਾਪਤੀ ਕਰਦਾ ਹੈ:-

*"ਸਤਿਗੁਰ ਕੀ ਜਿਸ ਨੋ ਮਤਿ ਆਵੈ"*

ਹੁਣ ਸਤਿਗੁਰਾਂ ਦੀ ਮੱਤ ਸਾਡੇ ਹਿਰਦੇ ਵਿਚ ਆਉਣੀ ਹੋਈ, ਸਾਡੇ ਹਿਰਦੇ ਵਿਚ ਉਸਨੇ ਵਾਸਾ ਕੀਤਾ। ਸ਼ੁੱਧ ਫੁਰਨਾ ਫੁਰਿਆ ਜਿਸ ਸ਼ੁੱਧ ਫੁਰਨੇ ਕਰਕੇ ਅਸੀਂ ਧੰਨ "ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ" ਦੇ ਚਰਨ ਪਰਸਣ ਵਾਸਤੇ ਪਹੁੰਚੇ ਹਾਂ। ਜੀਵਨ ਦੀਆਂ ਘੜੀਆਂ ਨੂੰ ਸਫਲ ਕਰਨ ਵਾਸਤੇ ਗੁਰੂ ਦੀ ਗੋਦ ਵਿਚ ਬੈਠ ਕਰਕੇ ਇਲਾਹੀ ਬਾਣੀ ਦਾ ਕੀਰਤਨ ਅਤੇ

ਕਥਾ ਸਰਵਣ ਕਰਕੇ ਆਨੰਦ ਮਾਣ ਰਹੇ ਹਾਂ।

ਅਗਲਾ ਬਚਨ ਗੁਰਦੇਵ ਜੀ ਕ੍ਰਿਪਾ ਕਰਦੇ ਹਨ ਕਿ:-

*"ਇਹ ਬਾਣੀ ਜੋ ਜੀਅਹੁ ਜਾਣੈ"*

ਭਾਵ ਕਿ ਇਸ ਬਾਣੀ ਨੂੰ ਜਿਸ ਨੇ ਮਨ ਕਰਕੇ ਜਾਣ ਲਿਆ ਅਤੇ ਦਾਸ ਨੇ ਇਹ ਬੇਨਤੀਆਂ ਕੀਤੀਆਂ ਸਨ ਕਿ ਜਿੰਨਾਂ ਚਿਰ ਇਸ ਬਾਣੀ ਦੇ ਅੰਤਰੀਵ ਭਾਵ, ਇਸ ਬਾਣੀ ਦੇ ਅਰਥ ਭਾਵ ਦਾ, ਇਸ ਮਨੁੱਖ ਦੇ ਹਿਰਦੇ ਵਿਚ ਵਾਸਾ ਨਹੀਂ ਹੁੰਦਾ; ਉਤਨਾ ਚਿਰ ਇਸ ਬਾਣੀ ਦਾ ਕੁਝ ਵੀ ਪਤਾ ਨਹੀਂ ਲੱਗ ਸਕਦਾ:-

ਸਤਿਗੁਰੂ ਜੀ ਫ਼ੁਰਮਾਉਂਦੇ ਹਨ:-

*"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥*
*ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥"* *(ਪੰਨਾ ੯੩੫)*

ਪੰਚਮ ਪਿਤਾ ਧੰਨ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ:-

*"ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥"*

ਕਹਿੰਦੇ ਹਨ ਕਿ ਜਿਸ ਨੇ ਇਸ ਬਾਣੀ ਨੂੰ ਮਨ ਕਰਕੇ ਜਾਣ ਲਿਆ, ਮਨ ਕਰਕੇ ਪਹਿਚਾਣ ਲਿਆ, ਮਨ ਕਰਕੇ ਜਿਹੜਾ ਗਾ ਰਿਹਾ ਹੈ ਕੁਦਰਤੀ ਉਸਦੇ ਹਿਰਦੇ ਵਿਚ ਨਾਮ ਦਾ ਰੰਗ ਚੜ੍ਹ ਜਾਵੇਗਾ। ਜੈਸਾ ਕਿ ਇਤਿਹਾਸ ਗਵਾਹ ਹੈ। ਜਦੋਂ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਹਰਿਗੋਬਿੰਦ ਪੁਰੇ ਦਾ ਜੰਗ ਜਿੱਤਿਆ ਤੇ ਜੰਗ ਦੀ ਜਿੱਤ ਦੀ ਖ਼ੁਸ਼ੀ ਵਿਚ ਭਾਈ ਗੋਪਾਲਾ ਜੀ ਤੋਂ ਜੋ ਹਾਫਜ਼ਾਵਾਦ ਦਾ ਰਹਿਣ ਵਾਲਾ ਸੀ। ਉਸ ਤੋਂ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਸਰਵਣ ਕੀਤਾ ਜੋ ਭਾਈ ਗੋਪਾਲਾ ਜੀ ਮਨ ਬਿਰਤੀ ਇਕਾਗਰ ਕਰਕੇ ਕਰ ਰਹੇ ਸਨ ਤੇ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਬਹੁਤ ਖ਼ੁਸ਼ ਹੋਏ। ਭਾਈ ਗੋਪਾਲਾ ਜੀ ਨੂੰ ਪਾਠ ਦੀ ਭੇਟਾ ਦੇਣ ਵਾਸਤੇ ਸਤਿਗੁਰਾਂ ਨੇ ਖੰਡਾਂ, ਬ੍ਰਹਮੰਡਾਂ, ਤਿੰਨਾਂ ਲੋਕਾਂ, ਚੌਦਾਂ ਭਵਨਾਂ, ਨੌਂ ਖੰਡ ਪ੍ਰਿਥਮੀ ਤੇ ਨਿਗ ਹ ਮਾਰੀ ਤੇ ਕੋਈ ਵੀ ਪਦਾਰਥ ਸੁਧੁ ਬਾਣੀ ਜੋ ਪੂਰਨ ਇਕਾਗਰਤਾ ਦੇ ਨਾਲ ਭਾਈ ਗੋਪਾਲਾ ਜੀ ਪੜ੍ਹ ਰਹੇ ਸਨ। ਨਹੀਂ ਦਿਸੀ। ਤੇ ਮਿਹਰਾਂ ਦੇ ਦਾਤੇ ਛੇਵੇਂ ਨਾਨਕ ਦੀ ਜੋਤ ਨੇ ਗੁਰੂ ਨਾਨਕ ਦੀ ਗੁਰਤਾ ਗੱਦੀ ਦੇਣੀ ਹੀ ਮੁਨਾਸਬ ਸਮਝੀ। ਪਰ ਭਾਈ ਗੋਪਾਲਾ ਇਕ ਸੁੰਦਰ ਘੋੜਾ ਜਿਸ ਦੀ ਉਸ ਸਮੇਂ ਕੀਮਤ ਸਵਾ ਲੱਖ ਸੀ। ਉਸ ਤੇ ਹੀ ਡੁਲ੍ਹ ਗਿਆ ਤਾਂ ਪਾਤਸ਼ਾਹ ਨੇ ਕਿਹਾ ਕਿ ਅਸੀਂ ਤੇ ਤੈਨੂੰ ਗੁਰਤਾ ਗੱਦੀ ਦੇਣ ਲਈ ਤਿਆਰ ਸੀ। ਪਰ ਤੂੰ ਤਾਂ ਇਕ ਘੋੜੇ ਦੀ ਮੰਗ ਕੀਤੀ ਹੈ। ਸਤਿਗੁਰਾਂ ਨੇ ਸੇਵਾਦਾਰਾਂ ਨੂੰ ਕਹਿ ਕੇ ਉਹ ਸੁੰਦਰ ਘੋੜਾ ਭਾਈ ਗੋਪਾਲੇ ਦੇ ਹਵਾਲੇ ਕਰ ਦਿੱਤਾ। ਇਹ ਵਡਿਆਈ ਭਾਈ ਗੋਪਾਲੇ ਜੀ ਨੂੰ ਇਸ ਕਰਕੇ ਦਿੱਤੀ ਕਿ ਉਹ ਇਕ ਮਨ ਇਕ ਚਿਤ ਹੋ ਕੇ ਬਾਣੀ ਪੜ੍ਹ ਰਿਹਾ ਸੀ। ਠੀਕ ਇਸੇ ਤਰ੍ਹਾਂ ਹੀ ਸਤਵੇਂ ਪਾਤਸ਼ਾਹ

ਗੁਰੂ ਹਰਿਰਾਏ ਸਾਹਿਬ ਅਤੇ ਭਾਈ ਗੋਂਦੇ ਜੀ ਦੀ ਸਾਖੀ ਆਉਂਦੀ ਹੈ।

ਅੱਗੇ ਬਚਨ ਹਨ:

*"ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ॥"*

ਕਹਿੰਦੇ ਹਨ ਕਿ ਕਲਯੁਗ, ਦੁਆਪਰ, ਤ੍ਰੇਤਾ ਤੇ ਸਤਯੁਗ ਇਹ ਚੋਹਾਂ ਜੁੱਗਾਂ ਦਾ ਜਿਹੜਾ ਕਲਯੁੱਗ ਹੈ ਇਹ ਆਖ਼ੀਰਲਾ ਯੁੱਗ ਹੈ।

*'ਨਰ ਮਨੁਖਾ ਨੋ ਏਕੁ ਨਿਧਾਨਾ॥"*

ਭਾਵ ਕਿ ਉਹਨਾਂ ਇਸਤਰੀਆਂ ਵਾਸਤੇ, ਉਹਨਾਂ ਪੁਰਖਾਂ ਵਾਸਤੇ ਇਕ ਅਟੁੱਟ ਖਜ਼ਾਨਾ ਗੁਰੂ ਸਾਹਿਬਾਂ ਨੇ ਗੁਰਮੁਖ ਪਿਆਰਿਓ ਸਾਨੂੰ ਦੇਣਾ ਕੀਤਾ ਹੈ।

*"ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ॥"*

ਜਤੁ, ਸੰਜਮੁ, ਤੀਰਥ ਓਨਾ ਜੁਗਾ ਦਾ ਧਰਮੁ ਹੈ, ਜਿਹੜੇ ਬੀਤ ਗਏ।

*"ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ*
*ਕਲਿ ਮਹਿ ਕੀਰਤਿ ਹਰਿ ਨਾਮਾ॥"* *(ਪੰਨਾ ੭੯੭)*

ਕਹਿੰਦੇ ਹਨ ਕਿ ਕਲਯੁੱਗ ਦੇ ਵਿਚ ਹਰੀ ਦੇ ਨਾਮ ਦੀ ਕੀਰਤੀ, ਹਰੀ ਦੇ ਨਾਮ ਦਾ ਕੀਰਤਨ, ਹਰੀ ਦੇ ਨਾਮ ਦੀਆਂ ਉਸਤੀਆਂ, ਵਡਿਆਈਆਂ ਹੀ ਇਸ ਕਲਯੁਗ ਦਾ ਧਰਮ ਹੈ। ਜਿਨ੍ਹਾਂ ਨੇ ਤਾਂ ਇਹ ਧਰਮ ਆਪਣਾ ਲਿਆ, ਉਹਨਾਂ ਦਾ ਤੇ ਇਸ ਸੰਸਾਰ 'ਤੇ ਆਉਣਾ ਗੁਰਮੁਖਿ ਪਿਆਰਿਓ ਸਫਲ ਹੋ ਜਾਵੇਗਾ। ਪਰ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਬਚਨ ਆਉਂਦੇ ਹਨ:-

*"ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥*
*ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥ ੫॥"*
*(ਪੰਨਾ ੪੬੯)*

ਕਹਿੰਦੇ ਕਿ ਜਿੰਨਾਂ ਚਿਰ ਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ, ਜਿੰਨਾਂ ਚਿਰ ਅਸੀਂ ਗੁਰੂ ਦੀ ਪ੍ਰਾਪਤੀ ਨਹੀਂ ਕਰ ਲੈਂਦੇ, ਉਨਾਂ ਚਿਰ ਗੁਰਮੁਖਿ ਪਿਆਰਿਓ ਸਾਡਾ ਸਭ ਕੁਝ, ਭਾਵ ਜਪ-ਤਪ, ਪਾਠ-ਪੂਜਾ ਇਹ ਕੀਤੀ ਹੋਈ ਨਿਸਫ਼ਲ ਹੈ। ਕਿਉਂਕਿ ਕਲਗੀਧਰ ਮਹਾਰਾਜ ਜੀ ਦੇ ਬਚਨ ਹਨ:

*"ਪ੍ਰਥਮ ਰਹਿਤ ਇਹ ਜਾਨ, ਖੰਡੇ ਕੀ ਪਾਹੁਲ ਛਕੈ॥*
*ਸੋਈ ਸਿੰਘ ਪ੍ਰਧਾਨ, ਅਵਰ ਨਾ ਪਾਹੁਲ ਜੋ ਲਏ॥"*

ਇਹਨਾਂ ਪੰਕਤੀਆਂ ਦੇ ਵਿੱਚ 'ਕਲਗੀਧਰ' ਜੀ ਕਿਰਪਾ ਕਰਦੇ ਹਨ ਕਿ ਉਹ ਪ੍ਰਧਾਨ, ਉਹ ਸਿੱਖ ਸਾਨੂੰ ਪ੍ਰਵਾਨ ਹੈ ਅਤੇ ਉਹਦੇ ਤੇ ਮੇਰੀ ਕ੍ਰਿਪਾ, ਮੇਰੀ ਬਖ਼ਸ਼ਿਸ਼ ਹੋ ਸਕਦੀ ਹੈ ਔਰ

ਇਸ ਤੋਂ ਭਾਵ ਹੈ ਕਿ ਮਨੁੱਖ ਨੂੰ ਬਗ਼ੈਰ ਗੁਰੂ ਤੋਂ, ਬਗ਼ੈਰ ਪਰਮੇਸ਼ਰ ਤੋਂ, ਜਿੰਨਾਂ ਮਰਜ਼ੀ ਉਹ ਗਿਆਨ ਰੱਖਦਾ ਹੈ, ਉਹ ਗੁਰੂ ਦੇ ਚਰਨਾਂ ਵਿੱਚ ਕਬੂਲ ਨਹੀਂ ਗੁਰਬਾਣੀ ਦੀ ਕੁੰਜੀ ਬਾਣੀ;

*"ਵਿਣੁ ਗੁਰ ਹੋਰੁ ਧਿਆਨੁ ਹੈ;*

ਹੁਣ ਜਿਸ ਮਨੁੱਖ ਦਾ ਅੱਠੇ ਪਹਿਰ ਹੀ ਧਿਆਨ ਮਾਇਆ ਵਿਚ ਰਹਿੰਦਾ ਹੈ। ਔਰ ਜਿਹੜਾ ਭਰਮਾਂ ਦੇ ਵਿਚ ਆਪਣੇ ਆਪ ਨੂੰ ਭੁਲਾ ਬੈਠਾ ਹੈ। ਕਦੀ ਸੋਚਿਆ ਮਨੁੱਖ ਨੇ ਆਪਣੇ ਬਾਰੇ ਕਿ ਕਿੰਨੀਆਂ ਜੂਨਾਂ ਭੁਗਤ ਕੇ ਉਸ ਨੂੰ ਇਹ ਮਨੁੱਖਾ ਜਨਮ ਮਿਲਿਆ ਹੈ? ਔਰ ਅਗਰ ਉਹ ਥੋੜਾ ਜਿਹਾ ਧਿਆਨ ਦੇਵੇ, ਥੋੜੀ ਜਿਹੀ ਕੋਸ਼ਿਸ਼ ਕਰੇ, ਥੋੜਾ ਜਿਹਾ ਗਿਆਨ ਹਾਸਿਲ ਕਰੇ ਤਾਂ ਇਸ ਨੂੰ ਪਰਮੇਸ਼ਰ ਵਾਹਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ। ਪਰਮੇਸ਼ਰ ਵਾਹਿਗੁਰੂ ਦਾ ਇਸ ਨੂੰ ਮਿਲਾਪ ਹੋ ਸਕਦਾ ਹੈ। ਪਰ ਹੋ ਉਲਟਾ ਰਿਹਾ ਹੈ, ਕਿਉਂਕਿ ਬਹੁਤੀ ਗਿਣਤੀ ਦੇ ਮਨੁੱਖ, ਜਿਹੜੇ ਧਾਰਮਿਕ ਅਸਥਾਨਾਂ 'ਤੇ ਵੀ ਆਉਂਦੇ ਹਨ, ਪੂਜਾ-ਪਾਠ, ਪੁੰਨ-ਦਾਨ, ਦਇਆ-ਧਰਮ ਵੀ ਕਰਦੇ ਹਨ, ਲੇਕਿਨ ਜਿਹੜੀ ਉਹਨਾਂ ਦੀ ਸੁਰਤੀ ਹੈ, ਧਿਆਨ ਹੈ, ਉਹ ਗੁਰਮੁਖਿ ਪਿਆਰਿਓ ਮਾਇਆ ਵੱਲ ਹੀ ਹੈ। ਜਿਸ ਪਾਸੇ ਧਿਆਨ ਹੈ, ਉਸ ਧਿਆਨ ਦੇ ਮੁਤਾਬਿਕ ਹੀ ਗੁਰਮੁਖਿ ਪਿਆਰਿਓ ਇਸ ਸੰਸਾਰ ਵਿਚ ਟੇਢੀਆਂ ਮੇਢੀਆਂ ਜੂਨਾਂ ਦੇ ਰੂਪ ਵਿਚ ਆਉਣਾ ਪੈਣਾ ਹੈ। ਤੇ ਗੁਰਦੇਵ ਜੀ ਨੇ ਫ਼ੈਸਲਾ ਦੇ ਦਿੱਤਾ;

*"ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ*
*ਮਾਣਸ ਜਨਮੁ ਸੰਜੋਗਿ ਪਾਇਆ॥" (ਪੰਨਾ ੬੮੬)*

ਇਕੋ-ਇਕ ਮਨੁੱਖਾ ਜਨਮ ਹੀ ਮਿਲਿਆ ਹੈ, ਜਿਹੜਾ ਵਾਹਿਗੁਰੂ ਦੇ ਨਾਲ ਮਿਲਾਪ ਕਰਾ ਸਕਦਾ ਹੈ। ਲੇਕਿਨ ਮਿਲਾਪ ਤਾਂ-ਤਾਂ ਹੀ ਹੋਵੇਗਾ ਜੇ ਤਾਂਘ ਹੋਵੇਗੀ ! ਔਰ ਜੇ ਮਿਲਾਪ ਕਰਨਾ ਹੈ ਤਾਂ ਫਿਰ ਗੁਰੂ ਵਾਲੇ ਬਣ ਕੇ ਗੁਰੂ ਸਾਹਿਬਾਂ ਤੋਂ ਗਿਆਨ ਪ੍ਰਾਪਤ ਹੋਵੇਗਾ।

"ਨਹੀਂ ਤਾਂ"

*"ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥" (ਪੰਨਾ ੧੪੦)*

*"ਲਿਖਿ ਲਿਖਿ ਪੜਿਆ॥ ਤੇਤਾ ਕੜਿਆ" (ਪੰਨਾ ੪੬੭)*

ਤੇ ਸਤਿਗੁਰ ਸੱਚੇ ਪਾਤਸ਼ਾਹ ਜੀ ਕ੍ਰਿਪਾ ਕਰਦੇ ਹਨ;

*"ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ,*
*ਮਾਣਸ ਜਨਮੁ ਸੰਜੋਗਿ ਪਾਇਆ॥"*

ਭਾਵ ਕਿ ਤੇਰੇ ਤੋਂ ਬਗ਼ੈਰ ਜਿੰਨੀਆਂ ਜੂਨਾਂ ਮਿਲਣਗੀਆਂ ਉਹ ਦੂਣੀ ਅਗਿਆਨਤਾ ਵਿਚ ਹੀ ਨਿਕਲ ਜਾਣਗੀਆਂ। ਇਸ ਲਈ ਜਿਹੜਾ ਇਹ ਤੈਨੂੰ ਮਨੁੱਖਾ ਜਨਮ ਮਿਲਿਆ ਹੈ, ਅਗਰ ਤੂੰ ਮਨ ਕਰਕੇ ਕੋਸ਼ਿਸ਼ ਕਰੇਂ ਤਾਂ ਤੈਨੂੰ ਵਾਹਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ। ਭਾਈ

ਗੁਰਦਾਸ ਜੀ ਨੇ ਇਹ ਬਚਨ ਲਿਖੇ ਹਨ:-

*"ਵਿਣ ਗੁਰ ਹੋਰੁ ਧਿਆਨੁ ਹੈ ਸਭ ਦੂਜਾ ਭਾਉ।"*

ਬਗ਼ੈਰ ਪ੍ਰਭੂ-ਪਰਮੇਸ਼ਰ ਵਾਹਿਗੁਰੂ ਜੀ ਤੋਂ ਜੇ ਦੁਨਿਆਵੀ ਵਸਤੂਆਂ 'ਤੇ ਅਗਰ ਇਸ ਮਨੁੱਖ ਦਾ ਧਿਆਨ ਟਿਕਿਆ ਹੋਇਆ ਹੈ ਤਾਂ ਉਹ ਸਮਝ ਲਵੇ ਕਿ ਉਹ ਦਵੈਸ਼ ਤੇ ਅਗਿਆਨਤਾ ਦੇ ਅੰਧੇਰੇ ਵਿਚ ਅਜੇ ਟੱਕਰਾਂ ਹੀ ਮਾਰ ਰਿਹਾ ਹੈ। ਤੇ ਦੂਸਰੀ ਤੁਕ ਵਿਚ;

*"ਵਿਣੁ ਗੁਰ ਸਬਦ ਗਿਆਨੁ ਹੈ, ਫਿਕਾ ਆਲਾਉ।"*

ਕਹਿੰਦੇ ਹਨ ਕਿ ਜਿਸ ਕੋਲ ਸ਼ਬਦ ਦਾ ਗਿਆਨ ਨਹੀਂ, ਸ਼ਬਦ ਪੜ੍ਹ ਲੈਣਾ, ਸ਼ਬਦ ਸੁਣ ਲੈਣਾ ਤੇ ਸ਼ਬਦ ਦੀ ਕਥਾ ਕਰਨੀ, ਇਹ ਅਲੱਗ ਗੱਲ ਹੈ। ਔਰ ਸ਼ਬਦ ਦਾ ਗਿਆਨ ਹਾਸਿਲ ਕਰਨਾ ਇਹ ਅਲੱਗ ਗੱਲ ਹੈ। ਸੋਦਰ ਰਹਿਰਾਸ ਸਾਹਿਬ ਜੀ ਦੇ ਅੰਦਰ ਆਪਾਂ ਇਹ ਬਚਨ ਸਰਵਣ ਕਰਦੇ ਹਾਂ:-

*"ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ॥"* *(ਪੰਨਾ ੧੦)*

ਇਹ ਹੈ ਸ਼ਬਦ ਦਾ ਗਿਆਨ। ਜਿਸ ਪ੍ਰਕਾਸ਼ ਨੂੰ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਪਰਮੇਸ਼ਰ ਵਾਹਿਗੁਰੂ ਜੀ ਤੋਂ ਜਗਿਆਸੂ ਵਲੋਂ ਮੰਗ ਰਖਦੇ ਹਨ ਕਿ ਕ੍ਰਿਪਾ ਕਰਕੇ ਸ਼ਬਦ ਦਾ ਗਿਆਨ, ਸ਼ਬਦ ਦਾ ਪ੍ਰਕਾਸ਼ ਕਰਾ ਦਿਉ। ਤੇ ਭਾਈ ਸਾਹਿਬ ਗੁਰਦਾਸ ਜੀ ਕਹਿੰਦੇ ਹਨ ਕਿ ਜਿਸ ਨੂੰ ਸ਼ਬਦ ਦਾ ਗਿਆਨ ਨਹੀਂ, ਭਾਵੇਂ ਉਹ ਕਿੰਨਾਂ ਵੱਡਾ ਗਿਆਨੀ ਹੈ, ਭਾਵੇਂ ਉਹ ਆਪਣੇ ਆਪ ਨੂੰ ਕਿੰਨਾਂ ਵੱਡਾ ਵਿਦਵਾਨ ਸਮਝਦਾ ਹੈ, ਸਮਝ ਲੈਣਾ ਕਿ ਜੋ ਵੀ ਉਹ ਬੋਲ ਰਿਹਾ ਹੈ, ਉਹ ਫਿੱਕਾ ਹੈ। ਪੰਚਮ ਪਿਤਾ "ਗੁਰੂ ਅਰਜਨ ਦੇਵ ਜੀ" ਮਹਾਰਾਜ ਦੇ ਬਚਨ ਆਉਂਦੇ ਹਨ ਕਿ;

*"ਮੁਖ ਤੇ ਪੜਤਾ ਟੀਕਾ ਸਹਿਤ॥*
*ਹਿਰਦੈ ਰਾਮੁ ਨਹੀ ਪੂਰਨ ਰਹਤ॥*
*ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥*
*ਅਪਨਾ ਕਹਿਆ ਆਪਿ ਨ ਕਮਾਵੈ॥ ੧॥"* *(ਪੰਨਾ ੮੮੭)*

ਵੱਟੇ ਬੇੜੀਆਂ ਵਿਚ ਉਦੋਂ ਪੈਂਦੇ ਨੇ ਜਦੋਂ ਦੂਜਿਆਂ ਨੂੰ ਸਿਖਿਆ ਦੇਣ ਵਾਲਾ ਆਪ ਉਸ ਸਿੱਖਿਆ ਦਾ ਧਾਰਣੀ ਨਹੀਂ ਹੁੰਦਾ। ਇਸੇ ਤਰ੍ਹਾਂ ਸਤਿਗੁਰਾਂ ਦੇ ਬਚਨ ਹਨ:-

*"ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ।*

*ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ॥ ੨॥"* *(ਪੰਨਾ ੩੮੧)*

ਸਭ ਫਿੱਕੀ ਉਸਦੀ ਕਥਾ ਹੈ, ਸਭ ਫਿੱਕਾ ਉਸਦਾ ਬਚਨ ਹੈ, ਫਿੱਕਾ ਹੀ ਉਸਦਾ ਗਿਆਨ ਹੈ ਤੇ ਫਿੱਕੀ ਹੀ ਉਹ ਸੋਝੀ ਰੱਖਦਾ ਹੈ। ਤੇ ਤੀਸਰਾ ਬਚਨ;

*"ਵਿਣੁ ਗੁਰ ਚਰਣਾਂ ਪੂਜਣਾ ਸਭੁ ਕੂੜਾ ਸੁਆਉ।*

ਭਾਵ ਕਿ ਬਗ਼ੈਰ ਗੁਰੂ ਦੇ ਚਰਨਾਂ ਨੂੰ ਛੱਡ ਕੇ ਪਾਖੰਡੀ ਦੇਹਧਾਰੀ ਗੁਰੂਆਂ ਦੇ ਨੱਕ ਰਗੜਦੇ ਫਿਰਦੇ ਹਨ। ਫਿਰ ਕਲਗੀਧਰ ਮਹਾਰਾਜ ਜੀ ਨੇ ਇਹੋ ਜਿਹਾ ਖ਼ਾਲਸਾ ਪੈਦਾ ਕੀਤਾ ਤੇ ਇਹ ਬਚਨ ਕਹੇ:-

"ਪੂਜਾ ਅਕਾਲ ਕੀ,
ਪਰਚਾ ਸ਼ਬਦ ਕਾ, ਅਤੇ
ਦੀਦਾਰ ਖਾਲਸੇ ਦਾ॥"

ਹੋਰ ਬਚਨ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹਨ:-

*"ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥*
*ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ॥"* (ਪੰਨਾ ੯੫੧)

ਭਾਵ ਕਿ ਜਿਨ੍ਹਾਂ ਦਾ ਗੁਰੂ ਹੀ ਅੰਨ੍ਹਾਂ ਹੈ, ਔਰ ਜਿਸ ਗੁਰੂ ਨੂੰ ਹੀ ਸ਼ਬਦ ਦਾ ਗਿਆਨ ਨਹੀਂ ਤੇ ਜਿਸ ਗੁਰੂ ਦਾ ਹੀ ਪਰਮੇਸ਼ਰ ਦੇ ਚਰਨਾਂ ਵਿਚ ਧਿਆਨ ਨਹੀਂ ਤੇ ਫਿਰ ਚੇਲਿਆਂ ਦਾ ਕਿੰਨਾਂ ਕੁ ਧਿਆਨ ਕਿੰਨਾਂ ਕੁ ਮਨ ਗੁਰੂ ਵੱਲ ਹੋਵੇਗਾ ! ਭਾਈ ਸਾਹਿਬ ਜੀ ਕਹਿੰਦੇ ਹਨ:-

*"ਵਿਣੁ ਗੁਰ ਚਰਣਾ ਪੂਜਣਾ, ਸਭੁ ਕੂੜਾ ਸੁਆਉ।"*

ਭਾਵ ਕਿ ਗੁਰੂ ਨੂੰ ਛੱਡ ਕੇ ਪਾਖੰਡੀਆਂ ਨੂੰ ਮੱਥਾ ਟੇਕਦਾ ਫਿਰਦਾ ਹੈ, ਉਹਨਾਂ ਨੂੰ ਪੂਜਦਾ ਰਹਿੰਦਾ ਹੈ। ਤੇ ਚੌਥਾ ਬਚਨ:-

*"ਵਿਣੁ ਗੁਰ ਬਚਨੁ ਜੁ ਮੰਨਣਾ, ਊਰਾ ਪਰਥਾਉ।"*

ਇਹ ਅਕਸਰ ਹੀ ਦੇਖਿਆ ਜਾਂਦਾ ਹੈ ਕਿ ਸਿੱਖ ਭਾਵੇਂ ਜਗਤ ਦੇ ਨਾਲ ਹੀ ਸਬੰਧਿਤ ਕਿਉਂ ਨਾ ਹੋਣ। ਜੋ ਪੂਰੇ ਗੁਰਾਂ ਦਾ ਬਚਨ ਹੈ, ਉਹ ਕਦੇ ਸੋਚਿਆ ਵੀ ਨਹੀਂ ਕਿ ਇਹਨਾਂ ਬਚਨਾਂ ਨੂੰ ਕਮਾ ਕਰਕੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਬਖ਼ਸ਼ਿਸ਼ਾਂ ਦੇ ਪਾਤਰ ਬਣ ਜਾਈਏ। ਅਗਰ ਕੋਈ ਦੇਹਧਾਰੀ ਗੁਰੂ ਇਹ ਗੱਲ ਕਹਿ ਰਿਹਾ ਹੈ ਜਿਹੜਾ ਕਿ ਆਪ ਵਹਿਮਾਂ-ਭਰਮਾਂ ਦੇ ਗੇੜ ਵਿਚ ਫਸਿਆ ਹੋਇਆ ਹੈ ਤੇ ਸਾਨੂੰ ਆਖ ਰਿਹਾ ਹੈ ਕਿ ਗੁਰੂ ਤੇ ਸਾਡਾ ਬੜਾ ਭਰੋਸਾ ਹੈ ਇਸ ਬਚਨ ਦੇ ਇਹ ਅਰਥ ਵੀ ਦੱਸੇ ਹਨ ਕਿ ਬਗ਼ੈਰ ਗੁਰੂ ਤੋਂ ਜਿਨ੍ਹਾਂ ਪਾਖੰਡੀਆਂ ਦੇਹਧਾਰੀਆਂ ਨੂੰ ਅਸੀਂ ਪੂਜਦੇ ਹਾਂ, ਇਹ ਕਰਨ ਨਾਲ ਸਾਡੇ ਹੱਥ ਕੁਝ ਵੀ ਨਹੀਂ ਆਉਣਾ ਤੇ ਪੰਜਵਾਂ ਬਚਨ;

*"ਸਾਧ ਸੰਗਤਿ ਵਿਣੁ ਸੰਗੁ ਹੈ;*

ਭਾਵ ਕਿ ਸਤਿਸੰਗਤ ਤੋਂ ਬਗ਼ੈਰ ਇਸ ਮਨੁੱਖ ਦਾ ਕੁਸੰਗਤ ਦੇ ਵਿਚ ਬੈਠਣਾ। ਸਾਡਾ ਸੁਭਾਅ ਬਣ ਚੁੱਕਾ ਹੈ ਕਿ ਅਸੀਂ ਨਿੰਦਿਆ-ਚੁਗਲੀ ਤੇ ਦੁਨਿਆਵੀ ਕੰਮਾਂ ਤੋਂ ਆਪਣੇ ਆਪ ਨੂੰ ਹਟਾ ਨਹੀਂ ਸਕਦੇ। ਪਰ ਅਗਰ ਅਕਾਲ-ਪੁਰਖ ਵਾਹਿਗੁਰੂ ਦੀਆਂ ਉਸਤਤੀਆਂ, ਵਡਿਆਈਆਂ ਸਾਡੇ ਕੰਨਾਂ ਵਿਚ ਪੈ ਜਾਣ ਤੇ ਫਿਰ ਅਸੀਂ ਆਪਣਾ ਧਿਆਨ ਉਸ ਪਾਸੇ ਲਗਾ

ਹੀ ਨਹੀਂ ਪਾਉਂਦੇ।

*"ਸਾਧਸੰਗਤਿ ਵਿਣੁ ਸੰਗੁ ਹੈ, ਸਭੁ ਕਚਾ ਚਾਉ।"*

ਭਾਵ ਕਿ ਸਾਧ-ਸੰਗਤਿ ਤੋਂ ਬਗ਼ੈਰ ਸਭ ਕੁਝ ਹੀ ਕੱਚਾ ਹੈ। ਲੇਕਿਨ ਜਿਸ ਦੇ ਮਨ ਵਿਚ ਇਹ ਗੱਲ ਪੱਕੀ ਹੋ ਗਈ ਕਿ ਗੁਰੂ ਬਿਨਾਂ ਕੋਈ ਨਹੀਂ; ਗੁਰੂ ਬਿਨਾਂ ਕਿਸੇ ਵੀ ਚੀਜ਼ ਦੀ ਪ੍ਰਾਪਤੀ ਨਹੀਂ, ਉਹ ਹੀ ਸਤਿਸੰਗਤ ਵਿਚ ਜੁੜ ਸਕਦਾ ਹੈ।

ਕਿਹੋ ਜਿਹਾ ਜੀਵਨ ਹੈ ਉਹਨਾਂ ਗੁਰਸਿੱਖਾਂ ਦਾ ਜਿਹੜੇ ਛੇ-ਛੇ ਕੋਹ ਇਸ਼ਨਾਨ ਕਰਨ ਵਾਸਤੇ ਜਾਂਦੇ ਸਨ। ਕਿਉਂਕਿ ਉਹਨਾਂ ਨੂੰ ਪਤਾ ਸੀ ਕਿ:-

*ਅੰਮ੍ਰਿਤ ਵੇਲੇ ਉਠਿ ਕੈ, ਜਾਇ ਅੰਦਰਿ ਦਰੀਆਉ ਨ੍ਹਵੰਦੇ।*
*ਸਹਜਿ ਸਮਾਧਿ ਅਗਾਧਿ ਵਿਚਿ ਇਕ ਮਨਿ ਹੋਇ ਗੁਰ ਜਾਪੁ ਜਪੰਦੇ।.......*
*ਸਬਦੁ ਸੁਰਤਿ ਲਿਵ ਲੀਣੁ ਹੋਇ ਸਤਿਗੁਰ ਬਾਣੀ ਗਾਇ ਸੁਣੰਦੇ।*

*(ਵਾਰ ੬, ਪਉੜੀ ੩)*

ਭਾਵ ਕਿ ਉਹ ਅੰਮ੍ਰਿਤ ਵੇਲੇ ਉੱਠ ਕੇ, ਇਸ਼ਨਾਨ-ਪਾਨ ਕਰਕੇ ਸ਼ਬਦ ਦੇ ਵਿਚ ਇੰਨੇ ਲਿਵ-ਲੀਨ ਹੋ ਜਾਂਦੇ ਸਨ ਕਿ ਇਸ ਸੰਸਾਰ ਅਤੇ ਆਪਣੇ ਸਰੀਰ ਦਾ ਧਿਆਨ ਭੁੱਲ ਜਾਂਦੇ ਸਨ। ਔਰ ਅੱਜ ਅਗਰ ਕੋਈ ਭਗਤੀ, ਨਿਤਨੇਮ ਜਾਂ ਸਿਮਰਨ ਕਰਨ ਵਾਸਤੇ ਬੈਠਾ ਵੀ ਹੈ ਤਾਂ ਉਸਦੀ ਨਜ਼ਰ ਘੜੀ 'ਤੇ ਟਿਕੀ ਰਹਿੰਦੀ ਹੈ। ਇਸ ਲਈ ਰਸ ਕਿਵੇਂ ਆਵੇ? ਸ਼ਬਦ-ਸੁਰਤ ਦਾ ਮੇਲ ਕਿਵੇਂ ਹੋਵੇ? ਮੇਲ ਤਾਂ ਉਦੋਂ ਹੋਣਾ ਹੈ ਜਦੋਂ ਵਿਕਲਪ-ਸੰਕਲਪ, ਕਾਮਨਾਵਾਂ-ਵਾਸ਼ਨਾਵਾਂ ਪੂਰਨ ਤੌਰ 'ਤੇ ਸਭ ਖ਼ਤਮ ਹੋ ਜਾਣ। ਫਿਰ ਹੀ ਉਹ ਰਸ ਆਵੇਗਾ। ਕਿਉਂਕਿ ਸਾਹਿਬਾਂ ਦਾ ਬਚਨ ਹੈ:-

*"ਰਾਰਾ ਰਸੁ ਨਿਰਸ ਕਰਿ ਜਾਨਿਆ॥*
*ਹੋਇ ਨਿਰਸ ਸੁ ਰਸੁ ਪਹਿਚਾਨਿਆ॥"* *(ਪੰਨਾ ੩੪੨)*

ਜਦੋਂ ਨਾਮ ਦਾ ਰਸ ਗੁਰਮੁਖਿ ਪਿਆਰਿਓ ਕਿਸੇ ਨੇ ਪੀ ਲਿਆ, ਉਸ ਨੂੰ ਫਿਰ ਦੁਨੀਆ ਦੇ ਸਾਰੇ ਰਸ ਫਿੱਕੇ ਲੱਗਦੇ ਹਨ। ਗੁਰਦੇਵ ਜੀ ਕਹਿੰਦੇ ਹਨ ਇਹ ਜਿਹੜੇ ਫਿੱਕੇ ਰਸ ਹਨ, ਇਹਨਾਂ ਨੂੰ ਛੱਡ ਦਿਉ, ਬਲਕਿ ਜਿਹੜਾ ਇਹਨਾਂ ਰਸਾਂ ਦਾ ਮਹਾਰਸ ਹੈ, ਉਸ ਰਸ ਨੂੰ ਪੀਉ। ਕਿਹਾ ਸੀ ਨਾ 'ਬਾਬਾ ਫਰੀਦ'' ਜੀ ਨੇ;

ਜਦੋਂ ਮਾਤਾ ਜੀ ਨੇ ਪੁਛਿਆ ਸੀ ਤਾਂ ਫਰੀਦ ਜੀ ਨੇ ਕਿਹਾ, "ਮਾਤਾ ਜੀ ! ਇਹ ਪੁੱਛਣਾ ਚਾਹੁੰਦੇ ਹੋ ਕਿ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੀ ਬੰਦਗੀ ਦਾ ਕੀ ਰਸ ਹੈ? ਤਾਂ ਫਰੀਦ ਜੀ ਨੇ ਉਤਰ ਦਿੱਤਾ:-

*"ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥*
*ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥"* *(ਪੰਨਾ ੧੩੭੯)*

ਭਾਵ ਕਿ ਜਿਨ੍ਹਾਂ ਨੂੰ ਰਸ ਆ ਗਿਆ, ਉਹਨਾਂ ਨੇ ਜਾਣ ਲਿਆ ਕਿ ਬਾਕੀ ਸੰਸਾਰ ਦੇ ਸਾਰੇ ਰਸ ਫਿੱਕੇ ਹਨ। ਹੁਣ ਹਰ ਇਕ ਬੰਦਾ ਚਾਹੁੰਦਾ ਹੈ ਕਿ ਜਿਹੜਾ ਮਹਾਂਰਸ ਹੈ, ਜਿਸ ਰਸ ਦੇ ਬਰਾਬਰ ਸਾਰੇ ਰਸ ਫਿੱਕੇ ਲੱਗਣ ਲੱਗ ਜਾਣ ਤਾਂ ਮੈਨੂੰ ਉਹ 'ਮਹਾਂਰਸ' ਚਾਹੀਦਾ ਹੇ। ਰਸ ਤਾਂ ਉਦੋਂ ਮਿਲੇਗਾ ਜਦੋਂ ਇਸ ਰਸ ਦੀ ਪ੍ਰਾਪਤੀ ਵਾਸਤੇ ਅਸੀਂ ਆਪਣੀ ਜਾਨ ਦੀ ਬਾਜ਼ੀ ਲਗਾ ਦੇਵਾਂਗੇ। ਔਰ ਜਦੋਂ ਇਸ ਰਸ ਦੀ ਪ੍ਰਾਪਤੀ ਵਾਸਤੇ ਸਾਰਾ ਹੀ ਜ਼ੋਰ ਲੱਗ ਜਾਵੇਗਾ, ਇਸ ਮਨ ਬਿਰਤੀ ਨੂੰ ਇਕਾਗਰ ਕਰਕੇ ਉਹ ਰਸ ਆਵੇਗਾ। ਲੇਕਿਨ ਅਸੀਂ ਕਹਿੰਦੇ ਹਾਂ ਕਿ ਦੁਨਿਆਵੀ ਰਸ ਵੀ ਨਹੀਂ ਛੱਡਣੇ, ਕੁਸੰਗਤ ਵੀ ਨਹੀਂ ਛੱਡਣੀ, ਤੇ ਭੈੜੇ ਕੰਮ ਵੀ ਨਹੀਂ ਛੱਡਣੇ। ਫਿਰ ਰਸ ਕਿਸ ਤਰ੍ਹਾਂ ਆਵੇਗਾ? ਅਸਲ ਕਾਰਣ ਇਹ ਹੈ ਕਿ ਰਸ ਸਾਰਿਆਂ ਨੂੰ ਚਾਹੀਦਾ ਹੈ, ਲੇਕਿਨ ਇਹ ਰਸ ਆਵੇਗਾ ਉਦੋਂ ਜਦੋਂ ਉਹ ਕੋਸ਼ਿਸ਼ ਕਰੇਗਾ। ਸਤਿਸੰਗਤ ਨੂੰ, ਅਕਾਲ-ਪੁਰਖ ਦੀ ਬੰਦਗੀ ਨੂੰ, ਜਦੋਂ ਉਹ ਆਪਣਾ ਜੀਵਨ ਬਣਾ ਲਵੇਗਾ ਤੇ ਫਿਰ ਅਕਾਲ-ਪੁਰਖ ਵਾਹਿਗੁਰੂ ਦੀ ਕ੍ਰਿਪਾ ਹੋ ਜਾਵੇਗੀ। ਗੁਰੂ ਤੇਗ ਬਹਾਦਰ ਜੀ ਇਨ੍ਹਾਂ ਸ਼ਬਦਾ ਦਾ ਫ਼ੈਸਲਾ ਦਿੰਦੇ ਹਨ:

*"ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥"* *(ਪੰਨਾ ੧੪੨੬)*

*"ਇਹ ਬਾਣੀ ਜੋ ਜੀਅਹੁ ਜਾਣੈ, ਤਿਸੁ ਅੰਤਰਿ ਰਵੈ ਹਰਿ ਨਾਮਾ ॥"*

ਜਿਸ ਨੇ ਮਨ ਕਰਕੇ ਇਸ ਬਾਣੀ ਨੂੰ ਜਾਣ ਲਿਆ ਤੇ ਜਿਨ੍ਹਾਂ ਨੇ ਮੰਨ ਕਰਕੇ ਇਸ ਨੂੰ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਤਾਂ ਗੱਲ ਕਿਵੇਂ ਬਣੇਗੀ। ਗੱਲ ਤਾਂ ਓਦੋਂ ਬਣੇਗੀ ਨਾ ਜਦੋਂ ਮੰਨ ਕਰਕੇ ਬਾਣੀ ਪੜ੍ਹਨ ਲੱਗ ਪਵਾਂਗੇ। ਮਨ ਕਰਕੇ ਬਾਣੀ ਸੁਣਨ ਲੱਗ ਪਵਾਂਗੇ। ਇਸ ਤਰ੍ਹਾਂ ਨਾਲ ਅਕਾਲ-ਪੁਰਖ ਵਾਹਿਗੁਰੂ ਜੀ ਦੀ ਕ੍ਰਿਪਾ ਹੋ ਜਾਵੇਗੀ। ਹੁਣ ਧੰਨ ਗੁਰੂ ਗ੍ਰੰਥ ਸਾਹਿਬ ਜੀ ਦਾ ਬਚਨ ਆਪ ਜੀ ਨੇ ਸਰਵਣ ਕੀਤਾ,

*"ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥"*

*(ਪੰਨਾ ੭੯੭)*

ਭਾਵ ਕਿ ਇਸ ਬਾਣੀ ਨੂੰ ਜਿਨ੍ਹਾਂ ਨੇ ਮਨ ਕਰਕੇ ਜਾਣ ਲਿਆ, ਓਦੋਂ ਬਾਣੀ ਦਾ ਰਸ ਆ ਗਿਆ। ਉਹਨਾਂ ਤੇ ਅਕਾਲ-ਪੁਰਖ ਵਾਹਿਗੁਰੂ ਦੀ ਰਹਿਮਤ ਹੋ ਗਈ। ਹੁਣ ਬਾਣੀ ਉਹੀ ਹੈ ਜਿਸ ਬਾਣੀ ਦੇ ਬੋਲ "ਭਾਈ ਲਹਿਣਾ ਜੀ" ਦੇ ਕੰਨਾਂ ਵਿਚ ਪਏ ਤੇ ਪੁੱਛਣਾ ਕੀਤਾ ਕਿ ਇਹ ਬਾਣੀ ਕਿਸ ਦੀ ਹੈ? ਕਿਉਂਕਿ ਇਹ ਬਾਣੀ ਸੁਣਨ ਨਾਲ ਮੇਰੇ ਮਨ ਵਿਚ ਸ਼ਾਂਤੀ ਆ ਗਈ, ਮੇਰੇ ਮਨ ਨੂੰ ਧੀਰਜ ਆ ਗਈ ਤੇ ਮੇਰੇ ਹਿਰਦੇ ਨੂੰ ਵੀ ਠੰਡਕ ਪੈ ਰਹੀ ਹੈ। ਹੁਣ "ਗੁਰੂ ਅਰਜਨ ਦੇਵ ਜੀ" ਦੇ ਹੀ ਬਚਨ ਹਨ:-

*"ਕਲਿ ਤਾਤੀ ਠਾਢਾ ਹਰਿ ਨਾਉ ॥*
*ਸਿਮਰਿ ਸਿਮਰਿ ਸਦਾ ਸੁਖ ਪਾਉ ॥"* *(ਪੰਨਾ ੨੮੮)*

ਸਤਿਗੁਰ ਜੀ ਕਹਿੰਦੇ ਹਨ ਕਿ ਇੰਹ ਕਲਯੁਗ ਤਪ ਰਿਹਾ ਹੈ ਤ੍ਰਿਸ਼ਨਾ ਦੀ ਅੱਗ ਵਿਚ।

ਔਰ ਇਸ ਤੋਂ ਬਚਾਂਗੇ ਕਿਵੇਂ? ਤਾਂ ਗੁਰਦੇਵ ਜੀ ਨੇ ਕਿਹਾ ਜੇਕਰ ਪਰਮੇਸ਼ਰ ਵਾਹਿਗੁਰੂ ਦਾ ਸਿਮਰਨ ਕਰਾਂਗੇ ਤਾਂ ਹੀ ਤੇ ਬਚਾਂਗੇ:

*"ਗੁਨ ਗੋਬਿੰਦ ਗਾਇਓ ਨਹੀ, ਜਨਮੁ ਅਕਾਰਥ ਕੀਨੁ॥"*

ਹੁਣ ਸਾਡੇ ਵਰਗੇ ਕਈ ਸਵਾਲ ਕਰਨਗੇ ਗੁਰੂ ਜੀ ਕੋਲ ਕਿ ਗੁਰੂ ਜੀ ! ਜਿਹੜੇ ਪਰਮੇਸ਼ਰ ਦੇ ਗੁਣ ਨਹੀਂ ਗਾਉਂਦੇ, ਕੀ ਉਹਨਾਂ ਦਾ ਜਨਮ ਬਿਰਥਾ ਹੈ?

ਤਾਂ ਗੁਰੂ ਤੇਗ ਬਹਾਦਰ ਜੀ ਨੇ ਇਸ ਦਾ ਜਵਾਬ ਦਿੱਤਾ ਕਿ:

*"ਕਹੁ ਨਾਨਕ ਹਰਿ ਭਜੁ ਮਨਾ, ਜਿਹ ਬਿਧਿ ਜਲ ਕਉ ਮੀਨੁ॥"*

ਭਾਵ ਕਿ ਜੇ ਤੈਨੂੰ ਬਾਣੀ ਨਾਲ ਪਿਆਰ ਹੈ, ਜੇ ਤੂੰ ਬਾਣੀ ਨੂੰ ਪੜ੍ਹ ਰਿਹਾ ਹੈਂ ਤਾਂ ਹੀ ਤੇਰੀ ਜ਼ਿੰਦਗੀ ਸਫਲ ਹੋ ਸਕਦੀ ਹੈ। ਜੇ ਤੂੰ ਬਾਣੀ ਵਿਚ ਜੁੜ ਜਾਵੇਂਗਾ, ਮੱਛੀ ਦੀ ਪਾਣੀ ਨਾਲ ਪ੍ਰੀਤੀ ਦੀ ਤਰ੍ਹਾਂ ਬਾਣੀ ਵਿਚ ਲੀਨ ਹੋ ਜਾਵੇਂਗਾ ਤਾਂ ਤੈਨੂੰ ਸਤਿਸੰਗਤ ਦੀ ਪ੍ਰਾਪਤੀ ਹੋ ਸਕਦੀ ਹੈ। ਅੰਤ ਵਿਚ ਗੁਰੂ ਜੀ ਨੇ ਇੰਨਾਂ ਹੀ ਕਿਹਾ ਕਿ ਸੰਸਾਰ ਤੇ ਅਗਰ ਸਾਨੂੰ ਮਨੁੱਖਾ ਦੇਹ ਮਿਲੀ ਹੈ ਤਾਂ ਇਸ ਦਾ ਲਾਭ ਉਠਾਉ। ਇਸ ਨੂੰ ਚੰਗੇ ਪਾਸੇ ਵੱਲ ਲਾਉ ਨਾ ਕਿ ਮਾੜੇ ਪਾਸੇ ਵੱਲ ਲੱਗੋ ਤੇ ਹੋਰਨਾਂ ਨੂੰ ਲਗਾਉ।

ਭਗਤ ਕਬੀਰ ਜੀ ਦਾ ਫ਼ੁਰਮਾਣ ਹੈ:-

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥ ਸੁਤ ਦਾਰਾ ਪਹਿ ਆਨਿ ਲੁਟਾਵੈ॥੧॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ੧ ॥ ਰਹਾਉ॥*

(ਪੰਨਾ ੬੫੬)

ਭਾਵ:- ਹਰ ਬੁਰੇ ਕੰਮ ਦਾ ਨਤੀਜਾ ਤੇਰੇ ਜੀਅ ਨੂੰ ਭੁਗਤਨਾ ਪੈਣਾ ਹੈ। ਅਗਰ ਤੂੰ ਗੁਰ ਪਰਮੇਸ਼ਰ ਨੂੰ ਪ੍ਰਵਾਨ ਹੋਣਾ ਹੈ ਤਾਂ ਧੰਨ ਗੁਰੂ ਰਾਮਦਾਸ ਜੀ ਦੇ ਮੁਬਾਰਕ ਬਚਨਾਂ ਮੁਤਾਬਕ ਜੀਵਨ ਬਣਾਉਣਾ ਪਵੇਗਾ ਜੈਸਾ ਕਿ,

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ੨॥*

(੩੦੫-੦੬)

# ਸਿੱਖ ਕੌਮ ਦਾ ਇਤਿਹਾਸ

*ਜੇਤਾ ਜੀਉ ਪਿੰਡੁ ਸਭੁ ਤੇਰਾ ਤੂੰ ਅੰਤਰਜਾਮੀ ਪੁਰਖੁ ਭਗਵਾਨੁ॥*
*ਦਾਸਨਿ ਦਾਸੁ ਕਹੈ ਜਨੁ ਨਾਨਕੁ ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ॥*
*(ਪੰਨਾ ੭੩੪)*

*ਸਭ ਤੇ ਊਤਮ ਹਰਿ ਕੀ ਕਥਾ॥*
*ਨਾਮੁ ਸੁਨਤ ਦਰਦ ਦੁਖ ਲਥਾ॥ (ਪੰਨਾ ੨੬੫)*
*ਸੁਣਿ ਹਰਿ ਕਥਾ ਉਤਾਰੀ ਮੈਲੁ॥*
*ਮਹਾ ਪੁਨੀਤ ਭਏ ਸੁਖ ਸੈਲੁ॥" (ਪੰਨਾ ੧੭੮)*

ਹੁਣ ਅਸੀਂ ਆਪਣੇ ਇਤਿਹਾਸ ਨਾਲ ਜੁੜਨਾ ਹੈ, ਕਿਉਂਕਿ ਜੋ ਇਤਿਹਾਸ ਹੈ ਉਹ ਕੌਮ ਦੀ ਜਿੰਦਜਾਨ ਹੋਇਆ ਕਰਦਾ ਹੈ। ਔਰ ਜਿਸ ਕੌਮ ਦਾ ਇਤਿਹਾਸ ਨਹੀਂ ਉਹ ਕੌਮਾਂ ਗੁਰਮੁਖ ਪਿਆਰਿਓ ! ਆਪਣਾ ਨਾਮ ਦੁਨੀਆਂ 'ਤੇ ਖ਼ਤਮ ਕਰ ਦਿੰਦੀਆਂ ਹਨ ਤੇ ਜਿਸ ਕੌਮ ਦਾ ਇਤਿਹਾਸ ਜੀਉਂਦਾ-ਜਾਗਦਾ ਹੈ ਉਹ ਕੌਮ ਹਮੇਸ਼ਾ ਦਿਨ-ਬ-ਦਿਨ ਚੜ੍ਹਦੀ ਕਲਾ ਵਿਚ ਰਹਿੰਦੀ ਹੈ।

*"ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ॥*
*ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥ (੬੯੪)*
*੨. ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ॥*
*ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ॥*
*(ਪੰਨਾ ੬੬੬)*

ਭਾਵ ਕਿ ਕਿਹੜੀ ਕ੍ਰਿਪਾ? ਧਨ ਦੀ ਕ੍ਰਿਪਾ, ਕਿਸੇ ਔਹੁਦੇ ਦੀ ਕ੍ਰਿਪਾ, ਜ਼ਮੀਨ-ਜਾਇਦਾਦ ਦੀ ਕ੍ਰਿਪਾ, ਪਰਿਵਾਰ ਦੀ ਕ੍ਰਿਪਾ, ਮਹਿਲ-ਮਾੜੀਆਂ ਦੀ ਕ੍ਰਿਪਾ ਜਾਂ ਕਿਸੇ ਰਾਜ-ਗੱਦੀ ਦੀ ਕ੍ਰਿਪਾ। ਪਰ ਕਿਹੜੀ ਕ੍ਰਿਪਾ?

ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਕਿ ਪਰਮੇਸ਼ਰ ਜੀ ਉਹ ਕ੍ਰਿਪਾ ਕਰੋ ਜਿਸ ਕ੍ਰਿਪਾ ਸਦਕਾ ਆਪ ਜੀ ਦੇ ਮੈਨੂੰ ਦਰਸ਼ਨ ਹੋ ਜਾਣ।

'ਐਸੀ ਬਖਸ ਕਰੀਜੈ' ਇਹੋ ਜਿਹੀ ਬਖ਼ਸ਼ਿਸ਼ ਮੇਰੇ ਵਰਗੇ 'ਤੇ ਕਰਨੀ ਕਰੋ ਕਿ ਮੇਰੇ ਸਾਰੇ

ਜਨਮਾਂ ਦੇ ਪਾਪ ਧੋਤੇ ਜਾਣ ਭਾਈ ਸਾਹਿਬ "ਭਾਈ ਗੁਰਦਾਸ ਜੀ" ਆਪਣੀ ਕਬਿੱਤ ਬਾਣੀ ਵਿਚ ਲਿਖਦੇ ਹਨ ਕਿ ਬਾਣੀ ਪੜ੍ਹ ਕੇ ਹੀ ਸਿਰਫ਼ ਜੀਵ 'ਤੇ ਕ੍ਰਿਪਾ ਨਹੀਂ ਹੋ ਜਾਣੀ, ਨਾ ਦੂਜਿਆਂ ਨੂੰ ਬਾਣੀ ਪੜ੍ਹ ਕੇ ਜਾਂ ਇਤਿਹਾਸ ਸੁਣਾ ਕੇ ਹੋ ਜਾਣੀ ਹੈ। ਔਰ ਨਾ ਹੀ ਦੁਨੀਆਂ ਦੀ ਦੌਲਤ ਜਾਂ ਵਡਿਆਈ ਕਰ ਕੇ ਇਹ ਕ੍ਰਿਪਾ ਹਾਸਿਲ ਹੋ ਜਾਣੀ ਹੈ। ਲੇਕਿਨ ਇਹ ਕ੍ਰਿਪਾ ਹੋਣੀ ਕਦੋਂ ਹੈ? ਸਮਝਣ ਦੀ ਕੋਸ਼ਿਸ਼ ਕਰਨਾ ਕਿ ਜਿਥੇ-ਜਿਥੇ ਵੀ ਤੁਸੀਂ ਪਹੁੰਚੇ ਹੋ ਉਥੋਂ ਤੱਕ ਤੁਹਾਨੂੰ ਗੁਰਦੇਵ ਨੇ ਹੀ ਪਹੁੰਚਾਇਆ ਹੈ:

*"ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥"* *(ਪੰਨਾ ੧੪੮)*

ਭਾਵ ਕਿ ਕੇਵਲ ਪੜ੍ਹਨ ਦੇ ਨਾਲ ਜਾਂ ਸੁਣਨ ਦੇ ਨਾਲ ਉਹ ਪ੍ਰਾਪਤੀ ਨਹੀਂ ਹੋ ਸਕਦੀ।

*ਖਾਂਡ ਖਾਂਡ ਕਹੈ ਜਿਹਬਾ ਨ ਸ੍ਵਾਦ ਮੀਠੋ ਆਵੈ, ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ॥*
*ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂ ਕੋ, ਦਰਬ ਦਰਬ ਕਹੈ ਕੋਊ ਦਰਬਹਿ ਨ ਬਿਲਾਸ ਹੈ॥*
*ਚੰਦਨ ਚੰਦਨ ਕਹਤ ਪ੍ਰਗਟੈ ਨ ਸੁਬਾਸ ਬਾਸੁ, ਚੰਦ ਚੰਦ ਕਹੈ ਉਜੀਆਰੋ ਨ ਪ੍ਰਗਾਸ ਹੈ॥*
*ਤੈਸੇ ਗਿਆਨ ਗੋਸਟਿ ਕਹਤ ਨ ਰਹਤ ਪਾਵੈ, ਕਰਨੀ ਪ੍ਰਧਾਨ ਭਾਨ ਉਦਤਿ ਅਕਾਸ ਹੈ॥*

ਭਾਈ ਸਾਹਿਬ ਗੁਰਦਾਸ ਜੀ ਮਨੁੱਖ ਨੂੰ ਸਮਝਾਉਣ ਵਾਸਤੇ ਕਿੰਨੀਆਂ ਹੀ ਉਦਾਹਰਣਾਂ ਦਿੰਦੇ ਹਨ। ਪਹਿਲੀ ਉਦਾਹਰਣ ਇਹ ਹੈ:

*੧. ਖਾਂਡ ਖਾਂਡ ਕਹੈ, ਜਿਹਬਾ ਨ ਸ੍ਵਾਦ ਮੀਠੋ ਆਵੈ,* *(੪੩੭-੧)*

ਕਹਿੰਦੇ ਗੁਰਮੁਖੋ ! ਐ ਦੁਨੀਆਂ ਦੇ ਲੋਕੋ, ਖੰਡ-ਖੰਡ ਕਹਿਣ ਨਾਲ ਤੇਰੀ ਜੀਭ 'ਤੇ ਇਸਦਾ ਸੁਆਦ ਨਹੀਂ ਆ ਸਕਦਾ। ਜਿਸ ਤਰ੍ਹਾਂ ਕਿਸੀ ਵੀ ਚੀਜ ਦਾ ਰਸ ਲੈਣਾ ਹੋਵੇ ਤੇ ਉਹ ਰੌਲਾ ਪਾ ਕੇ ਕਹੇ ਕਿ ਮੈਨੂੰ ਰਸ ਮਿਲ ਜਾਵੇ, ਨਹੀਂ ਮਿਲ ਸਕਦਾ।

*੨. ਅਗਨਿ-ਅਗਨਿ ਕਹੈ, ਸੀਤ ਨ ਬਿਨਾਸ ਹੈ॥*

*(ਪੰਨਾ ੪੩੭-੧, ਭਾਈ ਗੁਰਦਾਸ ਜੀ)*

ਭਾਵ ਕਿ ਅੱਗ-ਅੱਗ ਕਹਿਣ ਨਾਲ ਠੰਡ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਜਿਸ ਤਰ੍ਹਾਂ ਕਿ ਆਪ ਠੰਡੇ ਦੇਸ਼ ਵਿਚ ਰਹਿੰਦੇ ਹੋ, ਜਦੋਂ ਠੰਡ ਦੇ ਦਿਨ ਆਉਣ ਤੇ ਅੱਗ ਨੂੰ ਯਾਦ ਕਰਨ ਲੱਗ ਪਈਏ ਤੇ ਠੰਡ ਤੋਂ ਬਚਾਅ ਹੋ ਜਾਵੇਗਾ ! ਜਿੰਨਾ ਚਿਰ ਅੱਗ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ, ਉਨਾਂ ਚਿਰ ਤੁਸੀਂ ਠੰਡ ਤੋਂ ਨਹੀਂ ਬਚ ਸਕਦੇ।

*੩. ਬੈਦ-ਬੈਦ ਕਹੈ, ਰੋਗ ਮਿਟਤ ਨ ਕਾਹੂ ਕੋ,* *(੪੩੭-੨)*

ਜਿਸ ਤਰ੍ਹਾਂ ਕਿ ਰੋਗ ਲੱਗਾ ਹੋਇਆ ਹੈ, ਬੀਮਾਰ ਹੋ ਤੇ ਡਾਕਟਰ ਦੀ ਮਾਲਾ ਫੇਰ ਲੈਣ ਨਾਲ ਰੋਗ ਜਾਂ ਬੁਖ਼ਾਰ ਠੀਕ ਨਹੀਂ ਹੋ ਜਾਣਾ।

*੪. ਦਰਬ ਦਰਬ ਕਹੈ ਕੋਊ ਦਰਬਹਿ ਨ ਬਿਲਾਸ ਹੈ॥* *(੪੩੭-੨)*

ਧਨ ਦਾ ਨਾਮ ਲੈਣ ਕਰਕੇ ਧਨ ਨਹੀਂ ਮਿਲ ਜਾਣਾ।

*੫. ਚੰਦਨ-ਚੰਦਨ ਕਹਤ, ਪ੍ਰਗਟੈ ਨ ਸੁਬਾਸ ਬਾਸੁ, (੪੩੭-੩)*

ਚੰਦਨ ਦਾ ਨਾਮ ਲੈਣ ਨਾਲ ਸੁਗੰਧੀ ਨਹੀਂ ਆ ਸਕਦੀ।

*੬. ਚੰਦ ਚੰਦ ਕਹੈ ਉਜੀਆਰੋ ਨ ਪ੍ਰਗਾਸ ਹੈ॥ (੪੩੭-੩)*

ਕਹਿੰਦੇ ਚੰਦਰਮਾਂ-ਚੰਦਰਮਾਂ ਕਹਿਣ ਨਾਲ ਤੈਨੂੰ ਚੰਦਰਮਾਂ ਦੀ ਰੋਸ਼ਨੀ ਤੇ ਨਹੀਂ ਪ੍ਰਾਪਤ ਹੋ ਜਾਣੀ। ਜਿੰਨੀ ਦੇਰ ਤੱਕ ਤੁਸੀਂ ਚੰਦਰਮਾਂ ਦੇਖੋਗੇ ਨਹੀਂ।

ਅਸੀਂ ਮੋਹ ਰੂਪੀ ਜੰਜਾਲ ਦੇ ਵਿਚ ਡਿੱਗੇ ਹੋਏ ਹਾਂ ਤੇ ਸਾਨੂੰ ਗੁਰੂ ਜੀ ਕਹਿ ਰਹੇ ਹਨ, ਕਿ ਤੂੰ ਉਪਰ ਉਠ, ਵਿਸ਼ਾਲ ਜੀਵਨ ਜੀਅ ਤੇ ਉਸ ਅਕਾਲ-ਪੁਰਖ ਵਾਹਿਗੁਰੂ ਦੀਆਂ ਖ਼ੁਸ਼ੀਆਂ ਦਾ ਪਾਤਰ ਬਣ ਲੇਕਿਨ ਨਹੀਂ। ਅਸੀਂ ਕਹਿੰਦੇ ਹਾਂ ਕਿ ਅਸੀਂ ਖੂਹ ਵਿਚ ਹੀ ਠੀਕ ਹਾਂ। ਭਾਵੇਂ ਪੜ੍ਹਦੇ ਹਾਂ,

*"ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥" (੯੧੮-੯)*

*੭. "ਤੈਸੇ ਗਿਆਨ ਗੋਸਟਿ, ਕਹਤ ਨ ਰਹਤ ਪਾਵੈ" (੪੩੭-੪)*

ਭਾਵ ਕਿ ਗਿਆਨ ਦੀਆਂ ਗੱਲਾਂ ਕਰਕੇ ਕੋਈ ਗਿਆਨੀ ਨਹੀਂ ਬਣ ਜਾਂਦਾ। ਸੋਚ-ਵਿਚਾਰਾਂ ਕਰ ਕੇ ਕੋਈ ਵਿਚਾਰਵਾਨ ਨਹੀਂ ਬਣ ਸਕਦਾ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰੂ-ਘਰ ਦੇ ਵਿਚ ਕੇਵਲ ਕਰਨੀ ਪ੍ਰਧਾਨ ਹੈ। ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਕੇਵਲ ਕਰਨੀ ਹੀ ਬਚਨ ਮੰਨਿਆਂ ਭਾਈ ਲਹਿਣਾ ਜੀ ਨੇ ਤੇ ਗੁਰੂ ਨਾਨਕ ਦੇ ਸਰੂਪ ਬਣ ਗਏ। ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿਚ ਪਿਛਲੀ ਉਮਰ ਵਿਚ ਅਮਰ ਦੇਵ ਜੀ ਪਹੁੰਚੇ, ਬਚਨ ਮੰਨਿਆਂ ਤੇ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਸਰੂਪ ਬਣ ਗਏ। ਧੰਨ ਗੁਰੂ ਰਾਮਦਾਸ ਜੀ ਭਾਈ ਜੇਠੇ ਦੇ ਰੂਪ ਵਿਚ ਅਮਰ ਦਾਸ ਜੀ ਕੋਲ ਪਹੁੰਚੇ ਤੇ ਉਹਨਾਂ ਦਾ ਹੁਕਮ ਮੰਨਿਆਂ ਤੇ ਉਹਨਾਂ ਦੇ ਹੀ ਸਰੂਪ ਬਣ ਗਏ ਤੇ ਹੁਣ ਆਪਾਂ ਆਪਣੇ 'ਤੇ ਨਜ਼ਰ ਮਾਰੀਏ ਕਿ ਧੰਨ ਗੁਰੂ ਗ੍ਰੰਥ ਸਾਹਿਬ ਜੀ ਸਾਡੇ 'ਤੇ ਕ੍ਰਿਪਾ ਕਰ ਦੇਣਗੇ ! ਅਸੀਂ ਉਹਨਾਂ ਦੇ ਕ੍ਰਿਪਾ ਦੇ ਪਾਤਰ ਬਣ ਜਾਵਾਂਗੇ। ਹਿਰਦੇ ਤਾਂ ਸਾਡੇ ਚੰਚਲ ਚਤੁਰਾਈਆਂ ਦੇ ਨਾਲ ਭਰੇ ਹੋਏ ਹਨ ਤੇ ਬਾਣੀ ਇਹ ਪੜ੍ਹਦੇ ਪਏ ਹਾਂ ਕਿ:

*"ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥*

*ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥" (ਪੰਨਾ ੯੧੮)*

ਇਸ ਦੇ ਅਰਥ ਹਨ ਕਿ ਐ ਮਨਾ ! ਚਤੁਰਾਈ ਨਾਲ ਕਿਸੇ ਨੇ ਵੀ ਕੁਝ ਪ੍ਰਾਪਤ ਨਹੀਂ ਕੀਤਾ। ਆਪ ਜੀ ਨੂੰ ਪਤਾ ਹੋਵੇਗਾ ਕਿ ਸਿੱਖ ਧਰਮ ਦੇ ਅੰਦਰ ਸੇਵਾ ਕਰਨ ਨੂੰ ਬੜਾ ਉੱਤਮ ਮੰਨਿਆ ਗਿਆ ਹੈ, ਪਰ ਉਸ ਸੇਵਾ ਨੂੰ ਉਤਮ ਮੰਨਿਆ ਗਿਆ ਹੈ ਜਿਹੜੀ ਨਿਸ਼ਕਾਮ ਸੇਵਾ ਹੈ :

*"ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ॥"* (ਪੰਨਾ ੧੩੪੨)

ਗੁਰੂ ਜੀ ਕਹਿੰਦੇ ਹਨ ਤੂੰ ਤਾਂ ਆਪਣੇ 'ਮੈਂ' ਦੀ ਮੋਹਰ ਆਪਣੇ ਨਾਲ ਹੀ ਲਈ ਫਿਰਦਾ ਹੈਂ ਜੋ ਤੂੰ ਕੁਝ ਆਪਣੇ ਨਾਲ ਲੈ ਕੇ ਆਇਆ ਹੋਵੇਂ। ਤਾਂ ਧੰਨ ਗੁਰੂ ਨਾਨਕ ਦੇਵ ਜੀ ਜਪੁਜੀ ਵਿਚ ਇਹ ਬਚਨ ਕਹਿੰਦੇ ਹਨ:-

*"ਆਖਣਿ ਜੋਰੁ ਚੁਪੈ ਨਹ ਜੋਰੁ॥ ਜੋਰੁ ਨ ਮੰਗਣਿ ਦੇਣਿ ਨ ਜੋਰੁ॥"......*

*ਜੋਰੁ ਨ ਰਾਜਿ ਮਾਲਿ ਮਨਿ ਸੋਰੁ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ॥* (ਪੰਨਾ ੭)

ਭਾਵ ਕਿ ਨਿਸ਼ਕਾਮ ਹੋਣਾ ਕਿਵੇਂ ਹੈਂ? ਉਦੋਂ ਜਦੋਂ ਸਾਨੂੰ ਇਹ ਗਿਆਨ ਹੋ ਗਿਆ ਕਿ ਮੇਰਾ ਤੇ ਹੈ ਹੀ ਕੁਝ ਨਹੀਂ। ਅਗਰ ਸੇਵਾ ਕਰ ਰਹੇ ਹਾਂ ਤੇ ਉਸ ਵਿਚ ਨਿਸ਼ਕਾਮਤਾ ਹੈ ਤਾਂ ਹੀ ਉਹ ਸੇਵਾ ਗੁਰੂ ਦੇ ਚਰਨਾਂ ਵਿਚ ਕਬੂਲ ਹੋਣੀ ਹੈ। ਅਗਰ ਸਿਮਰਨ ਕਰ ਰਹੇ ਹਾਂ ਤੇ ਨਿਸ਼ਕਾਮਤਾ ਹੈ ਤਾਂ ਹੀ ਗੁਰੂ ਦੇ ਚਰਨਾਂ ਵਿਚ ਕਬੂਲ ਹੋਣੀ ਹੈ। ਇਕ ਸ਼ਾਇਰ ਲਿਖਦਾ ਹੈ:

*"ਖ਼ੁਦੀ ਕੋ ਕਰ ਬੁਲੰਦ ਇਤਨਾ, ਹਰ ਤਕਦੀਰ ਸੇ ਪਹਿਲੇ,*

*ਖ਼ੁਦਾ ਬੰਦੇ ਸੇ ਖ਼ੁਦ ਪੂਛੇ ਕਿ, ਬਤਾ ਤੇਰੀ ਰਜ਼ਾ ਕਿਆ ਹੈ॥"*

ਭਾਵ ਕਿ ਇਸ ਤਰ੍ਹਾਂ ਦੀ ਭਗਤੀ ਕਰ ਕਿ ਭਗਵਾਨ ਬੰਦੇ ਨੂੰ ਖ਼ੁਦ ਆ ਕੇ ਕਹੇ ਕਿ ਤੇਰੀ ਭਗਤੀ ਮੈਨੂੰ ਪਰਵਾਣ ਹੋ ਗਈ ਹੈ, ਦੱਸ ਹੁਣ ਤੂੰ ਕੀ ਮੰਗਣਾ ਚਾਹੁੰਦਾ ਹੈ? ਹੁਣ ਉਹ ਗੁਰਮੁਖ ਪਿਆਰੇ ਨੇ ਆਪਣੀ ਰਸਨਾ ਤੋਂ ਇਹ ਬਚਨ ਕਹੇ:

*ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥* (ਪੰਨਾ ੫੩੪)

*ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ॥* (ਪੰਨਾ ੭੬੧)

ਸੰਸਾਰ ਤੱਟ 'ਤੇ ਦੇਖਿਆ ਗਿਆ ਹੈ ਕਿ ਜਿਸ ਸੇਵਾ, ਸਿਮਰਨ ਵਾਸਤੇ ਅਸੀਂ ਨਿਸ਼ਕਾਮਤਾ ਹਾਸਿਲ ਕਰਨੀ ਸੀ, ਇਹ ਤਾਂ ਸਿਮਰਨ ਔਰ ਸੇਵਾ ਦੇ ਕਾਰਣ ਸਾਡੀਆਂ ਕਾਮਨਾਵਾਂ ਵੀ ਵੱਧ ਗਈਆਂ। ਤਾਂ ਮੈਂ ਪਾਠ ਕਰਾਂਗਾ ਅਸੀਂ ਕਹਿਣ ਲੱਗ ਪਏ ਕਿ ਸਾਨੂੰ ਇਹ ਹਾਸਿਲ ਹੋ ਜਾਵੇ ਤਾਂ ਮੈਂ ਸਿੱਖੀ ਸਰੂਪ ਧਾਰਨ ਕਰਾਂਗਾ, ਔਰ ਅਗਰ ਮੇਰੀ ਇਹ ਮੰਗ ਪੂਰੀ ਹੋ ਜਾਵੇ ਤਾਂ ਹੀ ਮੈਂ ਅੰਮ੍ਰਿਤ ਛਕਾਂਗਾ। ਅਸਲ ਵਿਚ ਇਹ ਮਾਜਰਾ ਕੀ ਹੈ? ਜਿਸ ਸੇਵਾ ਅਤੇ ਸਿਮਰਨ ਨੇ ਸਾਨੂੰ ਉਪਰਾਮ ਕਰਨਾ ਸੀ, ਜਿਸ ਸੇਵਾ ਅਤੇ ਸਿਮਰਨ ਨਾਲ ਤੂੰ ਤਿਆਗੀ, ਬੈਰਾਗੀ ਬਣਨਾ ਸੀ, ਲੇਕਿਨ ਤੂੰ ਤਾਂ ਸੰਸਾਰੀ ਲੋਕਾਂ ਦੇ ਵਿਚ ਹੀ ਖੁਬ ਗਿਆ। ਪਰ ਜਿਥੇ ਸੇਵਾ ਅਤੇ ਸਿਮਰਨ ਨੂੰ ਗੁਰਮੁਖ ਪਿਆਰਿਓ ਪਹਿਲ ਦੇ ਨਾਲ ਨਿਸ਼ਕਾਮਤਾ ਹੈ, ਉਥੇ ਸਿੱਖ ਧਰਮ ਦੇ ਅੰਦਰ ਕੁਰਬਾਣੀ ਨੂੰ ਵੀ ਬਹੁਤ ਉੱਚਾ ਦਰਜਾ ਦਿੱਤਾ ਗਿਆ ਹੈ। ਆਪਣਾ-ਆਪ ਕੁਰਬਾਨ ਕਰ ਦੇਣਾ ਸਿੱਖ ਧਰਮ ਵਾਸਤੇ ਆਪਣੀ ਸਾਰੀ ਜ਼ਿੰਦਗੀ ਹੀ ਪਰਉਪਕਾਰ ਦੇ ਵਿਚ ਲਾ ਦੇਣੀ। ਪਰ ਨਾਲ ਇਸਦੇ ਵੀ ਸ਼ਰਤ ਹੈ। ਅਗਰ ਤੇਰੀ ਕੁਰਬਾਨੀ ਵਿਚ ਕੋਈ ਨਿਸ਼ਕਾਮਤਾ ਨਹੀਂ ਬਲਕਿ ਕਾਮਨਾ ਹੈ ਤੇ ਫਿਰ ਉਹ ਕੁਰਬਾਨੀ ਵੀ ਅਕਾਲ-ਪੁਰਖ ਦੇ

ਚਰਨਾਂ ਵਿਚ ਪਰਵਾਣ ਨਹੀਂ।

*"ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥"* (ਪੰਨਾ ੧੪੧੨)

ਗੁਰਦੇਵ ਜੀ ਨੇ ਕਿਹਾ:

*"ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥"* (ਪੰਨਾ ੯੧੮)

ਹੁਣ ਤਨ ਵੀ ਗੁਰੂ ਨੂੰ ਦੇ ਦਿੱਤਾ, ਮਨ ਵੀ ਗੁਰੂ ਨੂੰ ਦੇ ਦਿੱਤਾ ਤੇ ਧਨ ਵੀ ਗੁਰੂ ਨੂੰ ਦੇ ਦਿੱਤਾ ਤੇ ਹੁਣ ਕਰੀਏ ਕੀ? ਫਿਰ ਜੋ ਗੁਰੂ ਕਹਿ ਰਿਹਾ ਹੈ ਉਹੀ ਭਲਾ ਮੰਨ ਕੇ ਕਰੀ ਜਾ:

*"ਆਪਿ ਸਤਿ ਕੀਆ ਸਭੁ ਸਤਿ॥*
*ਤਿਸੁ ਪ੍ਰਭ ਤੇ ਸਗਲੀ ਉਤਪਤਿ॥"* (ਪੰਨਾ ੨੯੪)

ਉਹ ਆਪ ਸੱਚਾ ਹੈ ਤੇ ਜਿਹੜਾ ਉਸ ਸੱਚ ਦੇ ਨਾਲ ਜੁੜ ਜਾਂਦਾ ਹੈ ਉਹ ਵੀ ਸੱਚਾ ਹੋ ਜਾਂਦਾ ਹੈ।

*"ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੁ ਨਾਨਕ ਜਗ ਮਾਹਿ ਪਠਾਇਆ॥"*
*(ਭਾਈ ਗੁਰਦਾਸ ਜੀ ਵਾਰ ੧/੨੩)*

ਜਦੋਂ ਦੀਨ-ਦੁਖੀਆਂ ਦੀ ਪੁਕਾਰ ਅਕਾਲ-ਪੁਰਖ ਵਾਹਿਗੁਰੂ ਨੇ ਸੁਣੀ ਤਾਂ ਉਸ ਨੇ ਆਪਣੀ ਸ਼ਕਤੀ ਦੀਨ-ਦੁਖੀਆਂ ਦੇ ਵਿਚ ਭੇਜ ਦਿੱਤੀ। ਧੰਨ ਗੁਰੂ ਨਾਨਕ ਦੇਵ ਮਹਾਰਾਜ ਨੇ ਇਸ ਕੁਰਬਾਨੀ ਰੂਪ ਮਹਿਲ ਦੀਆਂ ਨੀਹਾਂ ਇੰਨੀਆਂ ਪੱਕੀਆਂ ਕਰ ਦਿੱਤੀਆਂ ਕਿ ਇਸ ਨੂੰ ਢਾਹੁਣਾ ਕਿਸ਼ੇ ਨੇ ਕੀ ਹੈ? ਇਸ ਮਹਿਲ ਦਾ ਨਾਮੋ-ਨਿਸ਼ਾਨ ਵੀ ਕਿਸੇ ਨੇ ਕੀ ਖ਼ਤਮ ਕਰਨਾ, ਇਸ ਨੂੰ ਤਾਂ ਕੋਈ ਦਾਗ਼ ਵੀ ਨਹੀਂ ਲਾ ਸਕਦਾ। ਹੁਣ ਧੰਨ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ ਨੇ ਦੱਸਿਆ ਕਿ ਅਗਰ ਸੰਸਾਰ ਦੇ ਵਿਚ ਪਰਮੇਸ਼ਰ ਦੀ ਪ੍ਰਾਪਤੀ ਚਾਹੀਦੀ ਹੈ ਤਾਂ ਪਰਿਵਾਰ ਦਾ ਮੋਹ-ਸਿਮਰਨ ਛੱਡਣਾ ਪਵੇਗਾ। ਔਰ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਨੂੰ ਹੁਕਮ ਵੀ ਹੈ: ਕਿ?

*"ਗੁਰਿ ਕਹਿਆ ਸਾ ਕਾਰ ਕਮਾਵਹੁ॥ ਗੁਰ ਕੀ ਕਰਣੀ ਕਾਹੇ ਧਾਵਹੁ॥"* (੯੩੩-੮)

ਅਰਥਾਤ-ਜੋ ਗੁਰੂ ਨੇ ਤੁਹਾਨੂੰ ਕਿਹਾ ਹੈ ਤੁਸੀਂ ਉਹ ਕਰੋ ਬਲਕਿ ਜੋ ਗੁਰੂ ਕਰਦਾ ਰਿਹਾ ਹੈ, ਉਸ 'ਤੇ ਉਂਗਲੀਆਂ ਨਾ ਚੁੱਕੋ। ਹੁਣ ਗੁਰੂ ਨੇ ਨਾਮ ਬਾਣੀ ਦਾ ਜਹਾਜ਼ ਬਣਾਇਆ ਤੇ ਉਹਨਾਂ ਨੇ ਇਹ ਬਚਨ ਗੁਰਬਾਣੀ ਦੇ ਅੰਦਰ ਲਿਖ ਦਿੱਤੇ:

*"ਪੋਥੀ ਪਰਮੇਸਰ ਕਾ ਥਾਨੁ॥"* (ਪੰਨਾ ੧੨੨੬)

ਕੋਈ ਕਹਿੰਦਾ ਹੈ ਇਹ ਕਿਤਾਬ ਹੈ, "ਗੁਰੂ ਅਰਜਨ ਦੇਵ ਜੀ" ਕਹਿੰਦੇ ਮੈਂ ਵੀ ਕਹਿੰਦਾ ਹਾਂ ਕਿ ਇਹ ਕਿਤਾਬ ਹੈ ਲੇਕਿਨ ਇਸ ਕਿਤਾਬ ਨੂੰ ਮਾਨਤਾ, ਇਸ ਕਿਤਾਬ ਨੂੰ

ਸ਼ਕਤੀ, ਇਸ ਕਿਤਾਬ ਨੂੰ ਔਹੁਦਾ, ਇਸ ਕਿਤਾਬ ਨੂੰ ਅਵਸਥਾ, ਪਰਮੇਸ਼ਰ ਦੀ ਮਿਲ ਚੁੱਕੀ ਹੈ। ਮਨੁੱਖ ਨੂੰ ਕਿਹਾ ਕਿ ਤੂੰ ਮਨੁੱਖ ਹੈ ਲੇਕਿਨ ਕੀ ਹੋਇਆ ਜੇ ਤੈਨੂੰ ਮੁੱਖ-ਮੰਤਰੀ ਦਾ ਔਹੁਦਾ ਮਿਲ ਗਿਆ, ਪ੍ਰਧਾਨ-ਮੰਤਰੀ ਦਾ ਔਹੁਦਾ ਮਿਲ ਗਿਆ ਤਾਂ ਮੈਂ ਤੇਰੇ ਕੋਲੋਂ ਡਰਣ ਥੋੜ੍ਹਾ ਲੱਗ ਪਿਆ ਹਾਂ।

*੧. "ਸਾਧਸੰਗਿ ਗਾਵਹਿ ਗੁਣ ਗੋਬਿੰਦ"*

ਭਾਵ ਕਿ ਸੰਗਤ ਵਿਚ ਆ ਕੇ ਪਰਮੇਸ਼ਰ-ਵਾਹਿਗੁਰੂ ਦੇ ਗੁਣ ਮਨ ਕਰ ਕੇ ਗਾਂਈ।

*੨. ਪੂਰਨ ਬ੍ਰਹਮ ਗਿਆਨੁ ॥ ੧ ॥*

ਭਾਵ ਕਿ ਉਸ ਬ੍ਰਹਮ ਪਰਮੇਸ਼ਰ ਵਾਹਿਗੁਰੂ ਦਾ ਤੈਨੂੰ ਗਿਆਨ ਹੋ ਜਾਵੇਗਾ ਤੇ ਪਤਾ ਲੱਗ ਜਾਵੇਗਾ ਕਿ ਇਹ ਜੋ ਵੀ ਟਿੱਪੀ ਲਗ ਤੁਕ, ਬਿੰਦੀ, ਸਿਹਾਰੀ, ਬਿਹਾਰੀ, ਇਹ ਗੁਰੂ ਦਾ ਰੂਪ ਹੈ ਤੇ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਖਿਡੌਣਾ ਸਮਝ ਲਿਆ ਤਾਂ ਉਹਨਾਂ ਪ੍ਰਤੀ ਸਤਿਗੁਰਾਂ ਦਾ ਫ਼ੁਰਮਾਨ ਹੈ :-

*"ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥*
*ਕੋਈ ਆਖੈ ਆਦਮੀ ਨਾਨਕੁ ਵੇਚਾਰਾ॥"* *(ਪੰਨਾ ੯੯੧)*

ਅਗਰ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਅਪਸ਼ਬਦਾਂ ਦੀ ਵਰਤੋਂ ਲੋਕੀਂ ਕਰ ਸਕਦੇ ਹਨ। ਔਰ ਜੇ ਤੇਰੇ ਸਰੀਰ ਨੂੰ ਇਹਨਾਂ ਸ਼ਬਦਾਂ ਦੀ ਵਰਤੋਂ ਕਿਸੇ ਨੇ ਕਰ ਦਿੱਤੀ ਤਾਂ ਤੂੰ ਕਿਸ ਤਰ੍ਹਾਂ ਇਹਨਾਂ ਬੋਲਾਂ ਨੂੰ ਲੈ ਰਿਹਾ ਹੈਂ। ਕਿੰਨੀ ਤਕਲੀਫ਼ ਤੂੰ ਮੰਨ ਰਿਹਾ ਹੈਂ ਤੇ ਕਹਿ ਰਿਹਾ ਹੈਂ ਇਸ ਬਾਣੀ ਤੋਂ ਕੀ ਲੈਣਾ? ਇਸ ਸਿੱਖ ਧਰਮ ਤੋਂ ਕੀ ਲੈਣਾ, ਇਸ ਗੁਰੂ ਤੋਂ ਤੇ ਇਸ ਗੁਰੂ-ਘਰ ਤੋਂ ਕੀ ਲੈਣਾ? ਹੁਣ ਗੁਰੂ ਨਾਨਕ ਦੇਵ ਮਹਾਰਾਜ ਜੀ ਨੂੰ ਕਿੰਨੀ ਹੀ ਗਿਣਤੀ ਦੇ ਲੋਕਾਂ ਨੇ ਸਮਝਿਆ ਨਹੀਂ ਪਰ ਭੈਣ ਬੀਬੀ ਨਾਨਕੀ ਦੀਆਂ ਅੱਖਾਂ ਨੇ ਪਹਿਚਾਣ ਕਰ ਲਈ ਸੀ ਕਿ ਪਰਮੇਸ਼ਰ ਦਾ ਸਰੂਪ ਹੈ। ਇਹ ਕੋਈ ਰੱਬੀ ਇਲਾਹੀ ਨੂਰ ਹੈ। ਜਦੋਂ ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਬੇਬੇ ਨਾਨਕੀ ਨੂੰ ਆਪਣੇ ਜਾਣ ਵਲੋਂ ਕਿਹਾ ਤੇ ਨਾਨਕੀ ਨੇ ਸੋਚਿਆ ਪੰਜ-ਦੱਸ ਦਿਨ ਲਈ ਜਾਣਾ ਹੋਵੇਗਾ, ਲੇਕਿਨ ਮਹਾਰਾਜ ਨੇ ਕਿਹਾ ਕਿ ਕੁਝ ਸਮਾਂ ਲੱਗ ਸਕਦਾ ਹੈ। ਜਦੋਂ ਬੇਬੇ ਨਾਨਕੀ ਨੇ ਵੇਖਿਆ ਕਿ ਇਹਨਾਂ ਦਾ ਕੋਈ ਪਤਾ ਨਹੀਂ, ਪਤਾ ਨਹੀਂ ਇਹਨਾਂ ਨੇ ਕਦੋਂ ਵਾਪਸ ਫੇਰੀ ਪਾਉਣੀ ਹੈ, ਤਾਂ ਭੈਣ ਨੇ ਸ੍ਰੀ ਚੰਦ, ਲਖਮੀ ਦਾਸ ਤੇ ਸੁਲੱਖਣੀ ਜੀ ਨੂੰ ਲਿਆ ਕੇ ਅੱਗੇ ਖੜ੍ਹਾ ਕਰ ਦਿੱਤਾ। ਆਪਣੇ ਭਤੀਜੇ ਨੂੰ ਲੱਤਾਂ ਨਾਲ ਚਿਮੜਾ ਦਿੱਤਾ ਤੇ ਕਿਹਾ ਕਿ ਪਿਤਾ ਜੀ ਦੀਆਂ ਲੱਤਾਂ ਫੜ ਲਵੋ, ਇਹਨਾਂ ਨੂੰ ਜਾਣ ਨਾ ਦੇਣਾ ਤੇ ਨਾਲ ਹੀ ਬੇਬੇ ਨਾਨਕੀ ਕਹਿਣ ਲੱਗੀ ਕਿ ਜੇ ਜਾਣਾ ਹੀ ਹੈ ਤਾਂ ਇਹਨਾਂ ਨੂੰ ਨਾਲ ਲੈ ਕੇ ਹੀ ਜਾਓ। ਇਹਨਾਂ ਦੀ ਦੇਖਭਾਲ, ਇਹਨਾਂ ਦਾ ਪਾਲਣ-ਪੋਸ਼ਣ, ਇਹਨਾਂ ਨੂੰ ਪਿਤਾ ਦਾ ਪਿਆਰ ਕੌਣ ਦੇਵੇਗਾ? ਤਾਂ ਧੰਨ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਨੇ ਕ੍ਰਿਪਾ ਕੀਤੀ ਕਿ ਐ ਭੈਣ ਜੀ ! ਇਹ ਮੇਰੇ ਬੱਚੇ ਹਨ, ਤੇ ਮੈਂ ਅਕਾਲ-ਪੁਰਖ ਪਰਮੇਸ਼ਰ ਦਾ ਬੱਚਾ ਹਾਂ। ਅਗਰ ਪਰਮੇਸ਼ਰ ਦੇ ਬੱਚੇ

ਕ੍ਰੋੜਾਂ ਦੇ ਹਿਸਾਬ ਦੇ ਨਾਲ ਤ੍ਰਿਸ਼ਨਾ ਦੀ ਅੱਗ ਦੇ ਵਿਚ ਸੜ ਰਹੇ ਹੋਣ ਜਾਂ ਰੋਂਦੇ ਪਏ ਹੋਣ ਤਾਂ ਅਗਰ ਉਹਨਾਂ ਨੂੰ ਸ਼ਾਂਤੀ ਮਿਲ ਜਾਏ ਤੇ ਅਗਰ ਇਹਨਾਂ ਨੂੰ ਥੋੜ੍ਹਾ ਜਿਹਾ ਤਿਆਗ ਦਾ ਵਿਛੋੜਾ ਵੀ ਮਿਲ ਜਾਏ ਤਾਂ ਕੋਈ ਗੱਲ ਨਹੀਂ।

'ਕੁਰਬਾਨੀ', 'ਨਿਸ਼ਕਾਮਤਾ'

ਤੇ ਗੁਰੂ ਨਾਨਕ ਦੇਵ ਮਹਾਰਾਜ ਨੇ ਸਿਖਰ ਦੁਪਹਿਰੇ ਸੁਲਤਾਨਪੁਰ ਤੋਂ ਗੁਰਮੁਖ ਪਿਆਰਿਓ ! ਪਹਿਲੀ ਉਦਾਸੀ ਸ਼ੁਰੂ ਕੀਤੀ। ਖ਼ੂਹ ਦੇ ਕੋਲ ਤਾਂ ਪਿਆਸੇ ਆਉਂਦੇ ਦੇਖੇ ਹਨ, ਪਰ ਪਿਆਸੇ ਦੇ ਕੋਲ ਖ਼ੂਹ ਜਾਂਦਾ ਨਹੀਂ ਦੇਖਿਆ, ਭਾਵੇਂ ਉਮਰ ਦੇ ਵਿਚ ਸਭ ਤੋਂ ਛੋਟਾ ਇਹ ਸਿੱਖ ਧਰਮ ਹੈ। ਪਰ ਦੁਨੀਆਂ ਦਾ ਇਤਿਹਾਸ ਪੜ੍ਹ ਲੈਣਾ, ਦੁਨੀਆਂ ਦਾ ਅਧਿਐਨ ਕਰ ਲੈਣਾ ਕਿ ਪੁਰਾਤਨ ਤੋਂ ਪੁਰਾਤਨ ਵੀ ਜਿਹੜਾ ਧਰਮ ਚਲਿਆ, ਉੱਨੀਆਂ ਕੁਰਬਾਨੀਆਂ ਉਸ ਵਿਚ ਨਹੀਂ, ਜਿੰਨੀਆਂ ਕੁਰਬਾਨੀਆਂ ਇਸ ਸਿੱਖ ਧਰਮ ਦੇ ਅੰਦਰ ਹੈ ਪਰ ਕੁਰਬਾਨੀ ਉਹੀ ਅਕਾਲ-ਪੁਰਖ ਦੇ ਚਰਨਾਂ ਵਿਚ ਸਫਲ ਹੈ, ਜਿਸ ਕੁਰਬਾਨੀ ਵਿਚ ਨਿਸ਼ਕਾਮਤਾ ਹੋਵੇ। 'ਮੈਂ' ਹਉਮੈ ਦੀ ਬਦ-ਬੂ ਨਾ ਆਉਂਦੀ ਹੋਵੇ।

*"ਤੈਸੇ ਗਿਆਨ ਗੋਸਟਿ ਕਹਤ ਨ ਰਹਤ ਪਾਵੈ,*
*ਕਰਨੀ ਪ੍ਰਧਾਨ ਭਾਨ ਉਦਤਿ ਅਕਾਸ਼ ਹੈ॥"*

*(ਕਬਿੱਤ ਭਾ: ਗੁਰਦਾਸ ਜੀ ੪੩੭)*

ਇਸ ਜਗ੍ਹਾ 'ਤੇ ਕਰਨੀ ਪ੍ਰਧਾਨ ਹੈ। ਜੇ ਮਨ ਕਰਕੇ ਸਿਮਰਨ ਨਾ ਕੀਤਾ, ਜੇ ਮਨ ਕਰਕੇ ਬਾਣੀ ਨਾ ਪੜ੍ਹੀ, ਮਨ ਕਰਕੇ ਸਤਿਸੰਗਤ ਨਾ ਕੀਤੀ, ਜੇ ਮਨ ਕਰਕੇ ਬਾਣੀ ਦਾ ਭੈਅ ਨਾ ਕੀਤਾ ਤਾਂ ਬਾਹਰ ਰੂਪੀ ਕਰਮਾਂ ਨੇ ਗੁਰਮੁਖ ਪਿਆਰਿਓ ! ਤੁਹਾਡਾ ਕੋਈ ਵੀ ਕੰਮ ਨਹੀਂ ਸੰਵਾਰਨਾ। ਧੰਨ ਗੁਰੂ ਨਾਨਕ ਦੇਵ ਜੀ ਨੇ ਕੁਰਬਾਨੀਆਂ ਰੂਪ ਸਿੱਖੀ ਮਹਿਲ ਦੀ ਨੀਂਹਾਂ ਰੱਖ ਕੇ ਮਹਿਲ ਉਸਾਰਨਾ ਸ਼ੁਰੂ ਕਰ ਦਿੱਤਾ।

**ਇਸ ਤੋਂ ਬਾ**ਅਦ ਪੰਚਮ ਪਿਤਾ 'ਧੰਨ ਗੁਰੂ ਅਰਜਨ ਦੇਵ ਜੀ' ਮਹਾਰਾਜ ਗੁਰਤਾ ਗੱਦੀ ਦੇ ਵਾਰਿਸ ਬਣੇ। ਪਰ ਸਾਡੇ ਵਿਚ ਕਈ ਇਹੋ ਜਿਹੇ ਸਿੱਖ ਹਨ ਜੋ ਕਹਿੰਦੇ ਹਨ ਕਿ ਅਸੀਂ ਤਾਂ ਕੇਵਲ ਧੰਨ ਗੁਰੂ ਨਾਨਕ ਦੇਵ ਮਹਾਰਾਜ ਨੂੰ ਹੀ ਆਪਣੇ ਗੁਰੂ ਮੰਨਦੇ ਹਾਂ। ਔਰ ਹਰਿਗੋਬਿੰਦ ਮਹਾਰਾਜ ਜੀ ਨੂੰ ਅਸੀਂ ਆਪਣੇ ਗੁਰੂ ਨਹੀਂ ਮੰਨਦੇ, ਕਿਉਂਕਿ ਉਹ ਸ਼ਸਤਰਧਾਰੀ ਸਨ ਤੇ ਕਈਆਂ ਦੇ ਘਰਾਂ ਵਿਚ ਦੇਖਿਆ ਗਿਆ ਹੈ ਕਿ ਕੇਵਲ ਤੇ ਕੇਵਲ ਗੁਰੂ ਨਾਨਕ ਦੇਵ ਮਹਾਰਾਜ ਦੇ ਹੀ ਸਰੂਪ ਹਨ। ਪਰ ਆਪ ਨੂੰ ਇਹ ਪਤਾ ਹੋਵੇਗਾ ਕਿ ਕਿਸੇ ਵੀ ਚੀਜ਼ ਦੀ ਹੱਦ ਹੁੰਦੀ ਹੈ। ਆਪ ਨੂੰ ਪਤਾ ਹੋਵੇਗਾ ਕਿ "ਧੰਨ ਗੁਰੂ ਅਰਜਨ ਦੇਵ" ਮਹਾਰਾਜ, ਜਿਨ੍ਹਾਂ ਨੂੰ ਤੁਸੀਂ ਸ਼ਾਂਤੀ ਦੇ ਪੁੰਜ ਕਹਿ ਲਵੋ, ਉਹਨਾਂ ਨੇ ਕਲਯੁੱਗੀ ਜੀਵਾਂ 'ਤੇ, ਔਰ ਸਾਡੇ ਵਰਗਿਆਂ 'ਤੇ ਦਇਆ ਕਰਕੇ ਕ੍ਰਿਪਾ ਕਰਕੇ ਇਹ ਨਾਮ ਬਾਣੀ ਦਾ ਜਹਾਜ਼ ਬਣਾ ਦਿੱਤਾ।

ਕਿਉਂਕਿ ਗੁਰੂ ਜੀ ਕਿਸੇ ਨੂੰ ਡੁੱਬਦਾ ਨਹੀਂ ਵੇਖ ਸਕਦੇ, ਕਿਸੇ ਨੂੰ ਨਰਕਾਂ ਵਿਚ ਜਾਂਦਿਆਂ ਨਹੀਂ ਦੇਖ ਸਕਦੇ, ਇਨ੍ਹਾਂ ਟੇਢੀਆਂ-ਮੇਢੀਆਂ ਜੂਨਾਂ ਵਿਚ ਕਿਸੇ ਨੂੰ ਦੇਖ ਨਹੀਂ ਸਕਦੇ। ਇਸ ਲਈ ਉਹਨਾਂ ਨੇ ਜਹਾਜ਼ ਬਣਾ ਦਿੱਤਾ ਤਾਂ ਕਿ ਇਸ ਜਹਾਜ਼ ਤੋਂ ਉਹ ਆਪਣੀ ਜ਼ਿੰਦਗੀ ਦਾ ਬੇੜਾ ਪਾਰ ਕਰ ਸਕਣ। ਹੁਣ ਜੇ ਕੋਈ ਕਹੇ ਕਿ ਮੈਂ ਲੰਬਾ ਸਫ਼ਰ ਤਹਿ ਕਰਨਾ ਹੈ ਤੇ ਕਿਸੇ ਸਵਾਰੀ ਦੀ ਓਟ ਨਹੀਂ ਲੈਣੀ ਤੇ ਮੈਂ ਲੱਖਾਂ ਮੀਲ ਪੈਂਡਾ ਤਹਿ ਕਰਨਾ ਹੈ ਨਹੀਂ ਹੋ ਸਕਦਾ। ਇਹ ਮੁਮਕਿਨ ਤਾਂ ਉਦੋਂ ਹੀ ਹੋ ਸਕਦਾ ਹੈ ਜਦੋਂ ਕੋਈ ਸਵਾਰੀ ਦਾ ਆਸਰਾ ਲਿਆ ਜਾਵੇਗਾ। ਅਸੀਂ ਮੰਨ ਕੇ ਤਾਂ ਇਹੋ ਬੈਠੇ ਹਾਂ ਕਿ ਦੁਨਿਆਵੀ ਜਹਾਜ਼ ਤੇ ਚੜ੍ਹ ਕੇ ਹੀ ਅਸੀਂ ਇਕ ਦੇਸ਼ ਤੋਂ ਦੂਸਰੇ ਦੇਸ਼ ਜਾਂਦੇ ਹਾਂ, ਪਰ ਸੱਚਖੰਡ ਨੂੰ, ਉਸ ਬੈਕੁੰਠ ਨੂੰ ਅਸੀਂ ਨਾਮ-ਬਾਣੀ ਦੇ ਜਹਾਜ਼ ਤੋਂ ਬਗ਼ੈਰ ਹੀ ਚਲੇ ਜਾਣਾ ਹੈ। ਤਾਂ ਹੀ ਅਸੀਂ ਨਾਮ ਦੀ ਜ਼ਰੂਰਤ ਨਹੀਂ ਭਾਸਦੇ। ਤਾਂ ਹੀ ਅਸੀਂ ਨਾਮ ਦਾ ਸਿਮਰਨ ਨਹੀਂ ਕਰਦੇ, ਤਾਂ ਹੀ ਪਰਮੇਸ਼ਰ ਵਾਹਿਗੁਰੂ ਦਾ ਸਾਡੇ ਹਿਰਦੇ ਵਿਚ ਭੈਅ ਨਹੀਂ। ਕਹਿਣ ਤੋਂ ਭਾਵ ਕਿ ਜਿਸ ਗੁਰੂ ਸਾਹਿਬਾਂ ਨੇ ਕਲਯੁੱਗੀ ਜੀਵਾਂ 'ਤੇ ਗੁਰਮੁਖਿ ਪਿਆਰਿਓ ! ਤਰਸ ਕਰਕੇ ਨਾਮ-ਬਾਣੀ ਦਾ ਜਹਾਜ਼ ਰਚਿਆ ਤੇ ਉਸ ਗੁਰੂ ਨੂੰ ਜ਼ਾਲਮ ਸਰਕਾਰ ਨੇ, ਜ਼ਾਲਮ ਚੰਦੂ ਨੇ ਪੰਜ ਦਿਨ ਲਾਹੌਰ ਦੇ ਅੰਦਰ ਉਹ ਕਸ਼ਟ ਦੇ ਕੇ ਡੁਲਾਉਣਾ ਚਾਹਿਆ ਕਿ ਤੂੰ ਆਪਣਾ ਧਰਮ ਛੱਡ ਦੇ, ਔਰ ਮੁਸਲਮਾਨ ਧਰਮ ਦੇ ਵਿਚ ਆ ਜਾ ਤੇ ਮੇਰੀ ਬੇਟੀ ਦਾ ਰਿਸ਼ਤਾ ਜਿਹੜਾ ਤੁਸੀਂ ਆਪਣੇ ਸਾਹਿਬਜ਼ਾਦੇ ਨਾਲ ਕਰਨਾ ਕੀਤਾ ਸੀ, ਉਹ ਤੁਸੀਂ ਨਾਂਹ ਕਰ ਦਿੱਤੀ ਸੀ, ਉਹ ਮੁੜ ਕੇ ਹਾਂ ਕਰੋ। ਇਸ ਕਿਤਾਬ ਦੇ ਅੰਦਰ, ਲਿਖ ਦੇਣਾ ਕਰੋ ਕਿ ਤੁਸੀਂ ਇਸ ਗੱਲ ਨੂੰ ਮੰਨਣ ਲਈ ਤਿਆਰ ਹੋ ਗਏ ਹੋ। ਲੇਕਿਨ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਨਾਲ ਕੁਝ ਵੀ ਨਹੀਂ ਕੀਤਾ। ਉਹ ਗੁਰਮੁਖ ਪਿਆਰਿਓ ! ਜਿਸ ਮੌਤ ਤੋਂ ਬਚਣ ਵਾਸਤੇ ਤੂੰ ਸਿੱਖੀ ਸਰੂਪ ਦਾ ਕਤਲ ਕਰ ਦਿੱਤਾ, ਜਿਸ ਝੂਠੇ ਸਰੀਰ ਵਾਸਤੇ ਤੂੰ ਗੁਰੂ ਦੀ ਮੋਹਰ ਨੂੰ ਹੀ ਖ਼ਤਮ ਕਰ ਦਿੱਤਾ। ਇਸ ਤਰ੍ਹਾਂ ਕਰਨ ਨਾਲ ਤੂੰ ਕਿੰਨੇ ਕੁ ਜੁਗ ਜੀਅ ਸਕਦਾ ਹੈਂ। ਇਸ ਦੀ ਕੋਈ ਗਾਰੰਟੀ ਹੈ ਕਿ ਤੂੰ ਮੁੜ ਕੇ ਮਰਨਾ ਹੀ ਨਹੀਂ। ਕਿੰਨਾ ਚੰਗਾ ਹੁੰਦਾ ਜੇ ਤੂੰ "ਗੁਰੂ ਨਾਨਕ ਦੇਵ ਮਹਾਰਾਜ ਜੀ" ਦੀ ਸਿੱਖੀ ਕਮਾਉਂਦਿਆਂ-ਕਮਾਉਂਦਿਆਂ ਕਲਗੀਧਰ ਸੱਚੇ-ਪਾਤਸ਼ਾਹ ਦੇ ਖਾਲਸੇ ਸਰੂਪ ਵਿਚ ਹੀ ਮੌਤ ਨੂੰ ਇਖ਼ਤਿਆਰ ਕਰਦਾ ਤੇ ਤੈਨੂੰ ਗੁਰੂ ਕਦੇ ਵੀ ਨਰਕਾਂ ਨੂੰ ਨਾ ਜਾਣ ਦਿੰਦਾ। ਭਗਤ ਕਬੀਰ ਜੀ ਦਾ ਬਚਨ ਆਉਂਦਾ ਹੈ 'ਗੁਰੂ ਗ੍ਰੰਥ ਸਾਹਿਬ ਜੀ' ਦੇ ਅੰਦਰ,

*"ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥*
*ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥ ੧੩॥" (ਪੰਨਾ ੧੩੬੫)*

ਮੈਂ ਕਿਸੇ ਨੂੰ ਨਹੀਂ ਕਹਿੰਦਾ ਕਿ ਕੇਸ ਰੱਖੋ, ਦਾੜ੍ਹੀਆਂ ਰੱਖੋ, ਖੰਡੇ ਬਾਟੇ ਦਾ ਅੰਮ੍ਰਿਤ ਛਕੋ, ਬਲਕਿ ਮੈਂ ਤਾਂ ਆਪਣੇ ਗੁਰੂ ਦੀ ਗੱਲ ਤੁਹਾਡੇ ਤੱਕ ਪਹੁੰਚਾਣਾ ਚਾਹੁੰਦਾ ਹਾਂ। ਗੁਰੂ ਇਹ ਗੱਲ ਕਹਿੰਦਾ ਹੈ ਕਿ ਜੇ ਤਾਂ ਤੁਸੀਂ ਗੁਰੂ ਗ੍ਰੰਥ ਸਾਹਿਬ ਨੂੰ ਖਿਡੌਣਾ ਸਮਝਿਆ ਹੈ ਤਾਂ ਆਪਣੀ

ਜ਼ਿੰਦਗੀ ਦੇ ਜਿੰਨੇ ਵੀ ਸਵਾਸ ਨੇ ਉਹ ਖ਼ਤਮ ਕਰੀ ਜਾਓ, ਕੋਈ ਗੱਲ ਨਹੀਂ। ਪਰ ਅਗਰ ਤੁਸੀਂ ਗੁਰੂ ਗ੍ਰੰਥ ਸਾਹਿਬ ਨੂੰ ਜਾਗਤ-ਜੋਤ ਸਮਝਦੇ ਹੋ ਤੇ ਜਿੰਨਾਂ ਚਿਰ ਤੁਸੀਂ ਇਨ੍ਹਾਂ ਦੇ ਬਚਨਾਂ 'ਤੇ ਅਮਲ ਨਹੀਂ ਕਰਦੇ, ਉਤਨਾ ਚਿਰ ਪਾਰ ਉਤਾਰਾ ਨਹੀਂ ਹੋ ਸਕਦਾ। ਜੇ ਤੂੰ ਕਹੇ ਕਿ ਮੈਂ ਗੁਰੂ ਦੀ ਖ਼ੁਸ਼ੀਆਂ ਦਾ ਪਾਤਰ ਬਣਨਾ ਹੈ ਤਾਂ ਬਗ਼ੈਰ ਖੰਡੇ-ਬਾਟੇ ਦਾ ਅੰਮ੍ਰਿਤ ਛਕਣ ਤੋਂ ਗੁਰੂ ਬਖ਼ਸਸ਼ ਦਾ ਪਾਤਰ ਨਹੀਂ ਬਣ ਸਕਦਾ।

*"ਪ੍ਰਥਮੇ ਰਹਿਤ ਇਹ ਜਾਨ, ਖੰਡੇ ਕੀ ਪਾਹੁਲ ਛਕਹਿ॥*
*ਸੋਈ ਸਿੰਘ ਪ੍ਰਧਾਨ, ਅਵਰ ਨਾ ਪਾਹੁਲ ਜੋ ਲਏ॥"*

ਗੁਰੂ ਜੀ ਕਹਿੰਦੇ ਸਭ ਤੋਂ ਪਹਿਲੀ ਰਹਿਤ ਇਹ ਹੈ ਕਿ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ। ਹੁਣ ਜਦੋਂ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਜੀ ਨੂੰ ਲਾਹੌਰ ਦੇ ਅੰਦਰ ਸੰਮਤ 1663 ਨੂੰ, ਇਸ ਹਕੂਮਤ ਨੇ ਆਪਣੇ ਨਸ਼ੇ ਵਿਚ ਡੋਬਣਾ ਚਾਹਿਆ ਤਾਂ ਗੁਰਦੇਵ ਨੂੰ ਇਹ ਬਚਨ ਕਹਿਣੇ ਪੈ ਗਏ:

*"ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥"* (ਪੰਨਾ ੧੨੮੮)

ਇਹੋ ਜਿਹੇ ਸ਼ਾਂਤੀ ਦੇ ਸਰੂਪ, ਜਿਨ੍ਹਾਂ ਨੇ ਕਦੇ ਵੀ ਆਪਣੀ ਰਸਨਾ ਤੋਂ ਫਿਕਾ ਬਚਨ ਨਹੀਂ ਬੋਲਿਆ। ਔਰ ਅਗਰ ਇਹੋ ਜਿਹੇ ਸਰੂਪ ਨੂੰ ਕੋਈ ਤੱਤੀਆਂ ਤਵੀਆਂ 'ਤੇ ਬੈਠਾ ਕੇ ਥਲਿਓਂ ਅੱਗ ਲਾ ਦੇਵੇ ਤੇ ਤੱਤੀ ਰੇਤ ਦੀਆਂ ਕੜਛੀਆਂ ਕੋਈ ਉਹਨਾਂ ਦੇ ਸਿਰ 'ਤੇ ਪਾ ਰਿਹਾ ਹੋਵੇ ਤੇ ਗੁਰੂ ਅਰਜਨ ਦੇਵ ਜੀ ਇੰਨਾਂ ਕੁਝ ਹੋਣ ਦੇ ਬਾਵਜੂਦ ਵੀ ਜੇ ਆਨੰਦ ਵਿਚ ਬੈਠੇ ਹੋਣ। ਜਿਸ ਤਰ੍ਹਾਂ "ਹਰਿਮੰਦਰ ਸਾਹਿਬ" ਦੇ ਅੰਦਰ ਆਸਣ ਲਾ ਕੇ ਬੈਠੇ ਹੋਣ ਤੇ ਜਦੋਂ ਸਾਂਈ ਮੀਆਂ ਮੀਰ ਨੇ ਦੇਖਣਾ ਕੀਤਾ, ਭਾਵੇਂ ਉਹ ਬ੍ਰਹਮ-ਗਿਆਨੀ ਸਨ ਪਰ ਉਹਨਾਂ ਦੀਆਂ ਅੱਖਾਂ ਚਕਰਾਂ ਗਈਆਂ। ਸ਼ਾਇਰ ਲਿਖਦਾ ਹੈ:

*"ਸਾਂਈਂ ਮੀਆਂ ਮੀਰ ਜੀ ਨੇ, ਜਦੋਂ ਰਾਮਦਾਸ ਦਾ ਨੌ-ਨਿਹਾਲ ਡਿੱਠਾ॥"*
*ਉੱਚੀ-ਉੱਚੀ ਉਸਨੇ ਹਾਲ-ਹਾਲ ਕੀਤਾ, ਹੋਇਆ ਹਾਲੋ-ਬਿਹਾਲ ਜਦੋਂ ਹਾਲ ਡਿੱਠਾ।*

*ਕਹਿੰਦੇ: ਹੋਸ਼ ਆਈ ਤਾਂ ਆਖਦਾ ਜਾ ਅੱਲਾ,*
*ਇਹ ਮੈਂ ਖੌਫ਼ ਡਿੱਠਾ ਜਾ ਮੈਂ ਖੁਆਬ ਡਿੱਠਾ।*
*ਜਿਮੀ ਗਰਕਦੀ ਮੈਨੂੰ ਦਿਸ ਰਹੀ ਹੈ*
*ਪੁਠਾ ਹੁੰਦਾ ਅਕਾਸ਼ ਤੇ ਪਤਾਲ ਡਿੱਠਾ।*
*ਅੱਗ ਖੇਡਦੀ ਇਸ਼ਕ ਦੇ ਨਾਲ ਡਿੱਠੀ*
*ਇਸ਼ਕ ਖੇਡਦਾ ਅੱਗ ਦੇ ਨਾਲ ਡਿੱਠਾ।*

*ਜਦੋਂ ਜਾਲਮ ਨਮਰੂਦ ਅੱਗ ਬਾਲੀ, ਕਲਾ ਉਦੋਂ ਵੀ ਇਕ ਵਰਤਾਈ ਗਈ ਸੀ।*
*ਸੇਜ ਫੁਲਾਂ ਦੀ ਭਖਦੇ ਅੰਗਿਆਰਿਆਂ ਦੀ ਥਾਂ ਇਬਰਾਹੀਮ ਦੇ ਲਈ ਬਣਾਈ ਗਈ ਸੀ।*
*ਕਿਤੇ ਭਗਤ ਪ੍ਰਹਿਲਾਦ ਨ ਡੋਲ ਜਾਵੇ, ਕੀੜੀ ਤੱਤੇ ਥੰਮ੍ਹਾਂ ਤੇ ਤੁਰਵਾਈ ਗਈ ਸੀ।*
*ਅੱਜ ਕਹਿਰ ਦੀ ਤਪਦੀ ਤਵੀ ਉਤੇ, ਨ ਕੋਈ ਕਲਾ ਨਾ ਕਮਾਲ ਡਿੱਠਾ।*
*ਅੱਗ ਖੇਡਦੀ ਇਸਕ ਦੇ ਨਾਲ ਡਿਠੀ, ਇਸ਼ਕ ਖੇਡਦਾ ਅੱਗ ਦੇ ਨਾਲ ਡਿੱਠਾ।*

ਭਾਵ ਕਿ ਗੁਰੂ ਅਰਜਨ ਦੇਵ ਜੀ ਨੂੰ ਵੇਖ ਕੇ ਇੰਝ ਲੱਗਦਾ ਸੀ ਜਿਵੇਂ ਕਿ ਕੋਈ ਖੋਆਬ ਦੇਖ ਰਿਹਾ ਹੈ ਪਰ ਗੁਰੂ ਜੀ ਇਸ ਤਰ੍ਹਾਂ ਬੈਠੇ ਸਨ ਜਿਵੇਂ ਉਹਨਾਂ ਨੂੰ ਪਤਾ ਹੀ ਨਹੀਂ ਕਿ ਉਹ ਤੱਤੀਆਂ-ਤਵੀਆਂ ਉਤੇ ਬੈਠੇ ਹੋਏ ਹਨ। ਇਹੋ ਜਿਹੇ ਮਹਾਨ ਸੂਰਮਿਆਂ ਦਾ ਇਤਿਹਾਸ ਕੇਵਲ ਤੇ ਕੇਵਲ ਸਿੱਖ ਧਰਮ ਵਿਚ ਹੀ ਹੋ ਸਕਦਾ ਹੈ। ਜੋ ਕਿ ਆਪਣੀ ਜਾਨ ਦੀ ਬਾਜ਼ੀ ਲਾ ਕੇ ਵੀ ਹੱਸਦੇ ਨਜ਼ਰ ਆਉਣਗੇ।

ਸੋ ਗੁਰਸਿੱਖੋ ! ਇਹੋ ਜਿਹੇ ਗੁਰੂ ਕਾ ਸਿੱਖ ਧਰਮ ਛੱਡ ਸਕਦਾ ਹੈ, ਕਿਸੇ ਵੀ ਕੀਮਤ 'ਤੇ ਕੇਸ ਕਤਲ ਕਰਵਾ ਸਕਦਾ ਹੈ ! ਕਿਸੇ ਵੀ ਕੀਮਤ ਤੇ ਤਿਆਗ ਪੱਤਰ ਗੁਰੂ ਨੂੰ ਬੇਦਾਵਾ ਦੇ ਸਕਦਾ ਹੈ, ਨਹੀਂ ਦੇ ਸਕਦਾ। ਕਿਉਂਕਿ ਸਿੱਖ ਨੂੰ ਪਤਾ ਹੈ ਕਿ ਸਾਡੇ ਗੁਰੂ ਨੇ ਇਹ ਸਾਰੀਆਂ ਕੁਰਬਾਨੀਆਂ ਸਾਡੇ ਵਾਸਤੇ ਸਾਡੇ ਸਿੱਖ ਧਰਮ ਵਾਸਤੇ ਕੀਤੀਆਂ ਹਨ।

ਲਾਜ਼ਣ, ਇਕ ਅਦੀਬ ਲਿਖਦਾ ਹੈ

*੧. ਮੇਰੀ ਸਦਾ ਕੋ ਦਿਬਾਨਾ ਤੋ ਮੁਮਕਿਨ ਹੈ, ਮਗਰ ਬਦਲਤੇ ਬਖਤ ਕੀ ਰਫਤਾਰ ਕੌਨ ਰੋਕੇਗਾ*
*੨. ਅਸ਼ੀਲੋ ਆਤਸ਼ੋ ਆਹਨ ਬਹੁਤ ਬਲੰਦ ਸਹੀ, ਮਗਰ ਹਯਾਤ ਕੀ ਲਲਕਾਰ ਕੌਨ ਰੋਕੇਗਾ*
*੩. ਮੇਰੇ ਬਿਚਾਰ ਕੀ ਖਮਾਜ਼ ਰੋਕਨੇ ਵਾਲੇ, ਹਰਿਗੋਬਿੰਦ ਕੀ ਤਲਵਾਰ ਕੌਣ ਰੋਕੇਗਾ*

❖❖❖

# ਗੁਰੂ ਹਰਿਗੋਬਿੰਦ ਸਾਹਿਬ ਨੂੰ ਭਾਰੀ ਗੁਰੂ ਕਿਉਂ ਕਿਹਾ ਗਿਆ ਹੈ?

*ਸੂਹੀ ਮਹਲਾ ੪ ਘਰੁ ੧ ੧ੴ ਸਤਿਗੁਰ ਪ੍ਰਸਾਦਿ॥*

*"ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ*
*ਤੂ ਸਾਹਿਬ ਗੁਣੀ ਨਿਧਾਨਾ॥*
*ਤੁਮਰੀ ਮਹਿਮਾ ਬਰਨਿ ਨ ਸਾਕਉ*
*ਤੂੰ ਠਾਕੁਰ ਊਚ ਭਗਵਾਨਾ॥ ੧ ॥*
*ਮੈ ਹਰਿ ਹਰਿ ਨਾਮੁ ਧਰ ਸੋਈ॥*
*ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ*
*ਮੈ ਤੁਝ ਬਿਨੁ ਅਵਰੁ ਨ ਕੋਈ॥ ੧॥ ਰਹਾਉ॥*

*(ਪੰਨਾ ੭੩੫)*

ਪਰਮ ਸਤਿਕਾਰ ਯੋਗ, ਸਤਿਗੁਰਾਂ ਦੀ ਸਾਜੀ ਅਤੇ ਨਿਵਾਜੀ, ਗੁਰੂ ਰੂਪ ਸਾਧ-ਸੰਗਤ, ਗੁਰੂ ਰੂਪ ਖਾਲਸਾ ਜੀ ! ਪੰਚਮ ਪਿਤਾ ਜੀ "ਧੰਨ ਗੁਰੂ ਅਰਜਨ ਦੇਵ" ਮਹਾਰਾਜ ਜੀ ਕ੍ਰਿਪਾ ਕਰਦੇ ਹਨ ਕਿ ਮੈਂ ਉਹਨਾਂ ਦੇ ਸਦਾ ਹੀ ਬਲਿਹਾਰ ਜਾਂਦਾ ਹਾਂ ਜਿਹੜੇ ਸਦਾ ਹੀ ਉਸ ਅਕਾਲ ਪੁਰਖ ਪਰਮੇਸ਼ਵਰ ਵਾਹਿਗੁਰੂ ਦੀ ਕਥਾ ਸਰਵਨ ਕਰਨ ਵਾਸਤੇ ਆਉਂਦੇ ਹਨ:-

*"ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ॥"*

ਭਾਵ ਜਿਹੜੇ ਹਮੇਸ਼ਾ ਵਾਹਿਗੁਰੂ ਦੀ ਕਥਾ ਸਰਵਨ ਕਰਦੇ ਹਨ।

*"ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ॥*
*ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ॥"* *(ਪੰਨਾ ੭੦੯)*

ਕਹਿੰਦੇ ਕਿ ਉਹ ਹਸਤ ਸ਼ੋਭਨੀਕ ਹਨ, ਜਿਹੜੇ ਉਸ ਕਰਤੇ ਅਕਾਲ-ਪੁਰਖ ਪਰਮੇਸ਼ਵਰ ਵਾਹਿਗੁਰੂ ਦੀ ਮਹਿਮਾ ਲਿਖਦੇ ਹਨ:-

*(੨)-----"ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ॥*

ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ॥"

ਇਸ ਤੋਂ ਭਾਵ ਹੈ ਕਿ ਉਹ ਚਰਣ ਪਵਿਤ੍ਰ ਹੋ ਜਾਂਦੇ ਹਨ ਜਿਹੜੇ ਆਪਣੇ ਪ੍ਰਭੂ, ਆਪਣੇ ਗੁਰਦੇਵ ਦੀਆਂ ਕਥਾ ਕਹਾਣੀਆਂ ਸਰਵਣ ਕਰਨ ਵਾਸਤੇ ਚਲਦੇ ਹਨ। "ਭਾਈ ਸਾਹਿਬ ਗੁਰਦਾਸ ਜੀ" ਨੇ ਇਕ-ਇਕ ਕਦਮ ਤੇ ਕਿੰਨੇ-ਕਿੰਨੇ ਅਸ਼ਵਮੇਦ ਜੱਗਾਂ ਦਾ ਫਲ ਸਤਿਸੰਗੀ ਨੂੰ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਵੱਲੋਂ ਮਿਲਣਾ ਗੁਰਮੁਖ ਪਿਆਰਿਓ ਦੱਸਿਆ ਹੈ।

ਭਾਈ ਕਰਤਾਰ ਸਿੰਘ ਜੀ ਕਹਿ ਰਹੇ ਹਨ ਕਿ ਪਹਿਲਾਂ ਵੀ ਦੀਵਾਨਾਂ ਵਿਚ ਦਾਸ ਨੇ ਇਹ ਬੇਨਤੀਆਂ ਕੀਤੀਆਂ ਸਨ ਕਿ ਸਾਨੂੰ ਅਜੇ ਇਨ੍ਹਾਂ ਘੜੀਆਂ ਦਾ ਗਿਆਨ ਨਹੀਂ ਹੋਇਆ ਕਿ ਇਹ ਇਹੋ ਜਿਹਾ ਸੰਕਲਪ ਹੈ, ਇਹੋ ਜਿਹਾ ਫੁਰਨਾ ਹੈ। ਜੇ ਆਪਾਂ ਇਸ ਫੁਰਨੇ ਦੇ ਧਾਰਨੀ ਹੋ ਜਾਈਏ, ਮਨ ਕਰਕੇ ਗੁਰੂ ਦੀਆਂ ਕਥਾ ਕਹਾਣੀਆਂ ਸਰਵਨ ਕਰਨ ਵਾਸਤੇ ਦੂਰੋਂ-ਨੇੜਿਓ ਕਦਮ ਪੁੱਟੀਏ। ਤਾਂ ਇਕ-ਇਕ ਕਦਮ 'ਤੇ ਅਸ਼ਵਮੇਦ ਜੱਗ ਦਾ ਫਲ ਪ੍ਰਾਪਤ ਹੁੰਦਾ ਹੈ। ਪਰ ਕਈ ਜਗਹ ਦੇਖਿਆ ਗਿਆ ਹੈ, ਜਿਸ ਤਰ੍ਹਾਂ ਕਿਸੇ ਨੇ ਸਫ਼ਰ ਕਰਨਾ ਹੋਵੇ ਤੇ ਉਹ ਬੱਸ ਜਾਂ ਰੇਲ ਗੱਡੀ ਦੇ ਨਜ਼ਦੀਕ ਪਹੁੰਚ ਜਾਵੇ ਪਰ ਮਾੜੇ ਭਾਗਾਂ ਦੀ ਨਿਸ਼ਾਨੀ, ਮਾੜੇ ਕਰਮਾਂ ਦੀ ਨਿਸ਼ਾਨੀ ਗੁਰਮੁਖ ਪਿਆਰਿਓ ਕਿ ਉਹ ਬੱਸ ਜਾਂ ਗੱਡੀ ਵਿੱਚ ਬੈਠ ਨਹੀਂ ਸਕਦੇ। ਇਸੇ ਤਰ੍ਹਾਂ ਧਾਰਮਿਕ ਅਸਥਾਨਾਂ ਤੇ ਦੇਖਿਆ ਗਿਆ ਹੈ, ਜ਼ਿਆਦਾ ਕਰਕੇ ਗੁਰਦੁਆਰਿਆਂ ਵਿਚ ਵੀ ਦੇਖਿਆ ਗਿਆ ਹੈ। ਘਰੋਂ ਤਾਂ ਗੁਰਦੁਆਰੇ ਆ ਜਾਣਗੇ, ਪਰ ਅੰਦਰ ਬੈਠਣ ਨੂੰ ਉਹਨਾਂ ਦਾ ਦਿਲ ਨਹੀਂ ਕਰਦਾ। ਉਹ ਸੋਚਦੇ ਹਨ ਕਿ ਇਹ ਸਮਾਂ ਬਾਹਰ ਤੁਰ-ਫਿਰ ਕੇ ਹੀ ਪਾਸ ਹੋ ਜਾਵੇ। ਪਰ ਉਹ ਲੋਕੀਂ ਆਪਣੇ ਮਨ ਨੂੰ ਇਹ ਗੱਲ ਸਮਝਾ ਦੇਣ, ਇਸ ਗੱਲ ਦਾ ਅਹਿਸਾਸ ਕਰ ਲੈਣ ਕਿ ਉਹ ਨਾਮ-ਬਾਣੀ ਦੇ ਜਹਾਜ਼ ਦੇ ਕੋਲ ਪਹੁੰਚ ਤਾਂ ਗਏ ਪਰ ਜਦੋਂ ਤੱਕ ਉਹਨਾਂ ਦਾ ਮਨ ਕਥਾ ਜਾਂ ਕੀਰਤਨ ਸੁਣਨ ਨੂੰ ਨਹੀਂ ਕਰਦਾ, ਉਨਾਂ ਚਿਰ ਤਕ ਉਹਨਾਂ ਦੀਆਂ ਘੜੀਆਂ ਸਫਲ ਨਹੀਂ ਹੋਣੀਆਂ। ਭਵ-ਸਾਗਰ ਤੋਂ ਉਹਨਾਂ ਦਾ ਬੇੜਾ ਪਾਰ ਨਹੀਂ ਹੋ ਸਕਦਾ। ਇਹ ਠੀਕ ਹੈ ਕਿ ਸੇਵਾ ਕਰਨੀ ਚਾਹੀਦੀ ਹੈ ਪਰ ਸੇਵਾ ਇਸ ਕਰਕੇ ਕੀਤੀ ਜਾਂਦੀ ਹੈ ਤਾਂ ਕਿ ਹਿਰਦਾ ਸ਼ੁਧ ਰਹੇ। ਔਰ ਨਿਮਰਤਾ ਦੇ ਅਸੀਂ ਧਾਰਣੀ ਹੋ ਜਾਈਏ ਤੇ ਨਾਮ ਜਪਣ ਦੀ ਅਵਸਥਾ ਵੀ ਸਾਡੀ ਬਣ ਜਾਵੇ। ਤਾਂ ਕਿ ਅਸੀਂ ਮਨ ਕਰਕੇ ਉਸ ਅਕਾਲ-ਪੁਰਖ ਦਾ ਸਿਮਰਨ ਕਰ ਸਕੀਏ।

ਇਥੇ ਪੰਗਤ ਅਤੇ ਸੰਗਤ ਨੂੰ ਗੁਰੂ ਘਰ ਵਿਚ ਮਹਾਨ ਦਰਸਾਇਆ ਗਿਆ ਹੈ। ਉਸ ਨੂੰ ਮਹਾਨ ਦਰਜਾ ਦਿੱਤਾ ਗਿਆ ਹੈ। ਪੰਗਤ ਦੇ ਵਿਚ ਸਰੀਰਕ ਭੋਜਨ ਦੀ ਖ਼ੁਰਾਕ ਮਿਲਦੀ ਹੈ ਔਰ ਸੰਗਤ ਦੇ ਵਿਚ ਭਜਨ ਬੰਦਗੀ ਰੂਹ ਦੀ ਖ਼ੁਰਾਕ ਮਿਲਦੀ ਹੈ। ਸੰਗਤ ਦੇ ਵਿਚ ਸਤਿਸੰਗਤ ਨਾਲ ਮਿਲ-ਜੁਲ ਕੇ ਸਿਮਰਨ ਤੇ ਉਸ ਅਕਾਲ ਪੁਰਖ ਦਾ ਨਾਮ ਜਪਿਆ ਜਾਂਦਾ ਹੈ। ਔਰ ਪੰਗਤ ਦੇ ਵਿਚ ਗੁਰਮੁਖ ਪਿਆਰਿਓ ਸੇਵਾ ਕਰਕੇ ਮਾਣ ਪ੍ਰਾਪਤ ਕਰੀ ਦਾ ਹੈ। ਔਰ ਇਹ ਮੱਤ ਸਮਝ ਲੈਣਾ ਕਿ "ਗੁਰੂ ਗ੍ਰੰਥ ਸਾਹਿਬ ਜੀ" ਦੇ ਚਰਨਾਂ 'ਤੇ ਪਹੁੰਚਣ ਤੋਂ

ਬਗ਼ੈਰ ਹੀ ਗੱਲ ਬਣ ਜਾਏਗੀ, ਇਹ ਸੌਖੀ ਗੱਲ ਨਹੀਂ। ਕਿਉਂਕਿ ਇਥੇ ਭਾਰੀ ਗੱਲ ਇਹ ਹੈ ਕਿ ਇਥੇ ਸੱਚ ਸੁਣਨਾ ਪਵੇਗਾ।

(੧)-------ਐ ਮਨਾ ! ਤੂੰ ਕਿਸ ਨੀਯਤ ਦੇ ਨਾਲ ਇਥੇ ਆਉਂਦਾ ਹੈ? ਐ ਮਨਾ, ਗੁਰੂ ਦਾ ਹੁਕਮ ਤੇਰੇ ਵਾਸਤੇ ਕੀ ਹੈ?

(੨)------ਐ ਮਨਾ ! ਤੂੰ ਜਿਸ ਇਕੱਠ ਦੇ ਵਿੱਚ ਬੈਠਾ ਹੈਂ, ਇਸ ਨੂੰ ਤਾਂ ਸੱਚ-ਖੰਡ ਦਾ ਦਰਜਾ ਪ੍ਰਾਪਤ ਹੈ। ਇਸ ਨੂੰ ਤਾਂ ਗੁਰੂ ਦੀ ਬਾਣੀ ਨੇ ਬੈਕੁੰਠ ਦਾ ਦਰਜਾ ਦਿੱਤਾ ਹੈ। ਇਸ ਨੂੰ ਤਾਂ ਅਕਾਲ ਪੁਰਖ ਪਰਮੇਸ਼ਵ੍ਰ ਵਾਹਿਗੁਰੂ ਨੇ ਇਹ ਬਚਨ ਕਹੇ ਹਨ;

*"ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ॥"* (ਪੰਨਾ ੭੪੭)

ਜਿਹੜਾ ਬਹੁਤ ਵੱਡਾ ਭਾਰੀ ਦੁੱਖ ਹੈ ਨਾ, ਇਥੇ ਬੈਠਣ ਦਾ ਭਾਈ ਕਰਤਾਰ ਸਿੰਘ ਜੀ ਦਾ ਆਪਣਾ ਕਹਿਣਾ ਹੈ ਕਿ ਸੱਚ ਸੁਣਨਾ ਬੜਾ ਮੁਸ਼ਕਿਲ ਹੈ। ਕਿਉਂਕਿ ਜੋ ਗੁਰੂ ਸਾਨੂੰ ਕਹਿ ਰਿਹਾ ਹੈ, ਉਹ ਅਸੀਂ ਕਰ ਨਹੀਂ ਰਹੇ ਹਾਂ ਔਰ ਇਸ ਕਰਕੇ ਇਹ ਤਕਲੀਫ਼ ਹੈ।

ਦਾਸ ਅਰਜ਼ ਕਰ ਰਿਹਾ ਹੈ ਕਿ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿ ਰਹੇ ਹਨ ਕਿ:-

*"ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ॥"*

ਇਹ ਮੱਤ ਸਮਝ ਲੈਣਾ ਕਿ ਗੁਰੂ ਘਰ ਦੇ ਸੇਵਾਦਾਰਾਂ ਨੂੰ ਕੋਈ ਲਾਲਚ ਹੋਵੇਗਾ, ਜਾਂ ਪ੍ਰਬੰਧਕ ਸੱਜਣਾਂ ਨੂੰ ਕੋਈ ਲਾਲਚ ਹੋਵੇਗਾ। ਜਾਂ ਸਾਡੇ ਵਰਗੇ ਬੁਲਾਰਿਆਂ ਨੂੰ ਕੋਈ ਲਾਲਚ ਹੋਵੇਗਾ। ਜਿਹੜੇ ਆਪ ਜੀ ਦੀਆਂ ਵਡਿਆਈਆਂ ਹੀ ਕਰੀ ਜਾਂਦੇ ਨੇ, ਗੁਰਮੁਖਿ ਪਿਆਰਿਓ, ਜਿਹੜੇ ਸੱਚੇ ਅਤੇ ਸੁੱਚੇ ਸਿੱਖ ਹਨ ਉਹਨਾਂ ਨੂੰ ਲਾਲਚ ਕੇਵਲ ਇਸ ਗੱਲ ਦਾ ਹੈ ਕਿ ਇਹ ਮਨੁੱਖ ਵੱਧ ਤੋਂ ਵੱਧ ਵਿਸ਼ੇ-ਵਿਕਾਰਾਂ ਦੇ ਵਿੱਚ ਜਿਹੜਾ ਲੁਭਾਇਮਾਨ ਹੋਇਆ ਹੈ, ਇਹ ਆਪਣੇ ਜੀਵਨ ਦੀ ਸੇਧ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਲੈ ਲਏ। ਵੱਧ ਤੋਂ ਵੱਧ ਇਹਨਾਂ ਮਨੁੱਖਾਂ ਨੂੰ ਆਪਣੇ ਆਪ ਦੀ ਪਹਿਚਾਣ ਹੋ ਜਾਵੇ। ਇਸ ਮਨੁੱਖ ਨੂੰ ਇਸ ਗੱਲ ਦਾ ਗਿਆਨ ਪ੍ਰਾਪਤ ਹੋ ਜਾਵੇ ਕਿ ਸੰਸਾਰ ਤੇ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਨੇ ਸਾਨੂੰ ਕਾਹਦੇ ਵਾਸਤੇ ਭੇਜਿਆ ਸੀ ਤੇ ਅਸੀਂ ਕੀ ਕਰ ਰਹੇ ਹਾਂ? ਤੇ ਜੋ ਮੈਨੂੰ ਇਹ ਘੜੀਆਂ ਪ੍ਰਾਪਤ ਹੋਈਆਂ ਇਹ ਅਕਾਲ-ਪੁਰਖ ਪਰਮੇਸ਼ਵਰ ਵਾਹਿਗੁਰੂ ਦੀ ਬਖ਼ਸ਼ਿਸ਼ ਦੀ ਨਿਸ਼ਾਨੀ ਹੈ। ਨਾ ਦਾਸ ਆਪ ਜੀ ਦੀ ਵਡਿਆਈ ਕਰ ਰਿਹਾ ਹੈ, ਨਾ ਗ੍ਰੰਥੀ ਸਾਹਿਬ, ਸੇਵਾਦਾਰ, ਨਾ ਪ੍ਰਬੰਧਕ ਸਜੱਣ ਕਰ ਰਹੇ ਹਨ। ਬਲਕਿ ਧੰਨ ਗੁਰੂ ਦੇਵ ਜੀ ਇਹ ਸਾਰੀਆਂ ਵਡਿਆਈਆਂ ਕਰ ਰਹੇ ਹਨ।

ਸਤਿਸੰਗੀ ਦੀ ਵਡਿਆਈ ਭਾਈ ਸਾਹਿਬ ਭਾਈ ਗੁਰਦਾਸ ਜੀ ਕਰ ਰਹੇ ਹਨ। ਦਸਮ ਗ੍ਰੰਥ ਦੇ ਅੰਦਰ 'ਸਾਹਿਬੇ ਕਮਾਲ' ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕਰ ਰਹੇ ਹਨ। ਸੋ ਦਾਸ ਅਰਜ਼ ਕਰ ਰਿਹਾ ਹੈ ਕਿ ਪੰਚਮ ਪਿਤਾ ਧੰਨ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਬਚਨ;

*"ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ॥"*

ਕਹਿੰਦੇ ਮੈਂ ਸਦਾ ਹੀ ਬਲਿਹਾਰੀ ਜਾਂਦਾ ਹਾਂ। ਕਿਨ੍ਹਾਂ ਦੇ? ਜਿਹੜੇ ਹਰੀ ਦੀ ਕਥਾ ਸੁਣਦੇ ਹਨ। ਜਿਹੜੇ ਆਪਣੇ ਕਰਤੇ ਦੀਆਂ ਵਡਿਆਈਆਂ ਸਰਵਨ ਕਰਦੇ ਹਨ।

*"ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ॥"*

ਹੋਰ ਵਡਿਆਈਆਂ ਕਰਦੇ ਕਹਿੰਦੇ ਹਨ ਕਿ ਉਹ ਪੂਰੇ ਹਨ ਸੰਸਾਰ ਵਿਚ। ਉਹ ਪ੍ਰਧਾਨ ਹਨ, ਜਿਹੜੇ ਮਨ ਕਰਕੇ ਗੁਰੂ ਦੇ ਚਰਨਾਂ ਵਿਚ ਨਮਸਕਾਰ ਕਰਦੇ ਹਨ।

*"ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥"* *(ਪੰਨਾ ੨੫੬)*

ਨੌ ਪ੍ਰਕਾਰ ਦੀ ਭਗਤੀ ਗੁਰੂ ਸਾਹਿਬਾਨ ਨੇ ਮੰਨੀ ਹੈ। ਇਹਨਾਂ ਵਿਚੋਂ "ਸਰਵਨ" ਭਗਤੀ ਸਭ ਤੋਂ ਪਹਿਲੇ ਨੰਬਰ ਦੀ ਭਗਤੀ ਹੈ। ਜਿਹੜੀ ਆਪ ਸਭ ਕਰਦੇ ਹੋ। ਤੇ ਜੇ ਗੁਰੂ ਸਾਹਿਬ ਜੀ ਆਪ ਜੀ ਦੀਆਂ ਵਡਿਆਈਆਂ ਕਰਦੇ ਨੇ ਤੇ ਗੁਰਮੁਖ ਪਿਆਰਿਓ, ਸਾਡੇ ਵਰਗੇ ਕੂਕਰਾਂ ਨੇ ਤਾਂ ਗੁਰੂ ਸਾਹਿਬਾਂ ਦੇ ਬਚਨ ਹੀ ਆਪ ਸਭ ਨੂੰ ਸੁਣਾਉਣੇ ਹਨ।

*"ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ॥*
*ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ॥"*

ਉਹ ਹੱਥ ਸ਼ੋਭਨੀਕ ਹਨ, ਚੰਗੇ ਲਗਦੇ ਹਨ ਇਸ ਸਰੀਰ ਦੇ ਨਾਲ ਲੱਗੇ ਹੋਏ, ਜਿਹੜੇ ਅਕਾਲ-ਪੁਰਖ ਦੀਆਂ ਵਡਿਆਈਆਂ ਲਿਖਦੇ ਹਨ। ਉਸ ਅਕਾਲ-ਪੁਰਖ ਵਾਹਿਗੁਰੂ ਦੀ ਯਾਦ ਵਿੱਚ ਇਹ ਪ੍ਰੇਮ ਗੀਤ ਲਿਖਦੇ ਹਨ।

*(੩)-------ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ॥*

ਉਹ ਚਰਨ ਪੂਜਣ ਯੋਗ ਹਨ, ਜਿਹੜੇ ਆਪਣੇ ਗੁਰੂ ਦੀ ਚਰਣ-ਸ਼ਰਣ ਵਿਚ ਆਉਂਦੇ ਹਨ।

ਔਰ ਧੰਨ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਇਹ ਵੀ ਕਿਹਾ ਹੈ ਕਿ ਜਿਹੜੇ ਸ਼ਰਾਬ ਤੇ ਕਬਾਬ ਇਸਤੇਮਾਲ ਕਰਨ ਵਾਸਤੇ ਜਾਂਦੇ ਹਨ, ਜਿਹੜੇ ਕੁਸੰਗਤ ਕਰਨ ਵਾਸਤੇ ਜਾਂਦੇ ਹਨ, ਉਹਨਾਂ ਵਾਸਤੇ ਇਹ ਤੁਕ ਨਹੀਂ।

*"ਸੰਤਾਂ ਸੰਗਿ ਉਧਾਰੁ ਸਗਲਾ ਦੁਖੁ ਲਥਾ॥"*

ਕਹਿੰਦੇ ਨੇ ਜਿਸ ਸਤਿਸੰਗਤ ਦੇ ਵਿਚ ਤੁਸੀਂ ਇਸ ਸਰੀਰ ਨੂੰ ਲਿਆ ਕੇ ਬੈਠਾਲਦੇ ਹੋ, ਇਸ ਮਨ ਨੂੰ ਵੀ ਬੈਠਾਲਦੇ ਹੋ, ਕਹਿੰਦੇ ਨੇ ਇਸ ਦੇ ਸਾਰੇ ਦੁੱਖ ਮਨ ਕਰਕੇ ਵੀ ਤੇ ਤਨ ਕਰਕੇ ਵੀ ਲੱਥ ਜਾਣਗੇ। ਤੇ ਗੁਰਮੁਖਿ ਪਿਆਰਿਓ, ਦੂਸਰੇ ਪਹਿਲੂ ਤੇ ਇਹ ਸੋਚਿਆ ਜਾਵੇ ਕਿ ਜਿਹੜੇ ਸਤਿਸੰਗਤ ਦੇ ਵਿਚ ਨਹੀਂ ਆਉਂਦੇ, ਜਿਹੜੇ ਇਨ੍ਹਾਂ ਹੱਥਾਂ ਦੇ ਨਾਲ ਧਰਮ ਦਾ ਕਾਰਜ ਜਾਂ ਪਰਮੇਸ਼ਰ ਦੀਆਂ ਵਡਿਆਈਆਂ ਨਹੀਂ ਕਰਦੇ ਔਰ ਜਿਹੜੇ ਇਨ੍ਹਾਂ ਕੰਨਾਂ ਦੇ ਰਾਹੀਂ ਅਕਾਲ ਪੁਰਖ ਪਰਮੇਸ਼ਰ ਦੀਆਂ ਵਡਿਆਈਆਂ ਸਰਵਨ ਨਹੀਂ ਕਰਦੇ ਤੇ ਇਨ੍ਹਾਂ ਅੱਖਾਂ ਦੇ ਨਾਲ ਉਸ ਵਾਹਿਗੁਰ ਦੇ ਦਰਸ਼ਨ ਨਹੀਂ ਕਰਦੇ, ਉਹ ਵੀ ਸਰਵਨ ਕਰ ਲਉ। ਕਿਉਂਕਿ ਸਾਨੂੰ ਇਹ ਸੋਚਣਾ ਪਵੇਗਾ ਕਿ ਅਸੀਂ ਗੁਰੂ ਘਰ ਕੀ ਕਰਨ ਵਾਸਤੇ ਆਉਂਦੇ ਹਾਂ? ਔਰ ਜੇ ਆਉਂਦੇ ਹਾਂ ਤੇ ਸਾਨੂੰ ਕੀ ਕੁਝ ਪ੍ਰਾਪਤ ਹੋਇਆ ਤੇ ਜਿਹੜੇ ਨਹੀਂ ਆਉਂਦੇ ਤੇ ਉਹਨਾਂ ਦਾ ਕੀ ਕੁਝ ਘਟ ਜਾਂਦਾ ਹੈ, ਇਹ ਅਸੀਂ ਭਾਈ ਗੁਰਦਾਸ ਜੀ ਦੀ ਰਚਨਾ ਤੋਂ ਜਾਣ ਲਵਾਂਗੇ। "ਭਾਈ ਗੁਰਦਾਸ ਜੀ ਕਹਿੰਦੇ ਹਨ,

*"ਧ੍ਰਿਗੁ ਸਿਰੁ ਜੋ ਗੁਰ ਨ ਨਿਵੈ, ਗੁਰ ਲਗੈ ਨ ਚਰਣੀ।*

ਇਸ ਤੋਂ ਭਾਵ ਹੈ ਕਿ ਜਿਹੜਾ ਸਿਰ ਅਕਾਲ-ਪੁਰਖ ਵਾਹਿਗੁਰੂ ਪਰਮੇਸ਼ਵਰ ਦੇ ਚਰਨਾਂ ਵਿਚ ਨਮਸ਼ਕਾਰ ਨਾ ਕਰੇ, ਜਿਹੜਾ ਸਿਰ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੇ ਚਰਨਾਂ ਵਿਚ ਸਿਜਦਾ ਨਾ ਕਰੇ ਤੇ;

*"ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ॥"*

ਕਹਿੰਦੇ ਨੇ ਜਿਥੇ ਉਸ ਸਿਰ ਨੂੰ ਧਿਰਕਾਰ ਹੈ ਤੇ ਫਿਰ ਉਥੇ ਉਨ੍ਹਾਂ ਅੱਖੀਆਂ ਨੂੰ ਵੀ ਧਿਰਕਾਰ ਹੈ। ਲੇਕਿਨ ਕਿਨ੍ਹਾਂ ਅੱਖੀਆਂ ਨੂੰ:-

*"ਅਖੀ ਵੇਖਿ ਨ ਰਜੀਆ, ਬਹੁ ਰੰਗ ਤਮਾਸੇ।*
*ਉਸਤਤਿ ਨਿੰਦਾ ਕੰਨਿ ਸੁਣਿ, ਰੋਵਣਿ ਤੈ ਹਾਸੇ।.....*
*ਨਕ ਨ ਰਜਾ ਵਾਸੁ ਲੈ, ਦੁਰਗੰਧ ਸੁਵਾਸੇ।"*
*ਰਜਿ ਨ ਕੋਈ ਜੀਵਿਆ, ਕੂੜੇ ਭਰਵਾਸੇ। (ਵਾਰ ੨੭/੯)*

ਕਹਿੰਦੇ ਨੇ;

*"ਧ੍ਰਿਗੁ ਲੋਇਣਿ ਗੁਰ ਦਰਸ ਵਿਣੁ,*

ਜਿਹੜੇ ਕਹਿੰਦੇ ਨੇ ਅਸੀਂ ਨਹੀਂ ਗੁਰੂ ਘਰ ਜਾਂਦੇ ਤੇ ਸਾਡਾ ਕੀ ਵਿਗੜ ਗਿਆ? ਤੇ ਇਸ ਦਾ ਭਾਈ ਸਾਹਿਬ ਭਾਈ ਗੁਰਦਾਸ ਜੀ ਜਵਾਬ ਦਿੰਦੇ ਹਨ ਉਹਨਾਂ ਦੀ ਸ਼ੰਕਾ ਦੂਰ ਕਰਦੇ ਹਨ। ਕਹਿੰਦੇ ਨੇ ਉਹਨਾਂ ਅੱਖੀਆਂ ਨੂੰ ਧਿਰਕਾਰ ਹੈ, ਜਿਹੜੀਆਂ ਅੱਖੀਆਂ ਆਪਣੇ ਖਸਮ ਪਰਮੇਸ਼ਵਰ ਗੁਰੂ ਦੇ ਦਰਸ਼ਨ ਕਰਨ ਨੂੰ ਨਹੀਂ ਲੋਚਦੀਆਂ। ਜਿਨ੍ਹਾਂ ਅੱਖੀਆਂ ਦੇ ਵਿਚ ਅਕਾਲ-ਪੁਰਖ ਪਰਮੇਸ਼ਰ ਪ੍ਰੀਤਮ ਦੇ ਦੀਦਾਰੇ ਨਹੀਂ------

(੧)--------"ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ।

ਤੇ ਦੁਨੀਆਂ ਦੇ ਰੰਗ ਤਮਾਸ਼ੇ ਦੇਖਣ ਵਾਸਤੇ ਗੁਰਮੁਖ ਪਿਆਰਿਓ ਉਹ ਚੌਵੀ ਘੰਟੇ ਅੱਠੇ ਪਹਿਰ ਲਲਚਾਉਂਦੀਆਂ ਨੇ।

(੨)-------"ਧ੍ਰਿਗੁ ਸਰਵਣਿ ਉਪਦੇਸ ਵਿਣੁ

ਸਰਵਣ ਤੋਂ ਭਾਵ ਹੈ 'ਕੰਨ', ਪੜ੍ਹਦੇ ਤਾਂ ਰੋਜ਼ ਹੋ ਆਪ ਜੀ ;

"ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥ (ਪੰਨਾ ੯੨੨)

ਇਸੇ ਕਰਕੇ ਤਾਂ ਅਸੀਂ ਸੁਣਦੇ ਨਹੀਂ। ਕਿਉਂਕਿ ਜੇ ਇਨ੍ਹਾਂ ਕੰਨਾਂ ਦੇ ਨਾਲ ਬਾਣੀ ਜਾਂ ਕੀਰਤਨ-ਕਥਾ ਸੁਣ ਲਈ, ਇਸ ਦੇ ਨਾਲ ਤਾਂ ਹਿਰਦਾ ਪਵਿੱਤਰ ਹੋ ਜਾਣਾ ਹੈ। ਔਰ ਮਨ ਨੂੰ ਸੰਤੋਖ ਆ ਜਾਣਾ ਹੈ। ਇਸ ਤੇ ਤਾਂ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੀ ਕਿਰਪਾ ਹੋ ਜਾਣੀ ਹੈ। ਪਰ ਯਾਦ ਰੱਖੋ ਕਿ ਜਿਨ੍ਹਾਂ ਕੰਨਾਂ ਦੇ ਰਾਹੀਂ ਇਹ ਮਨੁੱਖ ਅਕਾਲ-ਪੁਰਖ ਵਾਹਿਗੁਰੂ ਦੀਆਂ ਸਿਫ਼ਤਾਂ ਨਹੀਂ ਨਾ ਸੁਣਦਾ, ਇਨ੍ਹਾਂ ਅੱਖੀਆਂ ਦੇ ਨਾਲ ਇਹ ਪਰਮੇਸ਼ਰ ਦੇ ਦਰਸ਼ਨ ਦੀਦਾਰੇ ਨਹੀਂ ਕਰਦਾ।

"ਨੈਣ ਨ ਦੇਖਹਿ, ਸਾਧ ਸਿ ਨੈਣ ਬਿਹਾਲਿਆ॥
ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ॥
ਰਸਨਾ ਜਪੈ ਨ ਨਾਮੁ, ਤਿਲੁ ਤਿਲੁ ਕਰਿ ਕਟੀਐ॥
ਹਰਿਹਾਂ ਜਬ ਬਿਸਰੈ ਗੋਬਿਦ ਰਾਇ, ਦਿਨੋ ਦਿਨੁ ਘਟੀਐ॥" (ਪੰਨਾ ੧੩੬੨)

ਕਹਿੰਦੇ ਨੇ ਉਹ ਕੰਨ ਸਿੱਕਾ ਢਾਲ ਕੇ ਬੰਦ ਕਰ ਦੇਣੇ ਚਾਹੀਦੇ ਨੇ ਕਿ ਜਿਹੜੇ ਕੰਨ ਉਸ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੀਆਂ ਕਥਾ-ਕਹਾਣੀਆਂ ਤੇ ਵਡਿਆਈਆਂ, ਕਥਾ-ਕੀਰਤਨ ਤੇ ਬਾਣੀ ਸੁਣਨ ਵਾਸਤੇ ਰਾਜ਼ੀ ਨਹੀਂ।

(੩)--------"ਧ੍ਰਿਗੁ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।"

ਭਾਵ ਕਿ ਧਰਮ ਅਸਥਾਨੀਂ ਆ ਕੇ ਵੀ ਨਹੀਂ ਨਾ ਜਿਨ੍ਹਾਂ ਦੀ ਸੁਰਤ ਸੁਣਨ ਵਿਚ, ਉਹਨਾਂ ਕੰਨਾਂ ਨੂੰ ਵੀ ਧਿਰਕਾਰ ਹੈ। ਸਿਰ ਨੂੰ ਕਹਿ ਦਿੱਤਾ ਧਿਰਕਾਰ ਹੈ, ਇਨ੍ਹਾਂ ਅੱਖੀਆਂ ਨੂੰ ਕਹਿ ਦਿੱਤਾ ਧਿਰਕਾਰ ਹੈ ਦਰਸ਼ਨ ਤੋਂ ਬਿਨਾਂ। ਉਨ੍ਹਾਂ ਕੰਨਾਂ ਨੂੰ ਵੀ ਕਹਿ ਦਿੱਤਾ ਕਿ ਧਿਰਕਾਰ ਹੈ ਜਿਹੜੇ ਕੰਨ ਆਪਣੇ ਕਰਤੇ ਖਸਮ, ਪਰਮੇਸ਼ਰ, ਪਤੀ ਵਾਹਿਗੁਰੂ, ਹਰੀ ਨਰਾਇਣ ਦੀਆਂ ਵਡਿਆਈਆਂ ਨਹੀਂ ਸੁਣਦੇ।

(੪)--------"ਧ੍ਰਿਗੁ ਜਿਹਬਾ ਗੁਰ ਸਬਦ ਵਿਣੁ"

ਇਸ ਤੋਂ ਭਾਵ ਹੈ ਕਿ ਜੇ ਇਸ ਰਸਨਾ 'ਤੇ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦਾ ਸਿਮਰਨ ਨਹੀਂ ਤੇ ਇਹ ਫਿਰ ਨਿੰਦਾ, ਝੂਠ ਦੀ ਆਦੀ ਹੋ ਚੁੱਕੀ ਹੈ:-

*(੪) ------" ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।*

ਅਗਰ ਇਹ ਪਰਮੇਸ਼ਰ ਵਾਹਿਗੁਰੂ ਦਾ, ਗੁਰ-ਮੰਤਰ ਦਾ ਜਾਪ ਛੱਡ ਕੇ ਬਲਕਿ ਕਿਸੇ ਹੋਰ ਪਾਖੰਡੀ ਤੋਂ ਨਾਮ ਲੈ ਕੇ ਸਿਮਰਨ ਕਰਦਾ ਹੈ ਤਾਂ ਉਸ 'ਤੇ ਧਿਰਕਾਰ ਹੈ।

*"ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।"*

ਇਸ ਤੋਂ ਭਾਵ ਹੈ ਕਿ ਬਗ਼ੈਰ ਸੇਵਾ ਤੋਂ ਇਸ ਸਰੀਰ ਦੇ ਹੱਥਾਂ, ਪੈਰਾਂ ਨੂੰ ਵੀ ਧਿਰਕਾਰ ਹੈ। ਇਕ ਗੱਲ ਦੇਖੀ ਜਾਏ ਤਾਂ ਹੱਥ ਵੀ ਉਹੀ ਨੇ, ਪੈਰ ਵੀ ਉਹ ਹੀ ਨੇ। ਇਸ ਨੂੰ ਤਾਂ ਗੁਰੂ ਅਰਜਨ ਦੇਵ ਜੀ ਸਲਾਹੁੰਦੇ ਨੇ, ਲੇਕਿਨ ਇਨ੍ਹਾਂ ਹੱਥਾਂ-ਪੈਰਾਂ ਨੂੰ ਭਾਈ ਗੁਰਦਾਸ ਜੀ ਨੇ ਧਿਰਕਾਰਿਆ ਹੈ। ਇਹ ਹੁਣ ਗੁਰਮੁਖ ਪਿਆਰਿਓ ਆਪ ਜੀ ਨੇ ਹੀ ਫ਼ੈਸਲਾ ਕਰਨਾ ਹੈ ਕਿ ਤੁਸੀਂ ਧਿਰਕਾਰਾਂ ਲੈਣੀਆਂ ਹੈ ਜਾਂ ਗੁਰੂ ਅਰਜਨ ਦੇਵ ਜੀ ਦੀਆਂ ਵਡਿਆਈਆਂ ਲੈਣੀਆਂ ਜੇ।

*"ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।"*

ਕਹਿੰਦੇ ਨੇ ਸੁੱਖ ਤਾਂ ਗੁਰੂ ਦੀ ਸ਼ਰਣ ਵਿਚ ਆ ਕੇ ਹੀ ਪ੍ਰਾਪਤ ਹੋਣਾ ਹੈ:-

*"ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥*

*(ਪੰਨਾ ੩੩੬)*

ਐਰ ਗੁਰਮੁਖ ਪਿਆਰਿਓ! ਜਿਹੜਾ ਸੁੱਖ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੀ ਸੇਵਾ ਤੇ ਸਿਮਰਨ ਕਰਕੇ ਪ੍ਰਾਪਤ ਹੁੰਦਾ ਹੈ, ਉਹ ਰਾਜ-ਗੱਦੀਆਂ ਉਤੇ ਬੈਠ ਕੇ ਵੀ ਪ੍ਰਾਪਤ ਨਹੀਂ ਹੁੰਦਾ।

"ਭਾਈ ਕਰਤਾਰ ਸਿੰਘ ਜੀ" ਕਹਿੰਦੇ ਹਨ ਕਿ ਇਕ ਬਚਨ ਮੈਂ ਤੁਹਾਨੂੰ ਇਹ ਵੀ ਸੁਣਾਉਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਹਰ ਮਨੁੱਖ, ਹਰ ਇਨਸਾਨ ਆਪਣੀ ਜ਼ਿੰਦਗੀ ਦਾ ਫ਼ੈਸਲਾ ਚਾਹੁੰਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਮੇਰਾ ਕੀ ਹਾਲ ਹੋਵੇਗਾ? ਜਾਂ ਇੰਝ ਹੀ ਸਮਝ ਲਉ ਜਦੋਂ ਅਸੀਂ ਇਸ ਸੰਸਾਰ ਨੂੰ ਛੱਡ ਜਾਣਾ ਹੈ ਤਾਂ ਅੱਗੇ ਸਾਡੀ ਕੀ ਹਾਲਤ ਹੋਵੇਗੀ? ਅਤੇ ਇਸ ਦਾ ਫ਼ੈਸਲਾ ਗੁਰੂ "ਤੇਗ ਬਹਾਦਰ ਜੀ" ਭੋਗ ਦੇ ਪਹਿਲੇ ਹੀ ਸਲੋਕ ਵਿਚ ਦੇ ਰਹੇ ਨੇ। ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ:-

*"ਗੁਨ ਗੋਬਿੰਦ ਗਾਇਓ ਨਹੀ*
*ਜਨਮੁ ਅਕਾਰਥ ਕੀਨੁ॥*
*ਕਹੁ ਨਾਨਕ ਹਰਿ ਭਜੁ ਮਨਾ*
*ਜਿਹ ਬਿਧਿ ਜਲ ਕਉ ਮੀਨੁ॥ ੧॥*

*(ਪੰਨਾ ੧੪੨੬)*

ਹੁਣ ਗੁਰੂ ਤੇਗ ਬਹਾਦਰ ਮਹਾਰਾਜ ਦਾ ਫ਼ੈਸਲਾ ਹੈ ਕਿ:

*"ਗੁਨ ਗੋਬਿੰਦ ਗਾਇਓ ਨਹੀ*

ਭਾਵ ਕਿ ਇਥੇ ਗੋਬਿੰਦ ਦੇ ਅਰਥ ਹਨ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਅਰਥਾਤ ਜਿਸ ਮਨੁੱਖ ਨੇ ਉਸ ਪਰਮੇਸ਼ਰ ਦੇ ਗੁਣ ਨਹੀਂ ਗਾਏ, ਜਿਨ੍ਹਾਂ ਨੇ ਗੁਰਦੁਆਰਾ ਸਾਹਿਬ ਆਉਣਾ ਠੀਕ ਨਹੀਂ ਸਮਝਿਆ, ਸਤਿਸੰਗਤ ਕਰਨੀ ਠੀਕ ਨਹੀਂ ਸਮਝੀ, ਕੀਰਤਨ ਕਰਨਾ ਤੇ ਬਾਣੀ ਸੁਣਨੀ ਠੀਕ ਨਹੀਂ ਸਮਝੀ ਤੇ ਅਸਲ ਮਤਲਬ ਕਹਿਣਾ ਕੀ ਚਾਹੁੰਦੇ ਹਨ ਗੁਰੂ ਜੀ:

*ਜਨਮੁ ਅਕਾਰਥ ਕੀਨੁ॥"*

ਕਹਿਣਾ ਇਹ ਚਾਹੁੰਦੇ ਹਨ ਕਿ ਉਹਨਾਂ ਦਾ ਜਨਮ ਵਿਅਰਥ ਹੀ ਜਾ ਰਿਹਾ ਹੈ। ਉਹ ਸਮਝ ਲੈਣ ਕਿ ਅਸੀਂ ਸੰਸਾਰ 'ਤੇ ਜਿਹੇ ਆਏ, ਤਿਹੇ ਨਾ ਆਏ। ਕਿਉਂ? ਉਹ ਇਸ ਲਈ ਕਿ ਉਹ ਆਏ ਸੀ ਚੌਰਾਸੀ ਤੋਂ ਬਚਣ ਵਾਸਤੇ, ਲੇਕਿਨ ਚੌਰਾਸੀ ਦਾ ਚੱਕਰ ਉਸ ਤਰ੍ਹਾਂ ਹੀ ਹੈ। ਇਸ ਦਾ ਫਿਰ ਫ਼ਾਇਦਾ ਕੀ ਹੋਇਆ?

ਹੁਣ ਸਾਡੇ ਵਰਗਾ ਇਹ ਸੁਣ ਕੇ ਕਹੇਗਾ ਕਿ ਮੈਂ ਤਾਂ ਦੇਸ਼ਾਂ-ਵਿਦੇਸ਼ਾਂ ਵਿਚ ਆਪ ਜੀ ਦੇ ਗੁਣ ਸੁਣਾਏ ਤੇ ਗਾਏ ਵੀ। ਤੇ ਪਾਠੀ ਸਿੰਘ ਕਹੇਗਾ ਮੈਂ ਤਾਂ ਹਜ਼ਾਰਾਂ ਪਾਠ ਕਰ ਦਿੱਤੇ ਨਿਤਨੇਮੀ ਕਹੇਗਾ ਮੇਰੀ ਤੇ ਕੋਈ ਗਿਣਤੀ ਹੀ ਨਹੀਂ ਕਿ ਮੈਂ ਕਿੰਨਾਂ ਕੁ ਨਿਤਨੇਮ ਕਰ ਦਿੱਤਾ ਹੈ। ਇਸੇ ਤਰ੍ਹਾਂ ਸਤਿਸੰਗੀ ਪੁਰਸ਼ ਵੀ ਕਹੇਗਾ ਕਿ ਮੈਂ ਤਾਂ ਹਰ ਰੋਜ਼ ਬਗੈਰ ਨਾਗੇ ਤੋਂ ਗੁਰੂ ਘਰ ਜਾ ਕੇ ਸਤਿਸੰਗਤ ਕਰਦਾ ਹਾਂ! ਤੇ ਗੁਰੂ ਤੇਗ ਬਹਾਦਰ ਮਹਾਰਾਜ ਨੇ ਸਾਡੀਆਂ ਗੱਲਾਂ ਸੁਣ ਕੇ ਇਹ ਨਹੀਂ ਕਹਿ ਦੇਣਾ ਕਿ ਠੀਕ ਹੈ, ਬਲਕਿ ਗੁਰੂ ਜੀ ਤਾਂ ਕਹਿਣਗੇ:-

*"ਭਾਈ ਰੇ ਰਾਮੁ ਕਹਹੁ ਚਿਤੁ ਲਾਇ----*
*ਰਾਮੁ ਕਹਹੁ ਚਿਤੁ ਲਾਇ॥*
*ਹਰਿ ਜਸੁ ਵਖਰੁ ਲੈ ਚਲਹੁ*
*ਸਹੁ ਦੇਖੈ ਪਤੀਆਇ॥*

*(ਪੰਨਾ ੨੨)*

ਹੁਣ ਸਾਹਿਬਾਂ ਨੇ ਸਾਨੂੰ ਦਸ ਦਿੱਤਾ ਹੈ ਕਿ ਕਿਸ ਤਰ੍ਹਾਂ ਗੁਣ ਗਾਉਣੇ ਨੇ? ਗੁਰੂ ਜੀ ਕਹਿੰਦੇ ਹਨ ਜੇ ਮਨ ਕਰਕੇ ਤੁਸੀਂ ਸਿਮਰਨ, ਬੰਦਗੀ, ਕਥਾ, ਕੀਰਤਨ, ਗੁਰਮੰਤਰ ਦਾ ਅਭਿਆਸ ਨਹੀਂ ਕੀਤਾ ਤਾਂ ਵੀ ਤੁਹਾਡਾ ਜਨਮ ਅਕਾਰਥ ਹੈ। ਗੁਰਸਿੱਖ ਪੁੱਛਣ ਲੱਗੇ ਪਰ ਇਸਦਾ ਪਤਾ ਕਿਵੇਂ ਲੱਗੇਗਾ? ਤਾਂ 'ਗੁਰੂ ਤੇਗ ਬਹਾਦਰ ਜੀ' ਇਕ ਮਨੁੱਖ ਨੂੰ ਸਮਝਾਉਣ ਵਾਸਤੇ ਜਾਨਵਰ ਦੀ ਉਦਾਹਰਣ ਦੇਣੀ ਕੀਤੀ ਹੈ ਕਿ ਜਿਸ ਵਕਤ ਤੂੰ ਆਪਣਾ ਸਿਮਰਨ ਕੀਤਾ ਹੋਏਗਾ, ਜਾਂ ਬਾਣੀ ਪੜ੍ਹੀ ਹੋਵੇਗੀ, ਕਥਾ ਜਾਂ ਕੀਰਤਨ ਕੀਤਾ ਹੋਵੇਗਾ ਤਾਂ ਸਮਝ ਲਈਂ

ਇਹ ਅਕਾਲ-ਪੁਰਖ ਵਾਹਿਗੁਰੂ ਦੇ ਚਰਨਾਂ ਵਿਚ ਤੇਰੀ ਪੜ੍ਹੀ ਹੋਈ ਬਾਣੀ ਸਫਲ ਹੋ ਗਈ, ਲੇਕਿਨ ਉਦੋਂ ਜਦੋਂ;

*"ਕਹੁ ਨਾਨਕ ਹਰਿ ਭਜੁ ਮਨਾ*
*ਜਿਹ ਬਿਧਿ ਜਲ ਕਉ ਮੀਨੁ॥"*

ਭਾਵ ਕਿ ਜਿਸ ਤਰ੍ਹਾਂ ਮੱਛੀ ਪਾਣੀ ਵਾਸਤੇ ਤੜਪਦੀ ਹੈ ਅਰਥਾਤ ਮੱਛੀ ਦੀ ਪਾਣੀ ਤੋਂ ਬਗ਼ੈਰ ਕੋਈ ਜ਼ਿੰਦਗੀ ਨਹੀਂ ਤੇ ਉਹ ਆਪਣੇ ਆਪ ਦੀ ਮੌਤ ਕਬੂਲ ਲੈਂਦੀ ਹੈ। ਲੇਕਿਨ ਕੀ ਮਨੁੱਖ ਨੇ ਆਪਣੇ ਆਪ ਨੂੰ ਇਹ ਕਬੂਲ ਕਰਵਾਇਆ ਹੈ ਕਿ ਗੁਰੂ ਦਾ ਭਜਨ, ਬੰਦਗੀ ਕਰਨ ਤੋਂ ਬਿਨਾਂ ਮੈਂ ਕੁਝ ਨਹੀਂ। ਕੀ ਉਸ ਨੇ ਮੱਛੀ ਦੀ ਤਰ੍ਹਾਂ ਆਪਣੇ ਆਪ ਨੂੰ ਮੌਤ ਕਬੂਲ ਕਰਵਾਈ ਹੈ। ਭਾਵੇਂ ਗੁਰਦੇਵ ਜੀ ਦੇ ਬਚਨ ਅਸੀਂ ਰੋਜ਼ ਪੜ੍ਹਦੇ ਹਾਂ;

*"ਆਖਾ ਜੀਵਾ ਵਿਸਰੈ ਮਰਿ ਜਾਉ॥"* *(ਪੰਨਾ ੯)*

ਪਰ ਇਹ ਹੇਕਾਂ ਹੀ ਰਹਿ ਗਈਆਂ ਨੇ ਸਾਡੇ ਜੀਵਨ ਵਿਚ, ਲੇਕਿਨ ਕੁਝ ਨਹੀਂ ਪਤਾ ਲੱਗਾ ਕਿ ਅਸੀਂ ਕੀ ਹਾਂ? ਗੁਰੂ ਜੀ ਫ਼ੁਰਮਾਉਂਦੇ ਹਨ:-

*"ਕਹੁ ਨਾਨਕ ਹਰਿ ਭਜੁ ਮਨਾ*
*ਜਿਹ ਬਿਧਿ ਜਲ ਕਉ ਮੀਨੁ॥"*

ਗੁਰੂ ਜੀ ਕਹਿੰਦੇ ਨੇ ਜਦੋਂ ਮੱਛੀ ਵਾਂਗੂੰ ਤੇਰਾ ਮਨ ਤੜਪਣ ਲੱਗ ਪਿਆ ਬਾਣੀ ਵਾਸਤੇ, ਕਥਾ ਵਾਸਤੇ, ਕੀਰਤਨ ਵਾਸਤੇ, ਗੁਰਮੰਤਰ ਦੇ ਅਭਿਆਸ ਵਾਸਤੇ, ਨਿਤਨੇਮ ਵਾਸਤੇ, ਗੁਰੂ ਘਰ ਆਉਣ ਵਾਸਤੇ ਤਾਂ ਉਸ ਵਕਤ ਤੂੰ ਸਮਝ ਲਈਂ ਕਿ ਤੇਰਾ ਇਹ ਕੀਤਾ ਹੋਇਆ ਧਰਮ ਦਾ ਕੰਮ ਉਸ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੇ ਚਰਨਾਂ ਵਿਚ ਸਫਲ ਹੋ ਰਿਹਾ ਹੈ। ਇਸੇ ਤਰ੍ਹਾਂ ਗੁਰੂ ਅਰਜਨ ਦੇਵ ਮਹਾਰਾਜ ਵੀ ਫ਼ੁਰਮਾਣ ਕਰਦੇ ਹਨ:-

*"ਸਤਿਗੁਰ ਕੀ ਜਿਸ ਨੋ ਮਤਿ ਆਵੈ*
*ਸੋ ਸਤਿਗੁਰ ਮਾਹਿ ਸਮਾਨਾ॥*
*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ॥ ੧॥ ਰਹਾਉ॥*
*ਚਹੁ ਜੁਗਾ ਕਾ ਹੁਣਿ ਨਿਬੇੜਾ*
*ਨਰ ਮਨੁਖਾ ਨੋ ਏਕੁ ਨਿਧਾਨਾ॥*
*ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ*
*ਕਲਿ ਮਹਿ ਕੀਰਤਿ ਹਰਿ ਨਾਮਾ॥"* *(ਪੰਨਾ ੭੯੭)*

ਗੁਰੂ ਜੀ ਕਹਿੰਦੇ ਨੇ ਕਿ ਹਰ ਜੁੱਗ ਦੇ ਵਿਚ ਆਪਣਾ-ਆਪਣਾ ਧਰਮ ਹੈ। ਅਗਰ ਇਸ ਦੀ ਕੋਈ ਸ਼ੰਕਾ ਹੈ, ਤਸੱਲੀ ਨਹੀਂ ਹੁੰਦੀ ਤੇ ਫਿਰ ਜਿਹੜੇ ਇਤਿਹਾਸ਼ਕ ਗ੍ਰੰਥ ਹਨ, ਧਾਰਮਿਕ

ਗ੍ਰੰਥ ਹਨ, ਫਿਰ ਉਹਨਾਂ ਦਾ ਤੂੰ ਅਧਿਐਨ ਕਰ। ਤੈਨੂੰ ਆਪੇ ਪਤਾ ਚਲ ਜਾਏਗਾ ਕਿ ਕਲਯੁਗ ਦਾ ਧਰਮ ਕੀ ਹੈ? ਕਲਯੁਗ ਦਾ ਧਰਮ ਉਸ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੀ 'ਕੀਰਤੀ' ਹੈ। ਔਰ ਜਿਸ ਉਪਰ ਉਸ ਵਾਹਿਗੁਰੂ ਦੀ ਕਿਰਪਾ ਹੋਵੇ ਤਾਂ ਉਹ ਹੀ ਗੁਰੂ ਸਾਹਿਬਾਂ ਦੇ ਚਰਨ ਪਰਸ ਕਰ ਕੇ ਇਥੇ ਸਤਿਸੰਗੀ ਬਣ ਕੇ, ਆਪਣੇ ਮਨ ਦਾ ਭਾਂਡਾ ਸਿੱਧਾ ਕਰ ਕੇ ਰੱਬੀ ਵਿਚਾਰਾਂ ਗ੍ਰਹਿਣ ਕਰਦਾ ਹੈ। ਔਰ ਉਸ ਵਿਚਾਰਾਂ ਦੀ ਪਕੜ ਦੀ ਨਿਸ਼ਾਨੀ ਇਹ ਹੋ ਜਾਂਦੀ ਹੈ ਕਿ ਉਹ ਵਿਚਾਰਾਂ ਦੇ ਮੁਤਾਬਿਕ, ਵਿਚਾਰਾਂ ਦੇ ਹਿਸਾਬ ਨਾਲ ਉਹ ਆਪਣੀ ਜ਼ਿੰਦਗੀ ਨੂੰ ਢਾਲ ਲੈਂਦਾ ਹੈ। ਔਰ ਸਾਰੇ ਕੰਮਾਂ ਤੋਂ ਜ਼ਰੂਰੀ ਉਹ ਅਪਾਣੇ ਆਪ ਨੂੰ ਪ੍ਰਭੂ ਪਰਮੇਸ਼ਰ ਦੀ ਭਗਤੀ ਵਿਚ ਲੀਨ ਕਰ ਲੈਂਦਾ ਹੈ। ਸਾਰੇ ਕੰਮਾਂ ਤੋਂ ਜ਼ਰੂਰੀ ਉਹ ਸਤਿਸੰਗਤ ਨੂੰ ਸਮਝਦਾ ਹੈ।

ਸਭ ਤੋਂ ਪਹਿਲਾਂ ਉਹ ਧੰਨ ਸ੍ਰੀ "ਗੁਰੂ ਗ੍ਰੰਥ ਸਾਹਿਬ ਜੀ" ਮਹਾਰਾਜ ਦੇ ਦਰਸ਼ਨਾਂ ਨੂੰ ਲੋਚਦਾ ਹੈ, ਫਿਰ ਆਗਿਆ ਲੈ ਕੇ ਦਸਾਂ ਨੌਹਾਂ ਦੀ ਕਿਰਤ ਕਮਾਈ ਕਰਦਾ ਹੈ।

ਧੰਨ ਸ੍ਰੀ "ਗੁਰੂ ਹਰਗੋਬਿੰਦ ਸਾਹਿਬ ਜੀ" ਬਾਰੇ ਭਾਈ ਗੁਰਦਾਸ ਜੀ ਅਠ੍ਹਾਰਵੀਂ ਪਉੜੀ ਦੇ ਅੰਦਰ ਕ੍ਰਿਪਾ ਕਰਦੇ ਹਨ:-

*"ਪੰਜਿ ਪਿਆਲੇ ਪੰਜਿ ਪੀਰ, ਛਠਮੁ ਪੀਰੁ ਬੈਠਾ ਗੁਰੁ ਭਾਰੀ।*
*ਅਰਜਨੁ ਕਾਇਆ ਪਲਟਿ ਕੈ, ਮੂਰਤਿ ਹਰਿਗੋਬਿੰਦ ਸਵਾਰੀ।*
*ਚਲੀ ਪੀੜੀ ਸੋਢੀਆ, ਰੂਪੁ ਦਿਖਾਵਣਿ ਵਾਰੋ-ਵਾਰੀ।*
*ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।*
*ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾਂ ਤਕਿ ਦਰਸੁ ਨਿਹਾਰੀ।*
*ਅਗਮ ਅਗੋਚਰ ਸਤਿਗੁਰੂ, ਬੋਲੇ ਮੁਖ ਤੇ ਸੁਣਹੁ ਸੰਸਾਰੀ।*
*ਕਲਿਜੁਗੁ ਪੀੜੀ ਸੋਢੀਆਂ ਨਿਹਚਲ ਨੀਂਵ ਉਸਾਰਿ ਖਲਾਰੀ।*
*ਜੁਗਿ-ਜੁਗਿ ਸਤਿਗੁਰੁ ਧਰੇ ਅਵਤਾਰੀ॥ ੪੮॥*

*(ਵਾਰ ੧, ਭਾਈ ਗੁਰਦਾਸ ਜੀ)*

ਭਾਈ ਸਾਹਿਬ "ਭਾਈ ਗੁਰਦਾਸ ਜੀ" ਆਪਣੀ ਕੁੰਜੀ ਬਾਣੀ ਦੇ ਅੰਦਰ ਕ੍ਰਿਪਾ ਕਰਦੇ ਹਨ ਕਿ ਛੇਵੇਂ ਪਾਤਸ਼ਾਹ ਭਾਰੀ ਗੁਰੂ ਬਣ ਕੇ ਇਸ ਸੰਸਾਰ 'ਤੇ ਆਏ। ਲੇਕਿਨ ਇਸ ਗੱਲ ਦੀ ਸ਼ੰਕਾ, ਸ਼ੰਕਾ ਵਾਦੀਆਂ ਵਿਚ ਉਠ ਸਕਦੀ ਹੈ। ਕਿ ਦਸਾਂ ਪਾਤਸ਼ਾਹੀਆਂ ਦੇ ਵਿਚੋਂ "ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਹੀ ਭਾਰੀ ਗੁਰੂ ਕਿਉਂ ਕਿਹਾ ਗਿਆ ਹੈ?"

21 ਹਾੜ ਸੁਦੀ 3 ਬਿਕਰਮੀ 1652 ਤੇ ਸੰਨ ਗੁਰਮੁਖ ਪਿਆਰਿਓ 1596 ਔਰ ਸੰਮਤ ਨਾਨਕ-ਸ਼ਾਹੀ 126, ਪਿੰਡ ਵਡਾਲੀ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ ਤੋਂ ਮਾਤਾ ਗੰਗਾ ਦੀ ਕੁੱਖੋਂ ਤੇ ਪਿਤਾ "ਸ੍ਰੀ ਗੁਰੂ ਅਰਜਨ ਦੇਵ ਸਾਹਿਬ" ਦੇ ਗ੍ਰਿਹਿ ਵਿਖੇ ਛੇਵੇਂ ਪਾਤਸ਼ਾਹ "ਧੰਨ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ" ਜੀ ਨੇ ਅਵਤਾਰ ਧਾਰਨਾ ਕੀਤਾ। ਅਜੇ 11 ਕੁ ਸਾਲ ਦੀ ਉਮਰ ਹੈ ਜਦੋਂ ਸ਼ਾਂਤੀ ਦੇ ਪੁੰਜ, ਸਬਰ-ਸੰਤੋਖ ਦੇ ਸਾਗਰ ਗੁਰੂ ਹਰਿਗੋਬਿੰਦ ਸਾਹਿਬ ਨੇ ਕੋਈ ਫ਼ੈਸਲਾ ਲਿਆ। ਪੰਚਮ ਪਿਤਾ 'ਧੰਨ ਗੁਰੂ ਅਰਜਨ ਦੇਵ ਸਾਹਿਬ ਜੀ' ਨੂੰ ਜ਼ਾਲਮ ਸਰਕਾਰ ਨੇ ਤੇ ਦੁਸ਼ਟ ਚੰਦੂ ਨੇ ਲਾਹੌਰ ਦੇ ਅੰਦਰ ਤੱਤੀਆਂ-ਤਵੀਆਂ ਉਤੇ ਬੈਠਾ ਕੇ ਸ਼ਹੀਦ ਕਰ ਦਿੱਤਾ। ਉਹਨਾਂ ਤੋਂ ਉਪਰੰਤ "ਬਾਬਾ ਬੁੱਢਾ ਜੀ" ਨੇ ਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਸੱਚੇ ਪਾਤਸ਼ਾਹ ਜੀ ਵਲੋਂ ਹੁਕਮ ਦੇ ਮੁਤਾਬਕ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਤਾ ਗੱਦੀ ਦਾ ਤਿਲਕ ਲਾ ਦੇਣਾ ਕੀਤਾ। ਪਰ ਭਾਰੀ ਗੁਰੂ ਨੇ ਬਾਬਾ ਬੁੱਢਾ ਜੀ ਨੂੰ ਤੇ ਹੋਰ ਸੰਗਤ ਨੂੰ ਸੰਬੋਧਨ ਕਰ ਕੇ ਇਹ ਦਸਣਾ ਕਿ, ਐ ਗੁਰੂ ਨਾਨਕ ਨਾਮ ਲੇਵਾ ਸਿੱਖ ਜਗਤ! ਮੈਂ ਆਪ ਜੀ ਨੂੰ ਗਿਆਨ ਕਰਾ ਦੇਣਾ ਚਾਹੁੰਦਾ ਹਾਂ, ਬਲਕਿ ਮੈਂ ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਉਨਾਂ ਚਿਰ ਤੋਂ ਪਹਿਲਾਂ ਆਪਣੇ ਆਪ ਨੂੰ ਗੁਰੂ ਨਹੀਂ ਅਖਵਾਉਣਾ ਜਿੰਨਾਂ ਚਿਰ ਮੈਂ ਜ਼ਾਲਮ ਚੰਦੂ ਨੂੰ ਨੱਕ ਵਿਚ ਨਕੇਲ ਪਾ ਕੇ ਤੇ ਲਾਹੌਰ ਦੀਆਂ ਗਲੀਆਂ ਵਿਚ ਘੜੀਸ-ਘੜੀਸ ਕੇ ਮੌਤ ਦੇ ਘਾਟ ਉਤਾਰ ਨਹੀਂ ਦਿੰਦਾ ਤੇ ਆਪਣੇ ਸ਼ਾਂਤੀ ਸਰੂਪ ਧੰਨ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਪਾਵਨ ਅਤੇ ਪਵਿੱਤਰ ਸ਼ਹਾਦਤ ਦਾ ਬਦਲਾ ਨਹੀਂ ਲੈ ਲੈਂਦਾ ਉਨੀਂ ਦੇਰ ਤੱਕ ਮੈਂ ਚੈਨ ਨਾਲ ਨਹੀਂ ਬੈਠ ਪਾਵਾਂਗਾ। ਔਰ ਆਹ ਜਿਹੜੀ ਗੁਰਤਾ-ਗੱਦੀ ਦਾ ਤਿਲਕ ਲਾਉਣ ਵਾਸਤੇ ਮੇਰੇ ਸਾਹਮਣੇ ਮੰਜੀ 'ਤੇ ਸੇਲ੍ਹੀ ਤੇ ਇਹ ਟੋਪੀ ਰੱਖੀ ਹੈ। ਇਸ ਮੰਜੀ ਉਤੇ ਗੁਰੂ ਗ੍ਰੰਥ ਸਾਹਿਬ ਜੀ ਦਾ 'ਪ੍ਰਕਾਸ਼' ਕਰਨਾ ਕਰੋ। ਔਰ ਆਹ ਜਿਹੜੀ ਸੇਲ੍ਹੀ ਹੈ ਇਹ ਬੇਦੀਆਂ ਨੂੰ ਦੇਣੀ ਕਰੋ। ਔਰ ਆਹ ਜਿਹੜੀ ਟੋਪੀ ਹੈ ਇਹ ਸਾਧਾਂ ਨੂੰ ਦੇ ਦੇਣੀ ਕਰੋ। ਫਿਰ ਬਾਬਾ ਬੁੱਢਾ ਜੀ ਕਹਿਣ ਲੱਗੇ, "ਮਹਾਰਾਜ! ਫਿਰ ਆਪ ਨੂੰ ਕੀ ਭੇਟਾ ਕਰੀਏ? ਕੀ ਪਹਿਨਾਉਣਾ ਕਰੀਏ?" ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਕਹਿਣ ਲੱਗੇ ਮੇਰੇ ਵਾਸਤੇ ਵਧੀਆ ਸ਼ਸਤਰ ਲੈ ਕਰ ਕੇ ਆਉਣੇ ਕਰੋ। ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਨੇ ਦੋ ਤਲਵਾਰਾਂ ਪਹਿਨੀਆਂ। ਇਕ "ਮੀਰੀ" ਦੀ ਤੇ ਇਕ "ਪੀਰੀ" ਦੀ। ਭਾਰੀ ਗੁਰੂ ਦੀ ਨਿਸ਼ਾਨੀ ਸੀ ਕਿ ਗੁਰੂ ਹਰਿਗੋਬਿੰਦ ਮਹਾਰਾਜ ਜੀ ਤੋਂ ਪਹਿਲਾਂ ਜਿਹੜਾ ਕੋਈ ਅਕਾਲ ਪੁਰਖ ਪਰਮੇਸ਼ਰ ਦਾ ਸਿਮਰਨ ਕਰਦਾ ਸੀ, ਬੰਦਗੀ ਕਰਦਾ ਸੀ, ਭਗਤੀ ਕਰਦਾ ਸੀ ਤੇ ਅਗਰ ਕੋਈ ਦੁਸ਼ਟ ਹਕੂਮਤ ਦੇ ਨਸ਼ੇ ਵਿੱਚ, ਮਾਇਆ ਦੇ ਨਸ਼ੇ ਵਿਚ ਸਿਮਰਨ ਨਾ ਕਰਨ ਦੇਵੇ ਤਾਂ ਉਸ ਮਹਾਤਮਾ ਨੂੰ, ਉਸ ਰਿਖੀ ਮੁਨੀ ਨੂੰ, ਉਸ ਬ੍ਰਹਮ-ਗਿਆਨੀ ਭਗਤ ਨੂੰ ਕਿਸੇ ਸੂਰਮੇ ਦੀ ਸ਼ਰਨ ਲੈਣੀ ਪੈਂਦੀ ਸੀ। ਕਿਸੇ ਸੂਰਮੇ ਦਾ ਆਸਰਾ ਲੈਣਾ ਪੈਂਦਾ ਸੀ। ਔਰ ਜਦੋਂ ਕੋਈ ਸੂਰਮਾ ਧਰਮ ਦੀ ਖ਼ਾਤਿਰ, ਪਰਉਪਕਾਰ ਦੀ ਖ਼ਾਤਿਰ, ਗਰੀਬ ਦੀ ਖ਼ਾਤਿਰ ਢਾਲ ਬਣ ਕੇ ਲੜਦਾ ਸੀ ਤੇ ਜਦੋਂ ਉਹ ਇਸ ਚੀਜ਼ ਦੀ ਘਾਟ ਮਹਿਸੂਸ ਕਰਦਾ ਸੀ ਕਿ ਮੈਨੂੰ ਹੁਣ ਸ਼ਾਂਤੀ ਚਾਹੀਦੀ ਹੈ, ਮੈਂ ਹੁਣ ਬਿਲਕੁਲ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦਾ ਸਿਮਰਨ ਕਰਨਾ ਚਾਹੁੰਦਾ ਹਾਂ ਤੇ ਉਸ ਨੂੰ ਕਿਸੇ ਪੂਰਨ ਸਾਧੂ ਦੀ ਜਾਂ ਕਿਸੇ ਮਹਾਤਮਾ ਦੀ ਸ਼ਰਨ ਦੀ ਲੋੜ ਪੈਂਦੀ ਸੀ। ਲੇਕਿਨ "ਭਾਰੀ ਗੁਰੂ" ਹਰਿਗੋਬਿੰਦ ਪਾਤਸ਼ਾਹ ਮਹਾਰਾਜ ਜੀ ਨੇ ਇਹ ਵੱਡਾ ਭਾਰੀ ਕਾਰਜ ਕਰਨਾ ਕੀਤਾ ਕਿ ਇਕ ਮਨੁੱਖ ਨੂੰ ਹੀ "ਸੂਰਮਾ" ਤੇ ਭਗਤ "ਬ੍ਰਹਮ ਗਿਆਨੀ" ਬਣਾ

ਦਿੱਤਾ। ਇਕੋ ਮਨੁੱਖ ਨੂੰ ਸੰਤ ਅਤੇ ਸਿਪਾਹੀ ਬਣਾ ਦਿੱਤਾ ਤਾਂ ਕਿ ਜਦੋਂ ਤੂੰ ਸ਼ਬਦ-ਸੁਰਤ ਦਾ ਮੇਲ ਕਰਕੇ ਉਸ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦਾ ਸਿਮਰਨ ਕਰੇਂ ਔਰ ਅਗਰ ਤੈਨੂੰ ਸ਼ਾਂਤੀ ਦੇ ਨਾਲ ਕੋਈ ਸਿਮਰਨ-ਬੰਦਗੀ ਨਾ ਕਰਨ ਦੇਵੇ ਤਾਂ ਤੇਰੇ ਹੱਥ ਸ਼ਸਤਰਾਂ ਦੀਆਂ ਮੁੱਠਾਂ 'ਤੇ ਜਾਣੇ ਜ਼ਾਇਜ਼ ਹਨ। ਜਿਥੇ ਤੂੰ ਸੰਤ ਹੈਂ, ਉਥੇ ਤੈਨੂੰ ਸਿਪਾਹੀ ਵੀ ਹੋਣਾ ਜ਼ਰੂਰੀ ਹੈ। ਔਰ ਜਦੋਂ ਸਿਪਾਹੀ ਨੂੰ ਸ਼ਾਂਤੀ ਦੀ ਜ਼ਰੂਰਤ ਪੈਂਦੀ ਸੀ ਤੇ ਉਦੋਂ ਗੁਰਮੁਖ ਪਿਆਰਿਓ ਉਹ ਇਕਾਂਤ ਜਗਾਹ ਭਾਲ ਕਰਕੇ ਸ਼ਬਦ-ਸੁਰਤ ਦਾ ਮੇਲ ਕਰਕੇ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੀ ਬੰਦਗੀ ਵਿਚ ਲੀਨ ਹੋ ਜਾਂਦੇ ਸੀ। ਇਹ ਹੈ ਭਾਰੀ ਗੁਰੂ ਦੀ ਨਿਸ਼ਾਨੀ, ਜਿਨ੍ਹਾਂ ਦੇ ਪ੍ਰਤੀ ਭਾਈ ਸਾਹਿਬ ਭਾਈ "ਗੁਰਦਾਸ ਜੀ" ਨੇ ਇਹ ਬਚਨ ਕਹੇ:

*"ਪੰਜਿ ਪਿਆਲੇ ਪੰਜਿ ਪੀਰ,*
*ਛਠਮੁ ਪੀਰੁ ਬੈਠਾ ਗੁਰੁ ਭਾਰੀ।*
*ਅਰਜਨੁ ਕਾਇਆ ਪਲਟਿ ਕੈ,*
*ਮੂਰਤਿ ਹਰਿਗੋਬਿੰਦ ਸਵਾਰੀ।"*

ਤੇ ਗੁਰਮੁਖ ਪਿਆਰਿਓ ਸਮੇਂ ਨੂੰ ਵੇਖਦਿਆਂ ਹੋਇਆਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਮਤ 1666 ਦੇ ਵਿਚ "ਅਕਾਲ-ਤਖ਼ਤ" ਸਾਹਿਬ ਦੀ ਰਚਨਾ ਕੀਤੀ। ਸਿੱਖ ਸੰਗਤਾਂ ਨੂੰ ਇਹ ਸੁਨੇਹੇ ਪਹੁੰਚਾ ਦੇਣੇ ਕੀਤੇ ਕਿ ਜਿਥੇ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਘਰ ਸਿੱਖ ਸੰਗਤਾਂ ਵਧੀਆ ਤੋਂ ਵਧੀਆ ਕੱਪੜੇ, ਧਨ-ਦੌਲਤ ਪੈਸੇ ਲੈ ਕੇ ਆਉਂਦੇ ਸਨ, ਉਥੇ ਹੀ ਹੁਣ ਸਮੇਂ ਦੇ ਅੰਦਾਜ਼ ਨਾਲ ਜ਼ਰੂਰੀ ਹੋ ਗਿਆ ਹੈ ਕਿ ਵਧੀਆ ਤੋਂ ਵਧੀਆ ਸ਼ਸਤਰ ਤੇ ਵਧੀਆ ਤੋਂ ਵਧੀਆ ਨੌਜਵਾਨ ਜਿਹੜੇ ਆਪਾ ਕੁਰਬਾਨ ਕਰਨ ਵਾਸਤੇ ਅੱਠੇ ਪਹਿਰ ਚੌਵੀ-ਘੰਟੇ ਤਿਆਰ-ਬਰ-ਤਿਆਰ ਹੋਣ ਤੇ ਉਹ ਹੁਣ "ਗੁਰੂ ਨਾਨਕ ਦੇਵ ਮਹਾਰਾਜਾ" ਸਾਹਿਬ ਸੱਚੇ ਪਾਤਸ਼ਾਹ ਦੇ ਘਰ ਦੀ ਭੇਟਾ ਹੋਵੇਗੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਾਰ ਵੱਡੇ ਜੰਗ ਆਪਣੇ ਜੀਵਨ ਵਿਚ ਕੀਤੇ ਪਰ ਚੌਹਾਂ ਜੰਗਾਂ ਦੇ ਵਿਚ ਬੜੀ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਔਰ ਇਨ੍ਹਾਂ ਜੰਗਾਂ ਦੇ ਵਿਚ ਬਾਬਾ-ਬੁਢਾ ਜੀ ਦਾ ਉਹ ਬਚਨ ਵੀ ਪੂਰਾ ਕੀਤਾ ਕਿ ਐ ਮਾਤਾ ਜੀ! ਤੇਰੀ ਕੁੱਖ ਤੋਂ ਐਸਾ ਸੂਰਮਾ ਪੈਦਾ ਹੋਵੇਗਾ ਜਿਹੜਾ ਕਿ ਆਪਣੇ ਹੱਥਾਂ ਦੇ ਨਾਲ ਇਨ੍ਹਾਂ ਜ਼ਾਲਮਾਂ ਦੀਆਂ ਖੋਪੜੀਆਂ ਇਵੇਂ ਭੰਨੇਗਾ, ਜਿਸ ਤਰ੍ਹਾਂ ਮੈਂ ਇਸ ਹੱਥ ਨਾਲ ਗੰਢੇ ਨੂੰ ਭੰਨਣਾ ਕੀਤਾ ਹੈ। ਇਹ ਸਾਰੇ ਬਚਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਨ ਜੋ ਬਾਬਾ-ਬੁੱਢਾ ਜੀ ਦੀ ਜ਼ਬਾਨੋ ਵੀ ਕਹੇ ਗਏ ਸਨ। ਇਹ ਹਨ ਭਾਰੀ ਗੁਰੂ "ਹਰਿ ਗੋਬਿੰਦ ਸਾਹਿਬ ਜੀ" ਜਿਨ੍ਹਾਂ ਦੀ ਵਡਿਆਈ ਭਾਈ ਗੁਰਦਾਸ ਜੀ ਨੇ ਕੀਤੀ ਹੈ। ਇਹ ਉਹ ਸੰਤ-ਸੂਰਮੇ ਹਨ ਜਿਨ੍ਹਾਂ ਨੇ ਗੁਰਸਿੱਖਾਂ ਨੂੰ ਉਹਨਾਂ ਦੇ ਹੱਕ ਹਾਸਿਲ ਕਰਵਾਏ ਸਨ ਤੇ ਆਪਣੇ ਹੱਕ ਦੀ ਖ਼ਾਤਿਰ ਲੜਨਾ ਵੀ ਸਿਖਾਇਆ ਸੀ।

❖❖❖

# ਤ੍ਰਿਸ਼ਨਾ ਦੀ ਅੱਗ

"ਗੁਰੂ ਗ੍ਰੰਥ ਸਾਹਿਬ ਜੀ" ਇਕ ਐਸੀ ਬਾਣੀ ਹੈ ਜਿਸ ਵਿਚ ਆਦਿ ਤੋਂ ਅੰਤ ਤੱਕ ਕੇਵਲ ਨਾਮ ਦੀ ਚਰਚਾ ਹੈ। ਔਰ ਜੋ ਇਹ ਨਾਮ ਦੀਆਂ ਘੜੀਆਂ ਹਨ, ਸਤਿਸੰਗਤ ਦੀਆਂ ਘੜੀਆਂ ਹਨ, ਇਹ ਬਿਨਾਂ ਭਾਗਾਂ ਤੋਂ ਪ੍ਰਾਪਤ ਨਹੀਂ ਹੋ ਸਕਦੀਆਂ। ਭਾਵੇਂ ਦੁਨੀਆਂ ਦੇ ਉਤੇ 300 ਦੇ ਕਰੀਬ ਧਰਮ ਹਨ, ਹਰ ਧਰਮ ਨੂੰ ਤੇ ਹਰਿ ਦੇ ਵਿੱਚ ਸਤਿਸੰਗਤ ਕਰਨੀ ਇਸ ਮਨੁੱਖ ਲਈ ਜ਼ਰੂਰੀ ਦੱਸੀ ਹੈ। ਕਈਆਂ ਨੂੰ ਅਜੇ ਇਨ੍ਹਾਂ ਘੜੀਆਂ ਦੀ KNOWLLEDGE ਨਹੀਂ ਹੋਈ, ਕਈਆਂ ਨੂੰ ਅਜੇ ਇਨ੍ਹਾਂ ਘੜੀਆਂ ਤੇ ਖ਼ੁਸ਼ ਹੋ ਕੇ ਪਰਮੇਸ਼ਰ ਸਾਨੂੰ ਲੋਕ-ਪਰਲੋਕ ਦੇ ਕਿੰਨੇ ਕੁ ਸੁਖ ਸਾਡੀ ਝੋਲੀ ਵਿਚ ਪਾ ਦਿੰਦਾ ਹੈ। ਔਰ ਜਿਸ ਨੂੰ ਇਹ ਗਿਆਨ ਪ੍ਰਾਪਤ ਹੋ ਜਾਂਦਾ ਹੈ, ਜਿਸ ਨੂੰ ਇਸ ਗੱਲ ਦੀ ਸੋਝੀ ਆ ਜਾਂਦੀ ਹੈ ਕਿ:

*"ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ॥*
*ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨਹੂੰ ਲਹਿਆ॥ ੧॥*

*(ਪੰਨਾ ੨੧੫)*

ਜਦੋਂ ਇਸ ਗੱਲ ਦਾ ਗਿਆਨ ਹੋ ਜਾਵੇ ਨਾ ਕਿ ਬਗ਼ੈਰ ਹਰੀ ਦੇ ਭਜਨ ਤੋਂ ਗੁਰਮੁਖਿ ਪਿਆਰਿਓ ਪਾਰ-ਉਤਾਰਾ ਨਹੀਂ ਹੋ ਸਕਦਾ। ਔਰ ਹਰੀ ਦੇ ਭਜਨ ਕਰਨ ਲਈ ਜੁਗਤੀ, ਹਰੀ ਦੇ ਭਜਨ ਕਰਨ ਵਾਸਤੇ ਮਾਰਗ ਇਹ ਬਗ਼ੈਰ ਸਤਿਸੰਗਤ ਤੋਂ ਪ੍ਰਾਪਤ ਨਹੀਂ ਹੋ ਸਕਦਾ। ਤੇ ਜਿਥੇ ਦੂਜੇ ਧਰਮਾਂ ਨੇ ਇਸ ਸਤਿਸੰਗਤ ਨੂੰ ਪਵਿੱਤਰ ਮੰਨਿਆ, ਉਥੇ ਅਕਾਲ-ਪੁਰਖ ਵਾਹਿਗੁਰੂ ਨੇ ਵੀ ਇਹ ਕਹਿ ਦਿੱਤਾ ਕਿ ਅਗਰ ਉਸ ਪ੍ਰਭੂ ਦੇ ਦਰਸ਼ਨ ਕਰਨੇ ਹਨ ਤਾਂ ਪਰਮੇਸ਼ਰ ਦਾ ਘਰ ਸਤਿਸੰਗਤ ਹੈ। ਅਗਰ ਤੁਸੀਂ ਇਸ ਤਪਦੇ ਹਿਰਦੇ ਨੂੰ ਠਾਰਨਾ ਚਾਹੁੰਦੇ ਹੋ, ਇਸ ਤ੍ਰਿਸ਼ਨਾ ਦੀ ਅੱਗ ਨੂੰ ਬੁਝਾਉਣਾ ਚਾਹੁੰਦੇ ਹੋ ਤਾਂ ਸਤਿਸੰਗਤ ਦੇ ਵਿਚ ਜਾ ਕਰਕੇ, ਪਰਮੇਸ਼ਰ ਵਾਹਿਗੁਰੂ ਦੀਆਂ ਕਥਾ-ਕਹਾਣੀਆਂ ਸਰਵਣ ਕਰਕੇ ਇਸ "ਤ੍ਰਿਸ਼ਨਾ ਦੀ ਅੱਗ" ਨੂੰ ਬੁਝਾ ਸਕਦੇ ਹੋ। ਇਸੇ ਕਰਕੇ ਗੁਰਦੇਵ ਜੀ ਨੇ ਬਚਨ "ਧੰਨ ਗੁਰੂ ਗ੍ਰੰਥ ਸਾਹਿਬ ਜੀ" ਮਹਾਰਾਜ ਵਿਚ ਲਿਖਣੇ ਕੀਤੇ:

*"ਸਭ ਤੇ ਊਤਮ ਹਰਿ ਕੀ ਕਥਾ॥*
*ਨਾਮੁ ਸੁਨਤ ਦਰਦ ਦੁਖ ਲਥਾ॥"*

*(ਪੰਨਾ੨੬੫)*

ਇਸ ਤੋਂ ਭਾਵ ਹੈ ਕਿ ਸਭ ਤੋਂ ਉੱਤਮ ਇਸ ਕਥਾ ਨੂੰ ਦਰਜਾ ਪੰਚਮ ਪਿਤਾ 'ਧੰਨ ਗੁਰੂ ਅਰਜਨ ਦੇਵ' ਮਹਾਰਾਜ ਜੀ ਨੇ ਦੇ ਦੇਣਾ ਕੀਤਾ।

*"ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥*
*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥ ੮੬॥*

*(ਪੰਨਾ ੧੩੬੯)*

ਗੁਰਬਾਣੀ ਦਾ ਫ਼ੁਰਮਾਣ ਕਿ ਇਹ ਮਨ ਇਕ ਪੰਛੀ ਦੀ ਤਰ੍ਹਾਂ ਹੈ। ਜਿਸ ਤਰ੍ਹਾਂ ਪੰਛੀ ਅਲੱਗ-ਅਲੱਗ ਬਾਗ ਦਰਖ਼ਤਾਂ ਫ਼ਸਲਾਂ 'ਤੇ ਜਾ ਕਰਕੇ ਬੈਠਦਾ ਹੈ। ਔਰ ਜਿਸ ਤਰ੍ਹਾਂ ਦਾ ਉਹ ਫੱਲ ਖਾਂਦਾ ਹੈ ਉਸੇ ਤਰ੍ਹਾਂ ਦਾ ਉਸ ਦਾ ਮਨ ਬਣ ਜਾਂਦਾ ਹੈ। ਸੰਸਾਰ ਤੱਟ ਤੇ ਵੀ ਦੇਖਿਆ ਗਿਆ ਹੈ ਕਿ ਇਕ ਮਿੱਟੀ ਦਾ ਢੇਲਾ, ਔਰ ਅਗਰ ਉਸ ਨੇ ਆਪਣਾ ਜੀਵਨ ਆਰੰਭ ਕਰ ਦਿੱਤਾ ਹੈ, ਭਾਵੇਂ ਉਸ ਦਾ ਮੁੱਲ ਜ਼ੀਰੋ ਹੈ ਪਰ ਪਿਛਲੇ ਕਰਮਾਂ ਦੇ ਕਰਕੇ ਉਸ ਨੇ ਆਪਣਾ ਜੀਵਨ ਆਰੰਭ ਕਰ ਲਿਆ ਹੈ ਤਾਂ ਉਹ ਸੰਸਾਰ ਵਿਚ ਆਪਣੇ ਆਪ ਨੂੰ ਜ਼ਰੂਰ ਕੁਝ ਬਣਾ ਕੇ ਦਿਖਾਵੇਗਾ। ਕਹਿਣ ਤੋਂ ਭਾਵ ਇਹ ਹੈ ਕਿ ਇਸ ਮਨ ਨੂੰ ਤੁਸੀਂ ਜਿਸ ਤਰ੍ਹਾਂ ਦੀ ਸੰਗਤ ਕਰਾਉਗੇ ਉਸ ਤਰ੍ਹਾਂ ਦੀ ਹੀ ਰੰਗਤ ਸੁਭਾਵਿਕ ਤੌਰ ਤੇ ਉਸ ਮਨ ਤੇ ਹੋ ਜਾਣੀ ਹੈ। ਔਰ ਜਿਨ੍ਹਾਂ ਤੇ ਅਕਾਲ-ਪੁਰਖ ਵਾਹਿਗੁਰੂ ਜੀ ਦੀ ਰਹਿਮਤ ਹੈ:

*"ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ॥"*

*(ਪੰਨਾ ੩੩੯)*

ਕਿਸੇ ਦਇਆਵਾਨ ਨੂੰ ਇਹ ਕਹਿ ਦੇਵੋ ਕਿ ਬੁੱਧੀ ਸਿਧੀ ਹੈ ਤੇ ਉਸੇ ਬੁੱਧੀ ਨੂੰ ਅਗਰ ਅਸਿੱਧੀ ਕਹੀਏ ਤਾਂ ਜਿਸ ਦੇ ਮਨ ਵਿਚ ਮਾੜੇ ਸੰਕਲਪ ਫੁਰਦੇ ਹਨ ਤੇ ਉਸ ਨੂੰ ਕਹਿ ਦੇਵੋ ਕਿ ਤੇਰੀ ਬੁੱਧੀ ਪੁੱਠੀ ਹੈ ਤੇ ਜਿਹੜਾ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਦਾ ਹੈ, ਉਸ ਨੂੰ ਕਹਿ ਦੇਈਏ ਕਿ ਤੇਰੀ ਬੁੱਧੀ ਸਿੱਧੀ ਹੈ ਤੇ ਭਗਤ ਕਬੀਰ ਜੀ ਕਹਿੰਦੇ ਹਨ ਕਿ ਇਸ ਮਨੁੱਖ ਦੀ ਹਾਲਤ ਇਸ ਤਰ੍ਹਾਂ ਹੈ ਕਿ ਅਗਰ ਇਸ ਨੇ ਬੁੱਧ ਨੂੰ, ਇਸ ਸਿੱਧੀ ਨੂੰ ਪਵਿੱਤਰ ਕਰਕੇ ਪਰਮੇਸ਼ਰ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਕੀਤੀ ਤਾਂ ਇਹ ਅਸਿੱਧੀ ਬਣ ਜਾਈ। ਸ਼ਕਤੀ ਤਾਂ ਇਕੋ ਹੀ ਹੈ ਤੇ ਇਸ ਸ਼ਕਤੀ ਨੂੰ ਦੁਨਿਆਵੀ ਪਦਾਰਥਾਂ ਦੇ ਵਾਸਤੇ ਖ਼ਰਚ ਕਰ ਲਉ, ਭਾਵੇਂ ਇਸ ਸ਼ਕਤੀ ਨੂੰ ਪਰਮੇਸ਼ਰ ਵਾਹਿਗੁਰੂ ਦੀ ਪ੍ਰਾਪਤੀ ਵਾਸਤੇ ਖ਼ਰਚ ਕਰ ਲਉ। ਤਾਕਤ ਇਸ ਸਰੀਰ ਦੀ ਇੰਜਨ ਦੀ ਤਰ੍ਹਾਂ ਹੈ, ਭਾਵੇਂ ਇੰਜਨ ਅਗਾਂਹ ਨੂੰ ਜਾਂਦਾ ਹੈ ਤੇ ਭਾਵੇਂ ਇੰਜਨ ਪਿਛਾਂਹ ਨੂੰ ਜਾਂਦਾ ਹੈ, ਤਾਕਤ ਇਸ ਦੀ ਉੱਨੀ ਹੀ ਲੱਗਣੀ ਹੈ। ਇਸੇ ਤਰ੍ਹਾਂ ਇਸ ਬੁੱਧੀ ਦਾ ਕੰਮ ਹੈ। ਅਗਰ ਇਸ ਬੁੱਧੀ ਨੂੰ ਤੁਸੀਂ ਅਕਾਲ-ਪੁਰਖ ਵਾਹਿਗੁਰੂ ਦੀਆਂ ਕਥਾ-ਕਹਾਣੀਆਂ ਸਰਵਣ ਨਾ ਕਰਾਈਆਂ, ਇਸ ਨੂੰ ਸਤਿਸੰਗਤ ਵਿਚ ਲਿਆ ਕੇ ਨਾ ਬੈਠਾਇਆ, ਪਰ ਕਈ

ਕਹਿੰਦੇ ਸੁਣੇ ਗਏ ਕਿ ਅਸੀਂ ਬੜੇ ਸਿਆਣੇ ਹਾਂ, ਸਾਡਾ ਮਨ ਬੜਾ ਸ਼ੁੱਧ ਹੈ, ਅਸੀਂ ਬੜੇ ਤੇਜ਼ ਹਾਂ ਪਰ ਉਹਨਾਂ ਦੀ ਅਕਲ ਇੰਨੀ ਤੇਜ਼ ਹੋ ਜਾਂਦੀ ਹੈ ਕਿ ਉਹ ਤੇਜ਼ ਬੁੱਧੀ ਇਕ ਤਲਵਾਰ ਦੀ ਸ਼ਕਲ ਧਾਰ ਲੈਂਦੀ ਹੈ ਔਰ ਉਹ ਤੇਜ਼ ਤਲਵਾਰ ਆਪਣੇ ਅਤੇ ਬਿਗਾਨਿਆਂ ਨੂੰ ਕੱਟਦੀ ਹੀ ਚਲੀ ਜਾਂਦੀ ਹੈ। ਪਰ ਜੇਕਰ ਇਸ ਬੁੱਧੀ ਨੂੰ ਸਿੱਧੀ ਕਰਨ ਵਾਸਤੇ ਗੁਰਦੇਵ ਦੇ ਚਰਨਾਂ ਵਿਚ ਲਿਆਈਏ ਤੇ ਫਿਰ ਇਸ ਨੂੰ ਗਿਆਨ ਪ੍ਰਾਪਤ ਹੋ ਜਾਵੇਗਾ। ਇਹ ਗੁਰਮਤਿ ਦੀ ਬੁੱਧੀ ਆਪ ਜੀ ਨੇ ਦਿੱਤੀ, ਆਪ ਦੀ ਸਤਿਸੰਗਤ ਤੋਂ ਪ੍ਰਾਪਤ ਹੋਈ। ਮੈਂ ਤਾਂ ਸਤਿਸੰਗਤ ਤੋਂ ਪਹਿਲਾਂ ਜ਼ੀਰੋ ਸੀ। ਮੈਨੂੰ ਤਾਂ ਦੁਨੀਆਂ ਦਾ ਪਤਾ ਹੀ ਕੁਝ ਨਹੀਂ ਸੀ ਕਿ ਇਸ ਸੰਸਾਰ ਤੇ ਮਨੁੱਖ ਕੀ ਕਰਨ ਵਾਸਤੇ ਆਇਆ ਹੈ? ਔਰ ਇਹ ਜਿਹੜੀ ਉਲਟੀ ਬੁੱਧੀ ਹੈ, ਕੁਸਿੱਧੀ ਬੁੱਧੀ ਹੈ ਕਿ ਕਈ ਵਾਰੀ ਪਸ਼ੂਆਂ ਤੋਂ ਵੀ ਨੀਵੇਂ ਕੰਮ ਕਰ ਜਾਂਦੀ ਹੈ।

ਆਪ ਜੀ ਨੇ ਵੇਖਿਆ ਹੋਵੇਗਾ ਕਿ ਜਾਨਵਰਾਂ ਦੇ ਵਿੱਚ ਇਹੋ ਜਿਹੇ ਕੰਮ ਨਹੀਂ ਵੇਖੇ ਗਏ, ਜਾਨਵਰਾਂ ਵਿਚ ਇਹੋ ਜਿਹੇ ਭੈੜੇ ਅਣਗੁਣ ਨਹੀਂ ਵੇਖੇ ਗਏ, ਜਾਨਵਰਾਂ ਦੇ ਵਿੱਚ ਇੰਨੀ ਦੁਸ਼ਮਣੀ ਨਹੀਂ ਵੇਖੀ ਗਈ, ਜਿੰਨੀ ਕੁ ਇਨਸਾਨਾਂ ਵਿੱਚ ਦੇਖੀ ਗਈ ਹੈ। ਕਾਰਣ ਇਹੋ ਹੈ ਕਿ ਜਿਹੜਾ ਸਤਿਸੰਗਤ ਤੋਂ ਹੀਣ ਪੁਰਸ਼ ਹੈ, ਗੁਰੂ ਦੀ ਬਾਣੀ ਤੋਂ ਹੀਣ ਪੁਰਸ਼ ਹੈ, ਖੰਡੇ-ਬਾਟੇ ਦੇ ਅੰਮ੍ਰਿਤ ਤੋਂ ਹੀਣ ਪੁਰਸ਼ ਹੈ, ਸੇਵਾ ਅਤੇ ਸਿਮਰਨ ਤੋਂ ਹੀਣ ਪੁਰਸ਼ ਹੈ। ਉਹ ਇੰਨਾਂ ਨੀਵਾਂ ਚਲਾ ਜਾਂਦਾ ਹੈ ਕਿ ਪਸ਼ੂਆਂ ਤੋਂ ਵੀ ਰਹਿ ਜਾਂਦਾ ਹੈ।

*ਨਾਨਕ ਤੇ ਨਰ ਅਸਲਿ ਖਰ*
*ਜਿ ਬਿਨੁ ਗੁਣ ਗਰਬੁ ਕਰੰਤ॥ ੧੫॥*

ਇਹ ਸ਼ੰਕਾ ਨਹੀਂ ਕਰਨੀ ਕਿ ਮਨੁੱਖ ਕਿਸ ਤਰ੍ਹਾਂ ਪਸ਼ੂਆਂ ਤੋਂ ਨੀਵੇਂ ਕੰਮ ਕਰ ਲੈਂਦਾ ਹੈ? ਕਿਸ ਤਰ੍ਹਾਂ ਇਹ ਪਸ਼ੂਆਂ ਤੋਂ ਵੀ ਨਿਕਾਰ ਚਲਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹਨ ਕਿ ਉਹਨਾਂ ਨੂੰ ਖੋਤੇ ਨਾ ਕਹੋ ਜਿਹੜੇ ਇੱਟਾਂ ਢੋਂਦੇ ਹਨ, ਮਿੱਟੀ ਢੋਂਦੇ ਹਨ। ਤਾਂ ਸਿੱਖ ਪੁੱਛਣ ਲੱਗੇ ਕਿ ਸਤਿਗੁਰ ਜੀ, ਫਿਰ ਕਿਨ੍ਹਾਂ ਨੂੰ ਗਧੇ ਕਹੀਏ? ਤਾਂ ਸਤਿਗੁਰ ਜੀ ਕਹਿੰਦੇ ਅਸਲ ਗਧੇ, ਖੋਤੇ ਉਹ ਹਨ:

*ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥ ੧੫॥*

*(ਪੰਨਾ ੧੪੧੧)*

ਕਹਿੰਦੇ ਹਨ ਜਿਹੜੇ ਬਗੈਰ ਗੁਣਾਂ ਤੋਂ ਗਰਬ ਹੰਕਾਰ ਕਰਦੇ ਹਨ, ਜਿਹੜੇ ਕਿਸੇ ਦੀ ਚੀਜ਼ ਉਤੇ ਹੰਕਾਰ ਕਰਦੇ ਹਨ, ਜਿਸ ਤਰ੍ਹਾਂ ਪੈਸਾ ਕਿਸੇ ਦਾ ਤੇ ਹੰਕਾਰ ਇਸ ਮਨੁੱਖ ਨੂੰ। ਜ਼ਮੀਨ-ਜਾਇਦਾਦ ਦਾ ਮਾਲਿਕ ਕੋਈ ਤੇ ਹੰਕਾਰ ਗੁਆਂਢੀ ਕਰਦਾ ਫਿਰੇ। ਮੁਖ-ਮੰਤਰੀ ਕੋਈ ਪਿੰਡ ਦਾ ਬਣੇ ਤੇ ਹੰਕਾਰ ਕਰੇ ਕੋਈ ਕਿ ਮੈਂ ਮੁਖ-ਮੰਤਰੀ ਹਾਂ। ਔਰ ਜੋ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਨੇ ਤੁਹਾਨੂੰ ਦਿੱਤਾ। ਉਹ ਤੁਹਾਡਾ ਹੈ ਕਿ ਪਰਮੇਸ਼ਰ ਦਾ। ਸਰੀਰ

ਤੁਹਾਡਾ, ਜਾਂ ਧੀਆਂ-ਪੁੱਤਰ ਤੁਹਾਡੇ ਜਾਂ ਜ਼ਮੀਨ ਤੁਹਾਡੀ ਜਾਂ ਜਾਇਦਾਦ ਤੁਹਾਡੀ ਹੈ, ਇਸ ਵਿਚੋਂ ਕੁਝ ਵੀ ਤੁਹਾਡਾ ਨਹੀਂ? ਕਿਸੇ ਦੀ ਅਮਾਨਤ ਤੇ ਤੁਸੀਂ ਹੰਕਾਰ ਤੇ ਨਹੀਂ ਕਰ ਰਹੇ। ਵਸਤੂ ਕਿਸੇ ਦੀ ਤੇ ਹੰਕਾਰ ਇਸ ਜੀਵ ਦਾ।

ਗੁਰਦੇਵ ਕਹਿੰਦੇ ਹਨ ਹੰਕਾਰ ਤਾਂ ਉਹ ਕਰਦਾ ਹੈ ਜਿਹੜਾ ਅਗਿਆਨੀ ਹੈ। ਭਾਵ ਜਿਸਦੀ ਬੁੱਧੀ ਕੰਮ ਨਹੀਂ ਕਰਦੀ, ਜਿਸ ਦੀ ਸੋਚਣ-ਸ਼ਕਤੀ ਕੰਮ ਨਹੀਂ ਕਰਦੀ। ਔਰ ਜਿਸਨੇ ਕਦੀ ਗਿਆਨ ਪ੍ਰਾਪਤ ਕਰਨ ਦਾ ਨਿਸਚਾ ਹੀ ਨਹੀਂ ਕੀਤਾ ਕਿ ਮੈਂ ਜਾਣ ਸਕਾਂ ਕਿ ਸਰੀਰ ਕਿਸ ਦਾ, ਇਹ ਪਦਾਰਥ ਕਿਸ ਦੇ, ਇਹ ਸਰੀਰ ਕਿਸ ਦਾ। ਇਹ ਜਿਹੜੀ ਬੁੱਧੀ ਦਿੱਤੀ ਇਹ ਕਿਸ ਦੀ। ਔਰ ਇਹ ਜਿਹੜੇ ਪਰਉਪਕਾਰ ਮੈਂ ਕਰਦਾ ਹਾਂ, ਸੇਵਾ-ਸਿਮਰਨ ਪਾਠ-ਪੂਜਾ ਕਰਦਾ ਹਾਂ। ਇਹ ਕੌਣ ਕਰਵਾਉਂਦਾ ਹੈ? ਮੈਂ ਕਦੀ ਜਾਣਨ ਦੀ ਕੋਸ਼ਿਸ਼ ਕੀਤੀ। ਭਗਤ ਕਬੀਰ ਜੀ ਨੇ ਵੀ ਬਚਨ ਕੀਤਾ:

*"ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ॥"*

*(ਪੰਨਾ ੩੩੯)*

ਕਿ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਨੇ ਮੇਰੇ ਤੇ ਕ੍ਰਿਪਾ ਕੀਤੀ। ਜਿਹੜੀ ਮੇਰੀ ਉਲਟੀ ਬੁੱਧੀ ਸੀ ਉਹ ਪਰਮੇਸ਼ਰ ਨੇ ਲੈ ਲਈ ਤੇ ਆਪਣੇ ਕੋਲੋਂ ਸੁੱਧ ਬੁੱਧੀ ਦੇ ਦਿੱਤੀ। ਜਦੋਂ ਸ਼ੁੱਧ ਚੀਜ਼ਾਂ ਪਰਮੇਸ਼ਰ ਨੇ ਸਾਡੇ ਪੱਲੇ ਪਾ ਦਿੱਤੀਆਂ ਤੇ ਗੁਰਮੁਖਿ ਪਿਆਰਿਓ ਇਨ੍ਹਾਂ ਸ਼ੁੱਧ ਚੀਜ਼ਾਂ ਨਾਲ ਅਸੀਂ ਸ਼ੁੱਧ ਹੀ ਬਚਨ ਕਰਾਂਗੇ। ਹੁਣ ਨਿਰੰਕਾਰੀ ਜੋਤ "ਧੰਨ ਗੁਰੂ ਨਾਨਕ ਦੇਵ" ਮਹਾਰਾਜ ਜੀ ਦੇ ਬਚਨ ਅਸੀਂ ਰੋਜ਼ ਪੜ੍ਹਦੇ ਹਾਂ। ਇਨ੍ਹਾਂ ਬਚਨਾਂ ਨੂੰ ਪੜ੍ਹੋ, ਸਮਝੋ! ਹੁਣ ਹਰ ਮਨੁੱਖ ਕਹਿੰਦਾ ਹੈ ਮੈਂ ਪਵਿੱਤਰ ਹਾਂ, ਮੇਰੇ ਵਿਚ ਕੋਈ ਔਗੁਣ ਨਹੀਂ। ਭਾਵੇਂ ਮੈਨੂੰ ਚਾਰ ਬੰਦਿਆਂ ਵਿਚ ਬੈਠਾ ਲਵੋ ਤੇ ਮੇਰੀ ਕੋਈ ਗ਼ਲਤੀ ਦੱਸੋ। ਔਰ "ਧੰਨ ਗੁਰੂ ਨਾਨਕ ਦੇਵ ਮਹਾਰਾਜ ਜੀ" ਕ੍ਰਿਪਾ ਕਰਕੇ ਸਾਨੂੰ ਦੱਸ ਰਹੇ ਹਨ:

*ਭਰੀਐ ਮਤਿ ਪਾਪਾ ਕੈ ਸੰਗਿ॥"*
*ਓਹੁ ਧੋਪੈ ਨਾਵੈ ਕੈ ਰੰਗਿ॥* *(ਜਪੁਜੀ ਸਾਹਿਬ)*

ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਬਚਨ ਅਸੀਂ ਰੋਜ਼ ਸੁਣਦੇ ਹਾਂ। ਗੁਰੂ ਜੀ ਕਹਿੰਦੇ ਹਨ ਮੱਤ ਤੇਰੀ ਪਾਪਾਂ ਨਾਲ ਭਰੀ ਹੋਈ ਹੈ:

*"ਭਰੀਐ ਮਤਿ ਪਾਪਾ ਕੈ ਸੰਗਿ॥"*

ਤਾਂ ਸਿੱਖ ਕਹਿੰਦਾ ਜੇ ਪਾਪਾਂ ਨਾਲ ਭਰੀ ਹੋਈ ਹੈ ਤਾਂ ਇਸ ਨੂੰ ਸਾਫ਼ ਕਰੋ, ਇਸ ਨੂੰ ਸ਼ੁੱਧ ਕਰੋ। ਤਾਂ ਗੁਰੂ ਜੀ ਕਹਿੰਦੇ ਹਨ:

*"ਓਹੁ ਧੋਪੈ ਨਾਵੈ ਕੈ ਰੰਗਿ॥"*

ਕਦੀ ਕੀਤੀ ਕੋਸ਼ਿਸ਼ ਤੁਸੀਂ! ਨਾਮ ਨੇ ਤਾਂ ਮੱਤ ਸਾਫ਼ ਕਰਨੀ ਸੀ, ਨਾਮ ਨੇ ਤਾਂ ਵਿਚਾਰ

ਸ਼ੁੱਧ ਕਰਨੇ ਸੀ। ਨਾਮ ਨੇ ਤਾਂ ਸੋਚਣੀ ਸ਼ੁੱਧ ਕਰਨੀ ਸੀ, ਨਾਮ ਨੇ ਤਾਂ ਚੱਲਣਾ ਸ਼ੁੱਧ ਕਰਨਾ ਸੀ, ਪਰ ਸ਼ੁੱਧ ਤਾਂ ਕੁਝ ਵੀ ਨਹੀਂ ਹੋਇਆ। ਜਿਸ ਤਰ੍ਹਾਂ ਸਾਬਣ ਜਾਂ ਸਰਫ਼ ਕਪੜੇ ਨਾ ਨਿਖਾਰੇ ਤੇ ਅਸੀਂ ਚੁੱਕ ਕੇ ਦੁਕਾਨ ਤੇ ਸੁੱਟ ਆਉਂਦੇ ਹਨ, ਕਿਉਂਕਿ ਇਹ ਮੈਲ ਨਹੀਂ ਉਤਾਰਦਾ। ਔਰ ਜਿਹੜਾ ਅਕਾਲ-ਪੁਰਖ ਵਾਹਿਗੁਰੂ ਦਾ ਨਾਮ ਹੈ ਇਸ ਵਿਚ ਤਾਂ ਕਿਸੇ ਪ੍ਰਕਾਰ ਦੀ ਮਿਲਾਵਟ ਨਹੀਂ ਹੈ, ਇਹ ਤਾਂ ਸਾਫ਼ ਹੈ। ਔਰ ਅਗਰ ਇਸ ਨਾਮ ਦੀ ਵਰਤੋਂ ਕਰਨ ਨਾਲ ਉਹ ਸਾਫ਼ ਨਹੀਂ ਹੋ ਰਿਹਾ ਤਾਂ ਤੁਹਾਡੇ ਵਰਤੋਂ ਕਰਨ ਦਾ ਢੰਗ ਠੀਕ ਨਹੀਂ ਹੈ। ਹੁਣ ਸਾਬਣ, ਸਰਫ਼ ਲਿਆ ਕੇ ਤੁਸੀਂ ਕਪੜੇ ਸਾਫ਼ ਨਾ ਕਰੋ ਤੇ ਉਹ ਕਪੜੇ ਦੁੱਧ ਵਰਗੇ ਹੋ ਜਾਣਗੇ। ਉਹ ਕਪੜੇ ਪਾਉਣ ਦੇ ਲਾਇਕ ਹੋਣਗੇ। ਇਸੇ ਤਰ੍ਹਾਂ ਸਾਡੀ ਬੁੱਧੀ ਦੀ ਹਾਲਤ ਹੈ, ਕਿਉਂਕਿ ਅਸੀਂ ਆਪਣੀ ਬੁੱਧੀ ਨੂੰ 'ਨਾਮ' ਦੇ ਨਾਲ TOUCH ਹੀ ਨਹੀਂ ਕਰਦੇ। ਕਿਉਂ? ਜਿਥੇ ਮਿਲਾਪ ਹੋਣਾ ਹੈ ਬੁੱਧੀ ਦਾ ਉਥੇ ਅਸੀਂ ਕਦੀ ਮਨ ਕਰਕੇ ਬੈਠੇ ਹਾਂ। ਔਰ ਅਗਰ ਮਨ ਕਰਕੇ ਬੈਠੋਗੇ ਤਾਂ ਤੁਹਾਨੂੰ ਫਿਰ ਸਮੇਂ ਦਾ ਵੀ ਅੰਦਾਜ਼ਾ ਨਹੀਂ ਹੋਵੇਗਾ, ਔਰ ਨਾ ਹੀ ਕਾਰੋਬਾਰ ਵੱਲ ਧਿਆਨ ਤੁਹਾਡਾ ਰਹੇਗਾ। ਜੇ ਇਸ ਤਰ੍ਹਾਂ ਨਾਲ ਕਰੋਗੇ ਤੇ ਤੁਹਾਡਾ ਮਨ ਵੀ ਸ਼ੁੱਧ ਹੋ ਜਾਵੇਗਾ ਔਰ ਜੇ ਇਸ ਤਰ੍ਹਾਂ ਨਾਲ ਨਹੀਂ ਕਰੋਗੇ ਤਾਂ ਤੁਸੀਂ ਉਥੇ ਦੇ ਉਥੇ ਹੀ ਰਹੋਗੇ। ਭਾਵੇਂ ਉਹ ਗੰਗਾ ਤੇ ਪੱਕੇ ਤੌਰ ਤੇ ਆ ਕੇ ਬੈਠ ਜਾਵੇ, ਭਾਵੇਂ ਉਹ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਵੀਹ-ਬਾਈ ਸਾਲ ਬੈਠਾ ਰਹੇ। ਭਾਵੇਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਕੋਲ ਬੈਠਾ ਰਹੇ। ਗੱਲ ਤਾਂ ਉਦੋਂ ਬਣਨੀ ਹੈ ਜਦੋਂ ਮਿਲਾਪ ਹੋ ਗਿਆ। ਮਿਲਾਪ ਤੋਂ ਬਗ਼ੈਰ ਸ਼ੁੱਧ ਕਿਵੇਂ ਹੋਵੇ? ਗੁਰੂ ਜੀ ਦਾ ਬਚਨ ਹੈ ਕਿ ਪਹਿਲਾਂ ਭਾਂਡੇ ਨੂੰ ਧੋਵੋ, ਫਿਰ ਦੁੱਧ ਲੈਣ ਵਾਸਤੇ ਜਾਉ। ਔਰ ਅਗਰ ਭਾਂਡਾ ਹੀ ਸਾਫ਼ ਨਹੀਂ, ਫਿਰ ਉਸ ਵਿਚ ਵਸਤੂ ਟਿਕੇਗੀ ਕਿਵੇਂ?

*"ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥*
*ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ॥੧॥*

ਮਹਾਰਾਜ ਕਹਿੰਦੇ:

*"ਜਪਹੁ ਤ ਏਕੋ ਨਾਮਾ॥"*

ਤਾਂ ਸਿੱਖ ਕਹਿੰਦੇ ਸਤਿਗੁਰੂ ਜੀ, ਨਾਮ ਵੀ ਜਪਦੇ ਹਾਂ, ਬਾਣੀ ਵੀ ਪੜ੍ਹਦੇ ਹਾਂ, ਗੁਰਮੰਤਰ ਦਾ ਅਭਿਆਸ ਵੀ ਕਰਦੇ ਹਾਂ। ਤਾਂ ਅਗਲਾ ਬਚਨ ਕਹਿੰਦੇ:

*"ਅਵਰਿ ਨਿਰਾਫਲ ਕਾਮਾ॥"* *(ਪੰਨਾ ੭੨੮)*

ਗੁਰੂ ਜੀ ਕਹਿੰਦੇ ਇਸ ਤੋਂ ਭਾਵ ਹੈ ਕਿ ਨਾਮ ਤੋਂ ਬਗ਼ੈਰ ਤੂੰ ਜੋ ਵੀ ਕਰ ਰਿਹਾ ਹੈਂ, ਉਹ ਨਿਸਫਲ ਹੈ। ਅਸਲ ਕਾਰਣ ਇਹੋ ਹੈ ਕਿ ਨਾਮ ਦਾ ਨਸ਼ਾ ਕਿਉਂ ਨਹੀਂ ਚੜ੍ਹਦਾ, ਨਾਮ ਦਾ ਰੰਗ ਕਿਉਂ ਨਹੀਂ ਚੜ੍ਹਦਾ? ਨਾਮ ਜਪਦੇ ਹਾਂ ਪਰ ਮੱਤ ਸਾਫ਼ ਕਿਉਂ ਨਹੀਂ ਹੁੰਦੀ? ਤਾਂ ਇਸ ਬਚਨ ਨੂੰ ਹਿਰਦੇ 'ਚ ਵਸਾਉ-

"ਅਲਹ ਅਗਮ ਖੁਦਾਈ ਬੰਦੇ॥ ਛੋਡਿ ਖਿਆਲ ਦੁਨੀਆ ਕੇ ਧੰਧੇ॥

(ਪੰਨਾ ੧੦੮੩)

ਗੁਰਦੇਵ ਕਹਿੰਦੇ ਕਿ ਅਗਰ ਤੂੰ ਕੁਝ ਲੈਣਾ ਹੈ ਤਾਂ ਇਹ ਝੂਠੇ ਧੰਦੇ ਛੱਡ ਦੇ। ਇਕ ਫ਼ਕੀਰ ਵਾਂਗੂੰ ਆ ਲੇਕਿਨ ਧਿਆਨ ਰੱਖਣਾ ਮੁਸਾਫ਼ਿਰ ਵੀ ਪਰਸ਼ਦਾ ਛੱਕਦਾ ਹੈ, ਮੁਸਾਫ਼ਿਰ ਵੀ ਸਫ਼ਰ ਕੱਟਦਾ ਹੈ। ਔਰ ਅਗਰ ਉਹ ਇਹ ਕਹੇ ਕਿ ਮੈਂ ਇਹ ਕੰਮ ਕਰਦਾ ਹਾਂ ਤੇ ਮੈਂ ਮੁਸਾਫ਼ਿਰ ਨਹੀਂ ਹਾਂ। ਗੱਲ ਇੰਨੀ ਹੈ ਕਿ ਸਾਡੀ ਬੁੱਧੀ ਬਦਲੀ ਨਹੀਂ, ਇਹ ਅਸਿੱਧੀ ਤੋਂ ਸਿੱਧੀ ਨਹੀਂ ਕਰ ਸਕੇ ਔਰ ਆਪਣੇ ਮਨ ਨੂੰ ਇਹ ਗੱਲ ਸਮਝਾ ਹੀ ਨਹੀਂ ਸਕੇ ਕਿ ਐ ਮਨਾ! ਤੂੰ ਇਕ ਮੁਸਾਫ਼ਿਰ ਹੈਂ। ਔਰ ਜਦੋਂ ਤੂੰ ਮਨ ਨੂੰ ਕਹਿ ਦਿੱਤਾ ਕਿ ਤੂੰ ਮੁਸਾਫ਼ਿਰ ਹੈਂ, ਫਿਰ ਤੇਰਾ ਸੰਸਾਰ ਤੇ ਵਿਚਰਣਾ, ਸੰਸਾਰ ਤੇ ਰਹਿਣਾ, ਸੰਸਾਰ ਤੇ ਦੇਖਣਾ ਇਕ 'ਮੁਸਾਫ਼ਿਰ ਵਾਂਗ' ਹੋ ਜਾਵੇਗਾ। ਗੁਰੂ ਜੀ ਕਹਿੰਦੇ ਸੰਸਾਰ ਤੋਂ ਇਕ ਦਿਨ ਸਾਰਿਆਂ ਨੇ ਚਲੇ ਜਾਣਾ ਹੈ। ਇਸ ਲਈ ਉਨੀ ਦੇਰ ਤੱਕ ਤੂੰ ਉਹ ਕੰਮ ਕਰ ਜਿਹੜਾ ਠੀਕ ਹੈ, ਜਿਸ ਨਾਲ ਤੇਰੀ ਬੁੱਧੀ ਨੂੰ ਕੋਈ ਫ਼ਰਕ ਨਾ ਪੈਂਦਾ ਹੋਵੇ। ਭਗਤ ਰਵਿਦਾਸ ਜੀ ਦੇ ਬਚਨ ਆਉਂਦੇ ਹਨ:

"ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥

(ਰਵਿਦਾਸ ਜੀ, ੪੮੬)

ਇਸ ਤੋਂ ਭਾਵ ਹੈ ਕਿ ਜਿਹੜਾ ਦੀਪ ਹੈ ਔਰ ਉਸ 'ਤੇ ਜਿਹੜੀ ਮੈਲ ਹੈ, ਉਸ ਨਾਲ ਦੀਵਾ ਬੁਝਦਾ ਨਹੀਂ। ਔਰ ਇਹ ਦੀਵਾ ਹਰ ਇਕ ਦੇ ਹਿਰਦੇ ਵਿਚ ਜਲ ਰਿਹਾ ਹੈ। ਇਸ ਦੇ ਉਪਰ ਜਿਹੜੀ ਮੈਲ ਹੈ ਉਸ ਨਾਲ ਦੀਵਾ ਬੁਝਦਾ ਨਹੀਂ, ਬਲਕਿ ਉਸ ਦਾ ਜੋ ਪ੍ਰਕਾਸ਼ ਹੈ ਉਹ ਲੁਕ ਜਾਂਦਾ ਹੈ। ਕੋਈ ਟਿਊਬ-ਲਾਈਟ ਹੈ, ਉਸ ਉਪਰ ਅਗਰ ਕੋਈ ਕਾਗਜ਼ ਲਪੇਟ ਦੇਵੋ ਤਾਂ ਇਸਦਾ ਮਤਲਬ ਇਹ ਨਹੀਂ ਕਿ ਟਿਊਬ ਬੁੱਝ ਗਈ ਹੈ ਬਲਕਿ ਉਸਦਾ ਪ੍ਰਕਾਸ਼ ਆਉਣਾ ਬੰਦ ਹੋ ਗਿਆ ਹੈ। ਇਸੇ ਤਰ੍ਹਾਂ ਦੀਵਾ ਤਾਂ ਬਲ ਰਿਹਾ ਹੈ, ਪਰ ਮਲੀਨ ਹੋ ਗਿਆ ਇਹ ਕਬੁੱਧੀ ਕਰਕੇ, ਬੁਰੇ ਖ਼ਿਆਲ ਕਰਕੇ, ਬੁਰੇ ਸੰਕਲਪ ਕਰਕੇ। ਇਸ ਲਈ ਇਸ ਨੂੰ ਸ਼ੁੱਧ ਕਰੋ ਤੇ ਆਪੇ ਉਹ ਚਾਨਣਾ ਮਿਲ ਜਾਵੇਗਾ।

"ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ॥"

(ਪੰਨਾ ੬੫੨)

ਜਿਸ ਦੇ ਅੰਦਰ ਕਪਟ ਹੈ, ਉਹ ਉਸੇ ਤਰ੍ਹਾਂ ਨਾਲ ਗੁਰਮੁਖ ਪਿਆਰਿਓ ਦੇਖਦਾ ਹੈ:

"ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ॥" (ਪੰਨਾ ੬੧੦)

ਇਸੇ ਤਰ੍ਹਾਂ ਰੋਗੀ ਕਹਿੰਦਾ ਹੈ ਕਿ ਸਾਰਾ ਸੰਸਾਰ ਰੋਗੀ ਹੈ। ਔਰ ਸੁਖੀ ਕਹਿੰਦਾ ਹੈ ਕਿ ਸਾਰਾ ਸੰਸਾਰ ਸੁਖੀ ਹੈ। ਸਾਹਿਬ 'ਗੁਰੂ ਗ੍ਰੰਥ ਸਾਹਿਬ' ਦਾ ਬਚਨ ਹੈ ਸਿਮਰਨ ਕਰੋ, ਬਾਣੀ ਪੜ੍ਹੋ, ਇਥੇ ਸਦਾ ਕਿਸੇ ਨੇ ਰਹਿਣਾ ਨਹੀ, ਇਹ ਤਾਂ ਚਾਰ ਦਿਨ ਦੀ ਜ਼ਿੰਦਗੀ ਹੈ। ਤਾਂ ਇਕ

ਨੌਜਵਾਨ ਨੇ ਮਹਾਂਪੁਰਸ਼ਾਂ ਨੂੰ ਕਹਿ ਹੀ ਦਿੱਤਾ ਕਿ ਕੀ ਤੁਸੀਂ ਰੋਜ਼ ਰੱਟ ਲਾ ਰੱਖਦੇ ਹੋ ਕਿ ਬਾਣੀ ਪੜ੍ਹੋ, ਸਿਮਰਨ ਕਰੋ, ਕੋਈ ਨਹੀਂ ਕਿਸੇ ਦਾ। ਤਾਂ ਨੌਜਵਾਨ ਨੇ ਕਿਹਾ ਕਿਉਂ ਕੋਈ ਨਹੀਂ ਕਿਸੇ ਦਾ? ਤਾਂ ਸੰਤਾਂ ਨੇ ਦੇਖਿਆ ਕਿ ਇਸ ਦੀ ਚੜ੍ਹਦੀ ਜਵਾਨੀ ਹੈ, ਚੰਗੇ ਕਰਮ ਇਸ ਦੇ ਲਿਖੇ ਹੋਏ ਨੇ, ਅਕਾਲ-ਪੁਰਖ ਵਾਹਿਗੁਰੂ ਦੀ ਰਹਿਮਤ ਸਦਕਾ ਹੀ ਇਹ ਸਤਿਸੰਗਤ ਦੇ ਵਿਚ ਆਉਂਦਾ ਹੈ। ਤਾਂ ਹੀ ਇਸ ਤਰ੍ਹਾਂ ਨਾਲ ਮੈਨੂੰ ਪੁੱਛ ਰਿਹਾ ਹੈ। ਔਰ ਸੰਤ ਕਹਿੰਦੇ ਇਹ ਗੱਲ ਅਗਰ ਇਸ ਨੂੰ ਸਿੱਧ ਨਾ ਕਰਵਾਈ ਤਾਂ ਇਹ ਕਿੰਤੂ-ਪਰੰਤੂ ਇਸ ਦੀ ਜ਼ਿੰਦਗੀ ਦਾ ਰੋੜਾ ਬਣ ਜਾਵੇਗਾ। ਜਦੋਂ ਨੌਜਵਾਨ ਮਹਾਂਪੁਰਸ਼ਾਂ ਕੋਲ ਆਇਆ ਤਾਂ ਮਹਾਂਪੁਰਸ਼ ਕਹਿਣ ਲੱਗੇ, ਇਹ ਹੈ ਜੁਗਤੀ, ਇਸ ਤਰ੍ਹਾਂ ਤੂੰ ਆਪਣੇ ਸਵਾਸ ਉਤਾਂਹ ਨੂੰ ਚੜ੍ਹਾ ਲੈ ਤੇ ਤੂੰ ਲੇਟ ਜਾਣਾ ਹੈ। ਔਰ ਤੂੰ ਆਪਣੇ ਸਵਾਸ ਥੱਲੇ ਨਹੀਂ ਲਿਆਉਣੇ ਜਦੋਂ ਤੱਕ ਮੈਂ ਤੈਨੂੰ ਕਹਾਂ ਨਾ। ਇਸ ਤਰ੍ਹਾਂ ਨਾਲ ਤੈਨੂੰ ਆਪਣੇ ਪ੍ਰਸ਼ਨ ਦਾ ਜਵਾਬ ਮਿਲ ਜਾਵੇਗਾ।

ਗੁਰਮੁਖਿ ਪਿਆਰਿਓ, ਹਰ ਇਕ ਇਨਸਾਨ ਨਵੀਂ ਚੀਜ਼ ਵੇਖਣ ਵਾਸਤੇ ਉਤਸ਼ਾਹਿਤ ਹੁੰਦਾ ਹੈ। ਜਿਸ ਤਰ੍ਹਾਂ ਸਾਡੇ ਸ਼ਹਿਰਾਂ ਵਿਚ ਵੀ ਕੋਈ ਦੇਹਧਾਰੀ, ਦੰਡੀ-ਪਾਖੰਡੀ ਭੁਲੇਖਿਆਂ ਵਿਚ ਪਾ ਦੇਵੇ ਕਿ ਇੰਨੇ ਦਿਨ ਸਿੱਧੀ ਕਰੀਂ, ਇਸ ਤਰ੍ਹਾਂ ਤੂੰ ਕਿਸੇ ਦੇ ਮੱਥੇ ਨਾ ਲੱਗੀਂ, ਇਸ ਦਾ ਅਸਰ ਹਰ ਮਨੁੱਖ ਨੂੰ ਬਹੁਤ ਛੇਤੀ ਹੁੰਦਾ ਹੈ। ਔਰ ਜਿਹੜਾ ਰਸਤਾ ਗੁਰੂ ਗ੍ਰੰਥ ਸਾਹਿਬ ਜੀ ਨੇ ਦੱਸਿਆ ਹੈ, ਉਹ ਰਸਤਾ ਅਸੀਂ ਅਪਣਾਉਣਾ ਨਹੀਂ। ਤੇ ਜਦੋਂ ਉਹ ਨੌਜਵਾਨ ਘਰ ਗਿਆ ਤੇ ਮਹਾਂਪੁਰਸ਼ਾਂ ਦੇ ਕਹੇ ਅਨੁਸਾਰ ਉਸ ਨੇ ਕਿਹਾ ਕਿ ਮੈਂ ਕੁਝ ਖਾਣਾ ਨਹੀਂ, ਕਿਉਂਕਿ ਮੇਰਾ ਸਰੀਰ ਠੀਕ ਨਹੀਂ ਹੈ। ਤਾਂ ਘਰ ਵਾਲੇ ਹੈਰਾਨ ਹੋ ਗਏ ਕਿ ਇੰਨੀ ਦੂਰ ਤੂੰ ਚੱਲ ਕੇ ਮਹਾਂਪੁਰਸ਼ਾਂ ਕੋਲ ਜਾਂਦਾ ਹੈਂ। ਰੋਜ਼ ਤੇ ਖਾਣਾ ਖਾਂਦਾ ਸੀ, ਅੱਜ ਤੈਨੂੰ ਕੀ ਹੋ ਗਿਆ? ਉਹ ਜਾ ਕੇ ਮੰਜੇ ਤੇ ਲੇਟ ਗਿਆ ਤੇ ਉਸ ਨੇ ਆਪਣੇ ਸਵਾਸ ਦਸਮ ਦਵਾਰ ਤੇ ਪਹੁੰਚਾ ਲਏ, ਅਰਥਾਤ ਰੋਕ ਲਏ। ਉਸ ਦੇ ਘਰ ਦੇ ਮੈਂਬਰਾਂ ਨੇ ਦੇਖਿਆ ਕਿ ਇਸ ਦਾ ਸਰੀਰ ਤਾਂ ਕੋਈ ਵੀ ਹਰਕਤ ਨਹੀਂ ਕਰ ਰਿਹਾ। ਫਿਰ ਉਹਨਾਂ ਨਬਜ਼ ਚੈਕ ਕੀਤੀ ਤਾਂ ਸਾਹ ਵੀ ਉਸਦਾ ਨਹੀਂ ਸੀ ਨਿਕਲ ਰਿਹਾ। ਗੁਰਮੁਖ ਪਿਆਰਿਓ ਪੈ ਗਿਆ ਫਿਰ ਪਿੱਟ ਸਿਆਪਾ। ਸਾਰੇ ਸਾਕ-ਸਬੰਧੀਆਂ ਨੂੰ ਸੁਨੇਹੇ ਭੇਜੇ ਗਏ ਤੇ ਸਾਰੇ ਆਪਣੇ ਕੰਮ ਛੱਡ ਕੇ ਇਥੇ ਪਹੁੰਚ ਗਏ। ਉਹ ਵੀ ਤਾਂ ਸਾਰੇ ਪਹੁੰਚੇ ਕਿ ਪਤਾ ਹੈ ਕੱਲ੍ਹ ਨੂੰ ਅਗਰ ਸਾਡੇ ਤੇ ਕੋਈ ਇਸ ਤਰ੍ਹਾਂ ਦਾ ਵਕਤ ਆ ਗਿਆ ਤਾਂ ਸਾਡੇ ਵੀ ਕਿਸੇ ਨਹੀਂ ਪਹੁੰਚਣਾ। ਉਥੇ ਤਾਂ ਕੁਰਲਾਹਟ ਪੈ ਗਈ। ਰੋਣਾ-ਪਿੱਟਣਾ ਪੈ ਗਿਆ। ਔਰ ਤੁਹਾਨੂੰ ਪਤਾ ਹੈ ਜਿਹੜੇ ਵੱਡੇ-ਸਿਆਣੇ ਹੁੰਦੇ ਨੇ ਉਹ ਤਾਂ ਰੱਬ ਨੂੰ ਹੀ ਮਿਹਣੇ ਮਾਰਨ ਲੱਗਦੇ ਨੇ ਕਿ ਇਸ ਦੀ ਅਜੇ ਕੋਈ ਉਮਰ ਸੀ, ਇਸ ਦਾ ਤੇ ਵਿਆਹ ਵੀ ਨਹੀਂ ਸੀ ਹੋਇਆ ਤੇ ਬਜ਼ੁਰਗਾਂ ਦੀ ਆਦਤ ਹੁੰਦੀ ਹੈ ਇਹ ਕਹਿਣ ਦੀ ਕਿ ਇਹਦੇ ਬਦਲੇ ਮੈਂ ਮਰ ਜਾਂਦੀ, ਮੈਂ ਤਾਂ ਆਪਣੀ ਉਮਰ ਗੁਜ਼ਾਰ ਲਈ ਹੈ, ਮੈਂ ਤਾਂ ਸਭ ਕੁਝ ਵੇਖ ਲਿਆ ਹੈ, ਇਸ ਦੇ ਬਦਲੇ ਮੈਂ ਮਰ ਜਾਂਦੀ। ਫਿਰ ਮਹਾਂਪੁਰਖ ਆ ਜਾਂਦੇ ਨੇ ਤੇ ਆ ਕੇ ਵੇਖਦੇ ਨੇ ਚਾਰ-ਚੁਫੇਰੇ

ਘੇਰਾ ਪਿਆ ਹੋਇਆ ਹੈ ਤੇ ਉਹਨਾਂ ਦੀਆਂ ਕਹੀਆਂ ਹੋਈਆਂ ਗੱਲਾਂ ਵੀ ਸੁਣੀ ਜਾਂਦੇ ਹਨ ਤੇ ਵਿਚੋਂ-ਵਿੱਚ ਖ਼ੁਸ਼ ਵੀ ਹੋਈ ਜਾਂਦੇ ਹਨ। ਤਾਂ ਮਹਾਂਪੁਰਸ਼ ਕਹਿਣ ਲੱਗੇ ਕਿ ਕਿਉ ਤੁਸੀਂ ਇੰਨਾ ਰੌਲਾ ਪਾ ਰਹੇ ਹੋ, ਇਹ ਤਾਂ ਸੰਸਾਰ ਹੈ। ਜਿਹੜਾ ਆਇਆ ਹੈ ਤਾਂ ਉਸ ਨੇ ਜਾਣਾ ਵੀ ਹੈ। ਤਾਂ ਉਸ ਦੇ ਘਰ ਦੇ ਕਹਿਣ ਲੱਗੇ ਤੁਸੀਂ ਜਿੰਨੀ ਮਰਜ਼ੀ ਭੇਟਾਂ ਲੈ ਲਉ ਪਰ ਇਸ ਨੂੰ ਜ਼ਿੰਦਾ ਕਰ ਦਿਉ। ਮਹਾਂਪਰਸ਼ ਕਹਿਣ ਲੱਗੇ ਕੋਈ ਮਰਿਆ ਵੀ ਜੀਉਂਦਾ ਹੁੰਦਾ ਹੈ। ਫਿਰ ਮਹਾਂਪੁਰਸ਼ ਕਹਿਣ ਲੱਗੇ ਕਿ ਤੁਸੀਂ ਸਾਰੇ ਚੁੱਪ ਹੋ ਜਾਉ। ਸਾਰੇ ਚੁੱਪ ਹੋ ਗਏ ਤੇ ਸੋਚਣ ਲੱਗੇ ਸ਼ਾਇਦ ਮਹਾਂਪੁਰਸ਼ ਜੀ ਜ਼ਿੰਦਾ ਕਰ ਦੇਣਗੇ।

ਕ੍ਰਿਪਾ, ਤਾਂ ਮਹਾਂਪੁਰਸ਼ ਜੀ ਕਹਿਣ ਲੱਗੇ ਇਸ ਵਾਸਤੇ ਹੋ ਜਾਉ ਮਰਨ ਲਈ ਤਿਆਰ ਤੇ ਮੈਂ ਇਸ ਨੂੰ ਜ਼ਿੰਦਾ ਕਰ ਦੇਂਦਾ ਹਾਂ। ਇਹ ਸੁਣ ਕੇ ਸਾਰੇ ਹੀ ਚੁੱਪ ਹੋ ਗਏ। ਨਾ ਕੋਈ ਅੱਖਾਂ ਚੁੱਕੇ ਤੇ ਨਾ ਕੋਈ ਆਵਾਜ਼ ਕਰੇ। ਹੁਣੇ ਦਸ-ਮਿੰਟ ਪਹਿਲਾਂ ਤੁਸੀਂ ਰੋਣਾ ਕੁਰਲਾਉਣਾ ਪਾਇਆ ਹੋਇਆ ਸੀ ਕਿ ਇਸ ਦੇ ਹੁੰਦੇ ਅਸੀਂ ਮਰ ਜਾਂਦੇ। ਹੁਣ ਤੁਸੀਂ ਮਰਨ ਵਾਸਤੇ ਤਿਆਰ ਹੋਵੋ ਤੇ ਇਸ ਨੂੰ ਮੈਂ ਜ਼ਿੰਦਾ ਕਰ ਦੇਂਦਾ ਹਾਂ। ਮਹਾਂਪੁਰਸ਼ ਕਹਿਣ ਲੱਗੇ ਕੁਝ ਤਾਂ ਬੋਲੋ। ਤਾਂ ਉਹ ਕਹਿਣ ਲੱਗੇ ਉਸ ਤਰ੍ਹਾਂ ਹੀ ਕ੍ਰਿਪਾ ਕਰ ਦਿਉ, ਉਂਝ ਹੀ ਕੁਝ ਕਰ ਦਿਉ। ਤੇ ਮਹਾਂਪੁਰਸ਼ ਕਹਿਣ ਲੱਗੇ ਕਿ ਜਦੋਂ ਤੱਕ ਕੋਈ ਹੋਰ ਨਹੀਂ ਮਰਦਾ, ਉਨੀ ਦੇਰ ਤੱਕ ਇਹ ਜੀਉਦਾ ਨਹੀਂ ਹੋ ਸਕਦਾ। ਤਾਂ ਬਾਕੀ ਕਹਿਣ ਲੱਗੇ ਇਸ ਤਰ੍ਹਾਂ ਕਦੇ ਹੁੰਦਾ ਹੈ। ਇਸ ਦੇ ਬਦਲੇ ਕੋਈ ਹੋਰ ਜਾਨ ਦੇ ਦੇਵੇ। ਤਾਂ ਮਹਾਂਪੁਰਸ਼ਾਂ ਨੇ ਆਪਣੇ ਸਵਾਸ ਦਸਮ ਦੁਆਰ ਚਾੜ੍ਹ ਲਏ ਤੇ ਨੌਜਵਾਨ ਦੇ ਉਤਾਰ ਦਿੱਤੇ ਇਹ ਦੇਖ ਕੇ ਸਾਰੇ ਖ਼ੁਸ਼ ਹੋ ਗਏ। ਮਹਾਂਪੁਰਸ਼ਾਂ ਨੇ ਉਸ ਨੂੰ ਆਵਾਜ਼ ਦਿਤੀ ਕਿ ਆਪਣੇ ਸਵਾਸ ਜ਼ਰ ਲੈ ਥੱਲੇ।

ਉਸ ਨੂੰ ਜੀਉਂਦਿਆਂ ਵੇਖ ਕੇ ਸਾਰੇ ਹੈਰਾਨ ਰਹਿ ਗਏ। ਉਸ ਦੇ ਕੋਲ ਸਾਰੇ ਆਪਣੇ ਰਿਸ਼ਤੇਦਾਰ ਖੜੇ ਸਨ। ਉਸ ਨੇ ਕਿਹਾ ਪਿਛੇ ਹੋ ਜਾਵੋ ਮੇਰੇ ਕੋਲੋਂ। ਤਾਂ ਸਭ ਕਹਿਣ ਲੱਗੇ ਤੇਰੇ ਵਾਸਤੇ ਤਾਂ ਅਸੀਂ ਮਹਾਂਪੁਰਸ਼ਾਂ ਕੋਲੋਂ ਤਰਲੇ ਪਾਏ ਕਿ ਇਸ ਨੂੰ ਜ਼ਿੰਦਾ ਕਰ ਦਿਉਂ ਤੇ ਤੂੰ ਸਾਡੇ ਨਾਲ ਹੀ ਨਹੀਂ ਬੋਲਦਾ। ਤੇਰੇ ਜ਼ਿੰਦਾ ਕਰਵਾਉਣ ਵਾਸਤੇ ਮਹਾਂਪੁਰਸ਼ਾਂ ਨੇ ਆਪਣੀ ਮੌਤ ਲੈ ਲਈ। ਗੁਰਮੁਖੋ ਉਸ ਨੇ ਸਾਰਿਆਂ ਨਾਲ ਗੱਲਾਂ ਤਾਂ ਕੀਤੀਆਂ ਪਰ ਪਹਿਲੀ ਵਾਲੀ ਕੋਈ ਗੱਲ ਨਹੀਂ ਸੀ। ਉਸ ਨੇ ਮਹਾਂਪੁਰਸ਼ਾਂ ਨੂੰ ਚੁੱਕਿਆ ਮੋਢਿਆਂ ਤੇ ਔਰ ਪਿੰਡ ਦੇ ਬਾਹਰ ਲੈ ਗਿਆ। ਮਹਾਂਪੁਰਸ਼ ਜੀ ਉਠ ਕੇ ਕਹਿਣ ਲੱਗੇ ਕਿ ਦੱਸ ਹੁਣ, ਸਾਡੀ ਗੱਲ ਝੂਠੀ ਸੀ ਤਾਂ ਸਹੀ। ਅਸੀਂ ਤੈਨੂੰ ਕਿਹਾ ਸੀ ਨਾ,

*"ਜਗਤ ਮੈ ਝੂਠੀ ਦੇਖੀ ਪ੍ਰੀਤਿ॥"*
*ਅਪਨੇ ਹੀ ਸੁਖ ਸਿਉ ਸਭ ਲਾਗੇ*
*ਕਿਆ ਦਾਰਾ ਕਿਆ ਮੀਤ॥*

*(ਪੰਨਾ ੫੩੬)*

ਇਸ ਤੋਂ ਭਾਵ ਹੈ ਕਿ ਸਾਰੇ ਆਪਣੇ ਸਵਾਰਥ ਵਾਸਤੇ ਹੀ ਹੈ। "ਭਾਈ ਸਾਹਿਬ ਭਾਈ ਨੰਦ ਲਾਲ ਜੀ ਦਾ ਬਚਨ ਆਉਂਦਾ ਹੈ:

"ਹਾਂਸਲੇ ਦੁਨੀਆ ਹਮੇ ਦਰਦੇ ਸਰ ਅਸਤ"

ਕਹਿੰਦੇ ਦੁਨੀਆਂ ਵਿਚ ਕੋਈ ਵੀ ਕੰਮ ਤੇਰੀ ਬੰਦਗੀ ਤੋਂ ਇਲਾਵਾ ਹੈ ਉਹ Headache (ਸਿਰ ਦਰਦ) ਹੈ।

*"ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥" (ਪੰਨਾ ੬੮੭)*

ਜਿਸ ਤਰ੍ਹਾਂ ਸਰੀਰ ਦੀ ਸ਼ੁੱਧੀ ਵਾਸਤੇ ਅਸੀਂ ਪਾਣੀ ਇਸਤੇਮਾਲ ਕਰਦੇ ਹਾਂ ਤਾਂ ਸਰੀਰ ਸ਼ੁੱਧ ਹੋ ਜਾਂਦਾ ਹੈ। ਇਸੇ ਤਰ੍ਹਾਂ ਜਿਹੜੀ ਮਨ ਨੂੰ ਮੈਲ ਲੱਗੀ ਹੈ ਜਨਮ-ਜਨਮਾਤਰਾਂ ਦੀ, ਇਸ ਨੂੰ 'ਸ਼ਬਦਾ' ਦੇ ਸਰੋਵਰ ਵਿਚ ਇਸ਼ਨਾਨ ਕਰਵਾਉ। ਔਰ ਜਦੋਂ ਨਾਮ ਦੇ ਸਰੋਵਰ ਵਿਚ ਇਸ ਦਾ ਇਸ਼ਨਾਨ ਹੋ ਗਿਆ ਤਾਂ,

*"ਬੁਧਿ ਬਦਲੀ ਸਿਧਿ ਪਾਈ॥"*

ਫਿਰ ਉਲਟੀ ਮੱਤ ਸਿੱਧੀ ਹੋ ਜਾਵੇਗੀ। ਉਹ ਗੁਰਮਤਿ ਦਾ ਧਾਰਣੀ ਹੋ ਜਾਵੇਗਾ। ਪਰਮੇਸ਼ਰ ਵਾਹਿਗੁਰੂ ਦੀ ਕ੍ਰਿਪਾ ਹੋ ਜਾਵੇਗੀ ਤੇ ਤੇਰਾ ਪਾਰ ਉਤਾਰਾ ਹੋ ਜਾਵੇਗਾ। ਹੁਣ 'ਭਾਈ ਘਨਈਏ' ਦਾ ਜੀਵਨ ਤੁਸੀਂ ਪੜ੍ਹਿਆ ਹੋਵੇਗਾ। ਉਹਨਾਂ ਕਲਗੀਧਰ ਪਾਤਸ਼ਾਹ ਨੂੰ ਕਿਹਾ ਕਿ ਮਹਾਰਾਜ ਸਾਨੂੰ ਤੁਹਾਡੇ ਤੋਂ ਬਗ਼ੈਰ ਤਾਂ ਕੁਝ ਦਿਸਦਾ ਹੀ ਨਹੀਂ। ਹੁਣ ਮਨੁੱਖ ਦੁਨੀਆਂ ਤੇ ਸਾਰੇ ਇਕੋ ਜਿਹੇ ਨੇ। ਕਦੇ ਅਸੀਂ ਇਹ ਵੇਖਿਆ ਕਿ ਸਾਡਾ ਆਪਣੇ ਮਾਤਾ-ਪਿਤਾ ਜਾਂ ਭੈਣਾਂ-ਭਰਾਵਾਂ ਨਾਲ ਕਿਹੋ ਜਿਹਾ ਪਿਆਰ ਹੈ ਤੇ ਸਤਿਗੁਰ ਜੀ ਤਾਂ ਕਹਿੰਦੇ ਹਨ:

*"ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥" (ਪੰਨਾ ੫੯੧)*

ਕਿ ਸਾਰਿਆਂ ਦਾ ਪਤੀ ਪਰਮੇਸ਼ਵਰ ਵਾਹਿਗੁਰੂ ਜੀ ਹੈ। ਅਸੀਂ ਜੀਵ ਰੂਪੀ ਇਸਤਰੀਆਂ ਉਸ ਵਾਹਿਗੁਰੂ ਦੀਆਂ ਹਾਂ। ਔਰ ਸਾਰਿਆਂ ਦੇ ਵਿਚ ਵੀ ਉਹ ਬੈਠਾ ਹੈ। ਸਾਰਿਆਂ ਨੂੰ ਉਹ ਭੋਗ ਰਿਹਾ ਹੈ ਤੇ ਸਾਰੇ ਰਸਾਂ ਦਾ ਉਹ ਸਵਾਦ ਵੀ ਚੱਖ ਰਿਹਾ ਹੈ।

*"ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥"*

*(ਜਪੁਜੀ ਸਾਹਿਬ)*

ਗੱਲ ਤਾਂ ਇਹ ਹੈ ਕਿ ਉਹ ਅੰਦਰ ਬੈਠਾ ਤਾਂ ਸਾਰਿਆਂ ਨੂੰ ਦੇਖੀ ਜਾ ਰਿਹਾ ਹੈ।

*"ਗਾਵੈ ਕੋ ਜਾਪੈ ਦਿਸੈ ਦੂਰਿ॥" ਗਾਵੈ ਕੋ ਵੇਖੈ ਹਾਦਰਾ ਹਦੂਰਿ॥*

*(ਜਪੁਜੀ ਸਾਹਿਬ)*

ਕਈ ਗਾਉਂਦੇ ਨੇ, ਉਹਦਾ ਪਾਠ ਕਰਦੇ ਨੇ, ਨਿਤਨੇਮ ਕਰਦੇ ਨੇ, ਸਤਿਸੰਗਤ ਵਿਚ ਆਉਂਦੇ ਨੇ। ਔਰ ਸੋਚਦੇ ਨੇ ਹੋਵੇਗਾ ਕਿਤੇ ਪਰਮੇਸ਼ਰ ਜਦੋਂ ਆਵੇਗਾ ਓਦੋਂ ਵੇਖੀ ਜਾਏਗੀ।

ਔਰ ਕਈ ਕਹਿੰਦੇ ਨੇ ਮਹਾਰਾਜ, ਤੂੰ ਤਾਂ ਹੱਥ ਤੋਂ ਵੀ ਨੇੜੇ ਹੈਂ। ਪਰ ਦਿੱਸੇਂਗਾ ਉਦੋਂ ਜਦੋਂ ਕਿ ਲਾਲਟੈਨ ਦੇ ਸ਼ੀਸ਼ੇ ਸਾਫ਼ ਹੋ ਗਏ। ਦੀਵਾ ਹਰ ਹਿਰਦੇ ਵਿਚ ਜਗੁ ਰਿਹਾ ਹੈ ਪਰ ਚਾਨਣਾ ਉਦੋਂ ਹੀ ਇਸ ਦਾ ਆਵੇਗਾ ਜਦੋਂ ਤੁਹਾਡਾ ਆਪਣਾ ਮਨ ਸਾਫ਼ ਹੋ ਜਾਵੇਗਾ। ਫਿਰ ਅਕਾਲ-ਪੁਰਖ ਵਾਹਿਗੁਰੂ ਦੀ ਕ੍ਰਿਪਾ ਹੋ ਜਾਵੇਗੀ। ਜੀਵਨ ਤਾਂ ਇਸੇ ਕਰਕੇ ਮਿਲਿਆ ਹੈ ਕਿ ਜਨਮ-ਜਨਮਾਂਤਰਾਂ ਦੀ ਮੈਲ ਦੂਰ ਕਰ ਦੇਈਏ। ਹੁਣ ਸਾਹਿਬਾਂ ਨੇ ਸਾਰੇ ਪਦਾਰਥ, ਸਾਰੀਆਂ ਜੁਗਤੀਆਂ ਥਾਲੀ ਵਿਚ ਪਰੋਸ ਕੇ ਸਾਡੇ ਸਾਹਮਣੇ ਰੱਖ ਦਿੱਤੀਆਂ ਕਿ ਇਸ ਤਰ੍ਹਾਂ ਸਿਮਰਨ ਕਰ, ਇਸ ਤਰ੍ਹਾਂ ਬਾਣੀ ਪੜ੍ਹ, ਇਸ ਤਰ੍ਹਾਂ ਆਪਣੇ ਆਪ ਨੂੰ ਮੁਸਾਫ਼ਿਰ ਸਮਝ, ਫ਼ਕੀਰ ਸਮਝ। ਇਸ ਸੰਸਾਰ ਨੂੰ ਝੂਠ ਸਮਝ, ਕਿਉਂਕਿ ਸੰਸਾਰ ਦੀ ਕੋਈ ਵਸਤੂ ਤੇਰੇ ਨਾਲ ਨਹੀਂ ਜਾਣੀ, ਬਲਕਿ ਆਪਣੇ ਆਪ ਨੂੰ ਅਬਿਨਾਸ਼ੀ ਕਰਤਾ-ਪੁਰਖ ਸਮਝ। ਇਹ ਤਾਂ ਸਾਡੀ ਗ਼ਲਤੀ ਹੈ। ਅਸੀਂ ਦੁਨੀਆਂ ਦੇ ਸਾਰੇ ਝੂਠ ਤੇ ਦੁੱਖ ਆਪਣੀ ਝੋਲੀ ਵਿਚ ਪਾਉਣ ਵਾਸਤੇ ਰਾਜ਼ੀ ਹਾਂ। ਪਰ ਲੋਕ-ਪਰਲੋਕ ਦੇ ਸਾਰੇ ਸੁੱਖ ਅਸੀਂ ਆਪਣੀ ਝੋਲੀ ਵਿਚ ਪਾਉਣ ਵਾਸਤੇ ਰਾਜ਼ੀ ਨਹੀਂ।

*"ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥* *(ਪੰਨਾ ੧੩੬)*

ਸੱਚੇ ਮਾਰਗ ਤੇ ਚਲਣ ਵਾਲੇ ਦੀ ਹੀ ਤਾਰੀਫ਼ ਹੁੰਦੀ ਹੈ, ਔਰ ਸੱਚ ਬੋਲਣ ਵਾਲੇ ਦੀ। ਝੂਠ ਬੋਲਣ ਵਾਲੇ ਦਾ ਕਦੀ ਸਤਿਕਾਰ ਹੁੰਦਾ ਹੈ, ਉਸ ਦੀ ਪੂਜਾ ਹੁੰਦੀ ਹੈ। ਔਰ ਅਗਰ ਤੁਸੀਂ ਇਹ ਵੇਖਣਾ ਹੋਵੇ ਕਿ ਸਤਿਗੁਰ ਜੀ ਦੀ ਜਿਸ ਤੇ ਵੀ ਕ੍ਰਿਪਾ ਹੋ ਜਾਂਦੀ ਹੈ, ਉਹ ਮਲੀਨ ਬੁੱਧੀ ਸਿੱਧੀ ਹੋ ਜਾਂਦੀ ਹੈ। ਗੁਰੂ ਅਮਰਦਾਸ ਜੀ ਦੇ ਬਚਨ ਆਉਂਦੇ ਹਨ।

*"ਜੀਅਹੁ ਮੈਲੇ ਬਾਹਰਹੁ ਨਿਰਮਲ॥"* *(ਪੰਨਾ ੯੧੯)*

ਹੁਣ ਜੇ ਮਨ ਮੈਲਾ ਲੈ ਕੇ ਤੁਰੇ ਫਿਰਦੇ ਹਾਂ, ਮੱਤ ਮੈਲੀ ਲੈ ਕੇ ਤੁਰੇ ਫਿਰਦੇ ਹਾਂ ਤੇ ਕੀ ਅਸੀਂ ਆਪਣੇ ਜੀਵਨ ਨੂੰ ਹਾਰੀ ਬੈਠੇ ਹਾਂ। ਜੇ ਬਾਹਰੋਂ ਕੱਪੜੇ ਵਧੀਆ ਹਨ, ਚੰਗਾ ਅਸੀਂ ਬੋਲਦੇ ਪਏ ਹਾਂ ਤੇ ਅਗਰ ਅਸੀਂ ਹਰ ਇਕ ਦਾ ਮਨ ਜਿੱਤਦੇ ਪਏ ਹਾਂ ਤੇ ਸਾਡੇ ਵਾਸਤੇ ਇਹ ਨਹੀਂ ਬਚਨ ਤਾਂ ਕਿਸ ਵਾਸਤੇ ਇਹ ਬਚਨ ਹਨ :

*ਭੇਖ ਦਿਖਾਏ ਜਗਤ ਕੋ ਲੋਗਨ ਕੋ ਵਸਿ ਕੀਨ॥*
*ਅੰਤ ਕਾਲਿ ਕਾਤੀ ਕਟਯੋ ਬਾਸ ਨਰਕ ਮੋ ਲੀਨ॥ ੫੯॥*

*(ਪੰਨਾ ੫੮)*

ਕੀ ਇਹ ਬਚਨ ਝੂਠੇ ਹਨ, ਪਰ ਜੇਕਰ ਅਕਾਲ-ਪੁਰਖ ਵਾਹਿਗੁਰੂ ਦੀ ਕ੍ਰਿਪਾ ਹੋ ਜਾਵੇ ਤਾਂ ਸਭ ਝੂਠ ਵੀ ਸੱਚ ਹੋ ਜਾਂਦਾ ਹੈ। ਅਸੀਂ ਇਹ ਬਚਨ ਪੜ੍ਹਦੇ ਹਾਂ;

*"ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥"*

*(ਜਪੁਜੀ ਸਾਹਿਬ)*

ਇਸ ਤੋਂ ਭਾਵ ਹੈ ਕਿ ਕੀ ਅਸੀਂ ਕਿਸੇ ਜੀਵ ਤੇ ਕਿਸੇ ਮਨੁੱਖ ਤੇ, ਕਿਸੇ ਜਾਨਵਰ ਤੇ

ਦਇਆ ਕੀਤੀ ਹੈ! ਸਤਿਗੁਰ ਜੀ ਕਹਿੰਦੇ ਹਨ ਅਗਰ ਤੂੰ ਆਪਣੀ ਜ਼ਿੰਦਗੀ ਵਿਚ ਧਰਮੀ ਬਣਨਾ ਹੈ ਤਾਂ ਧਰਮੀ ਬਣਨ ਤੋਂ ਪਹਿਲਾਂ ਦਇਆ ਜ਼ਰੂਰੀ ਹੈ। ਔਰ ਜਦੋਂ ਤੇਰਾ ਹਿਰਦਾ ਦਇਆ ਨਾਲ ਭਰ ਗਿਆ ਤਾਂ ਧਰਮ ਨੂੰ ਆਵਾਜ਼ ਨਹੀਂ ਮਾਰਨੀ ਪਵੇਗੀ, ਕਿਉਂਕਿ

*ਦਇਆ ਧਰਮ ਕਾ ਮੂਲ ਹੈ ਪਾਪ ਮੂਲ ਅਭਿਮਾਨ,*
*ਤੁਲਸੀ ਦਇਆ ਨਾ ਛੋਡੀਏ, ਜਬ ਲਗ ਘਟ ਮੈਂ ਪ੍ਰਾਨ॥"*

*(ਤੁਲਸੀ ਦਾਸ)*

ਅਰਥਾਤ ਜਿੰਨਾ ਚਿਰ ਸਰੀਰ ਵਿਚ ਪ੍ਰਾਨ ਚਲਦੇ ਨੇ ਤੂੰ ਦਇਆ ਕਰਦਾ ਜਾ, ਪਰਉਪਕਾਰ ਕਰਦਾ ਜਾ। ਪੜ੍ਹੋ ਅਤੇ ਰਸਨਾ ਨੂੰ ਕਰੋ ਪਵਿੱਤਰ।

*"ਧੌਲੁ ਧਰਮੁ ਦਇਆ ਕਾ ਪੂਤੁ॥*
*ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥" (ਜਪੁਜੀ ਸਾਹਿਬ)*

ਗੁਰੂ ਦੀ ਪ੍ਰਾਪਤੀ ਹੁੰਦੀ ਹੈ ਵੱਡਿਆਂ ਭਾਗਾਂ ਕਰਕੇ। ਗੁਰੂ ਦੀ ਗੋਦ ਵਿਚ ਬੈਠਣ ਦਾ ਸਮਾਂ ਮਿਲਦਾ ਹੈ ਤਾਂ ਵੱਡਿਆਂ ਭਾਗਾਂ ਕਰਕੇ। ਔਰ ਵੱਡਿਆਂ ਭਾਗਾਂ ਵਾਲੇ ਹੀ ਨਾਮ ਦੀ ਕਮਾਈ ਕਰਕੇ ਆਪਣੇ ਹਿਰਦੇ ਨੂੰ ਸ਼ੁੱਧ ਕਰਦੇ ਹਨ।

*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥*

*(ਪੰਨਾ ੧੩੫)*

*"ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥*

*(ਪੰਨਾ ੬੧੧)*

ਇਸ ਦੇ ਸਿੱਧੇ ਹੀ ਅਰਥ ਹਨ ਕਿ ਏਕ ਪਿਤਾ ਹੈ ਤੇ ਏਕ ਹੀ ਮਾਤਾ ਹੈ ਔਰ ਉਹੀ ਸਾਡੇ ਗੁਰੂ ਹਨ। ਉਹ ਤਾਂ ਅਸੀਂ ਸਾਰੇ ਪੜ੍ਹਦੇ ਹੀ ਹਾਂ, ਲੇਕਿਨ ਇਸ ਤੇ ਅਸਰ ਕਿਸ ਨੇ ਕਰਨਾ ਹੈ! ਵਿਚਾਰ ਚੱਲੀ ਹੈ ਕਿ ਦੀਵਾ ਗਿਆਨ ਦਾ ਹਰ ਇਕ ਦੇ ਹਿਰਦੇ ਵਿਚ ਜਗਦਾ ਹੈ। ਇਕ ਨੇ ਉਸ ਨੂੰ ਸ਼ੁੱਧ ਕਰਕੇ ਹਿਰਦੇ ਵਿਚ ਗਿਆਨ ਕਰ ਲਿਆ ਤੇ ਇਕ ਅੰਧੇਰੇ ਵਿਚ ਟੱਕਰਾਂ ਮਾਰਦਾ ਫਿਰਦਾ ਹੈ। ਉਸ ਨੇ ਕੋਸ਼ਿਸ਼ ਹੀ ਨਹੀਂ ਕੀਤੀ ਕਿ ਮੈਂ ਇਸ ਕਾਲਖ ਨੂੰ ਦੂਰ ਕਰ ਦੇਵਾਂ ਤੇ ਇਸ ਦੀ ਲੋਅ ਵਿਚੋਂ ਚਾਨਣ ਨੂੰ ਦੇਖ ਸਕਾਂ ਔਰ ਜਾਣ ਸਕਾਂ ਕਿ ਇਹ ਮਾਜਰਾ ਕੀ ਹੈ? ਔਰ ਬਚਨ ਹੁਣ ਇਹ ਬੋਲ ਰਹੇ ਹਾਂ ਕਿ :

*"ਏਕੁ ਪਿਤਾ ਏਕਸ ਕੇ ਹਮ ਬਾਰਿਕ*

ਭਾਵ ਇਕ ਸਾਡਾ ਪਿਤਾ ਹੈ ਤੇ ਇਕੋ ਦੇ ਅਸੀਂ ਬਾਰਿਕ ਹਾਂ। ਹੁਣ ਆਪਣੇ ਜੀਵਨ ਵਿਚ ਦੇਖ ਲੈਣਾ ਜਦੋਂ ਇਹ ਚੀਜ਼ ਤੁਹਾਡੀ ਨਿਗਾਹ ਵਿਚ ਆ ਗਈ;

*"ਸਭੇ ਸਾਝੀਵਾਲ ਵਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥" (ਪੰਨਾ ੯੭)*

ਜਦੋਂ ਸਾਨੂੰ ਇਹ ਸੋਝੀ ਹੋ ਗਈ ਕਿ ਅਸੀਂ ਇਕੋ ਅਕਾਲ-ਪੁਰਖ ਵਾਹਿਗੁਰੂ ਦੀ ਔਲਾਦ ਹਾਂ ਤੇ ਇਹ ਸਾਡੀ ਜ਼ਿੰਦਗੀ ਸੁਖੀ ਤੇ ਆਨੰਦ ਦਾਇਕ ਬਣ ਜਾਵੇਗੀ। ਉਸ ਜੀਵਨ ਦਾ ਨਸ਼ਾ ਹੀ ਕੁਝ ਹੋਰ ਹੋ ਜਾਵੇਗਾ। ਜਿਹੜਾ ਦੁਨੀਆਂ ਦਾ ਨਸ਼ਾ ਹੈ ਉਹ ਇਸ ਨਸ਼ੇ ਦੇ ਮੁਤਾਬਿਕ ਜ਼ੀਰੋ ਹੋ ਜਾਵੇਗਾ। ਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਬਚਨ ਹੈ ਕਿ :

"ਭੂਖੇ ਖਾਵਤ ਲਾਜ ਨ ਆਵੈ॥"
ਤਿਉ ਹਰਿ ਜਨੁ ਹਰਿ ਗੁਣ ਗਾਵੈ॥੧॥
ਅਪਨੇ ਕਾਜ ਕਉ ਕਿਉ ਅਲਕਾਈਐ॥
ਜਿਤੁ ਸਿਮਰਨਿ ਦਰਗਹ ਮੁਖੁ ਊਜਲ
ਸਦਾ ਸਦਾ ਸੁਖੁ ਪਾਈਐ॥ ੧॥ ਰਹਾਉ॥
ਜਿਉ ਕਾਮੀ ਕਾਮਿ ਲੁਭਾਵੈ॥
ਤਿਉ ਹਰਿ ਦਾਸ ਹਰਿ ਜਸੁ ਭਾਵੈ॥ ੨॥
ਜਿਉ ਮਾਤਾ ਬਾਲਿ ਲਪਟਾਵੈ॥
ਤਿਉ ਗਿਆਨੀ ਨਾਮੁ ਕਮਾਵੈ॥੩॥
ਗੁਰ ਪੂਰੇ ਤੇ ਪਾਵੈ॥
ਜਨ ਨਾਨਕ ਨਾਮੁ ਧਿਆਵੈ॥੪॥੧੯॥੮੩॥ (ਪੰਨਾ ੬੨੯)

ਕਹਿੰਦੇ ਇਹ ਅਵਸਥਾ ਉਦੋਂ ਪ੍ਰਾਪਤ ਹੁੰਦੀ ਹੈ, ਜਦੋਂ ਅਕਾਲ-ਪੁਰਖ ਵਾਹਿਗੁਰੂ ਪੂਰੀ ਕ੍ਰਿਪਾ ਕਰੇ। ਨਾਮ ਜਪਣ ਵਾਲੇ ਨੂੰ ਇਕ ਕਾਮੀ ਦੀ ਉਦਾਹਰਣ, ਇਕ ਅਮਲੀ ਦੀ ਤੇ ਇਕ ਭੁੱਖੇ ਦੀ ਉਦਾਹਰਣ ਦਿੱਤੀ ਹੈ। ਜਿਸ ਤਰ੍ਹਾਂ ਭੁੱਖੇ ਨੂੰ ਰੋਟੀ ਮਿਲਦੀ ਹੈ ਨਾ ਤਾਂ ਉਹ ਆਲੇ-ਦੁਆਲੇ ਰੌਲਾ ਪਾ ਕੇ ਕਹਿੰਦਾ ਹੈ ਮੈਂ ਤਾਂ ਭੁੱਖਾ ਸੀ, ਮੈਨੂੰ ਤਾਂ ਮਸਾਂ ਹੀ ਰੋਟੀ ਮਿਲੀ ਹੈ। ਉਹ ਸੁਣਦਾ ਵੀ ਗੁਰਮੁਖਿ ਪਿਆਰਿਓ ਅਣਸੁਣਾ ਕਰ ਦਿੰਦਾ ਹੈ। ਔਰ ਜਦੋਂ ਤੁਹਾਡੀ ਇਹ ਅਵਸਥਾ ਬਣ ਗਈ, ਉਦੋਂ ਸਮਝ ਲੈਣਾ ਕਿ ਇਹ ਨਾਮ ਤੁਹਾਡੇ ਹਿਰਦੇ ਨੂੰ ਟੱਚ ਕਰ ਗਿਆ। ਔਰ ਇਹ ਤੇਰੀ ਮੱਤ ਨੂੰ ਸ਼ੁੱਧ ਕਰ ਦੇਵੇਗਾ। ਫਿਰ ਤੇਰੀ ਕੁਸਿੱਧੀ ਬੁੱਧੀ ਵੀ ਸਿੱਧੀ ਹੋ ਜਾਏਗੀ। ਉਦੋਂ ਜਦੋਂ ਤੈਨੂੰ ਨਾਮ ਦੀ ਪ੍ਰਾਪਤੀ ਹੋ ਜਾਏਗੀ। ਜਦੋਂ ਨਾਮ ਦਾ ਨਸ਼ਾ ਤੈਨੂੰ ਚੜ੍ਹ ਜਾਏਗਾ ਔਰ ਜਦੋਂ ਤੂੰ ਆਪਣੇ ਆਪ ਨੂੰ ਇਸ ਦੁਨੀਆਂ ਤੇ ਮੁਸਾਫ਼ਿਰ ਦੀ ਤਰ੍ਹਾਂ ਸਮਝੇਂਗਾ ਕਿ ਮੈਂ ਤਾਂ ਸਿਰਫ਼ ਸਫ਼ਰ ਕਰਨ ਆਇਆ ਹਾਂ ਔਰ ਜਦੋਂ ਮੇਰਾ ਸਫ਼ਰ ਖ਼ਤਮ ਹੋ ਜਾਏਗਾ ਤਾਂ ਮੈਨੂੰ ਆਪਣੀ ਮੰਜ਼ਿਲ ਦੀ ਪ੍ਰਾਪਤੀ ਵੀ ਹੋ ਜਾਏਗੀ। ਇਸ ਲਈ ਹਰੀ ਦਾ ਨਾਮ ਜਪ, ਨਾਮ ਦਾ ਨਸ਼ਾ ਆਪਣੇ ਆਪ ਨੂੰ ਚੜ੍ਹਾਅ, ਕਿਉਂਕਿ ਬਗ਼ੈਰ ਹਰੀ ਦੇ ਭਜਨ ਤੋਂ ਜੀਵਨ ਦਾ ਪਾਰ-ਉਤਾਰਾ ਨਹੀਂ ਹੋ ਸਕਦਾ ਔਰ ਨਾ ਹੀ ਲੋਕ-ਪਰਲੋਕ ਦੇ ਸੁੱਖਾਂ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਨਾ ਹੀ ਤ੍ਰਿਸ਼ਨਾ ਦੀ ਅੱਗ ਤੋਂ ਬਚਾ ਹੋ ਸਕਦਾ ਹੈ।

ਸਤਿਗੁਰਾਂ ਦਾ ਫ਼ੁਰਮਾਣ ਹੈ :-

*ਤ੍ਰਿਸਨਾ ਬੁਝੈ ਹਰਿ ਕੈ ਨਾਮਿ॥*
*ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ॥*

*(ਪੰਨਾ ੬੮੨)*

*ਤ੍ਰਿਪਤਿ ਭਈ ਸਚੁ ਭੋਜਨੁ ਖਾਇਆ॥ਮਨਿ ਤਨਿ ਰਸਨਾ ਨਾਮੁ ਧਿਆਇਆ॥ ੧॥*

*(ਪੰਨਾ ੬੮੪)*

ਗੁਰਮੁਖੋ ਤ੍ਰਿਸ਼ਨਾ ਦੀ ਅੱਗ ਪਦਾਰਥ ਰੂਪੀ ਬਾਲਣ ਦੇ ਨਾਲ ਨਹੀਂ ਬੁਝ ਸਕਦੀ ਬਾਲਣ ਪਾਉਣ ਨਾਲ ਅੱਗ ਵੱਧ ਸਕਦੀ ਹੈ, ਘਟਦੀ ਨਹੀਂ। ਅਗਰ ਇਸ ਤ੍ਰਿਸ਼ਨਾ ਦੀ ਅੱਗ ਤੋਂ ਬਚਨਾ ਹੈ ਤਾਂ ਨਾਮ ਦੀ ਦਾਤ ਪੰਜਾਂ ਪਿਆਰਿਆਂ ਤੋਂ ਲੈ ਕਰਕੇ ਕਮਾਈ ਕਰਨੀ ਪਵੇਗੀ। ਰਹਿਤਾਂ ਵਿਚ ਪਰਤੱਖ ਕੁਰਹਿਤਾਂ ਤੋਂ ਬਚਿਆ ਜਾ ਸਕਦਾ ਹੈ। ਫਿਰ ਉਸ ਜੀਵ-ਆਤਮਾ ਨੂੰ ਤ੍ਰਿਸ਼ਨਾ ਦੀ ਅੱਗ ਨਹੀਂ ਸਾੜ ਸਕਦੀ। ਜੈਸਾ ਕਿ ਗੁਰਬਾਣੀ ਦਾ ਫ਼ੁਰਮਾਣ ਹੈ:-

*ਗੁਰ ਕਾ ਸਬਦੁ ਰਖਵਾਰੇ॥ ਚਉਕੀ ਚਉਗਿਰਦ ਹਮਾਰੇ॥*
*ਰਾਮ ਨਾਮਿ ਮਨੁ ਲਾਗਾ॥ ਜਮੁ ਲਜਾਇ ਕਰਿ ਭਾਗਾ॥ ੧॥*
*ਪ੍ਰਭ ਜੀ ਤੂ ਮੇਰੋ ਸੁਖਦਾਤਾ॥*
*ਬੰਧਨ ਕਾਟਿ ਕਰੇ ਮਨੁ ਨਿਰਮਲੁ ਪੂਰਨ ਪੁਰਖੁ ਬਿਧਾਤਾ॥ ਰਹਾਉ॥*
*ਨਾਨਕ ਪ੍ਰਭੁ ਅਬਿਨਾਸੀ॥ ਤਾ ਕੀ ਸੇਵ ਨ ਬਿਰਥੀ ਜਾਸੀ॥*
*ਅਨਦ ਕਰਹਿ ਤੇਰੇ ਦਾਸਾ॥ ਜਪਿ ਪੂਰਨ ਹੋਈ ਆਸਾ॥ ੨॥ ੪॥ ੬੮॥*

*(ਪੰਨਾ੬੨੬)*

❖❖❖

# ਗੁਰੂ ਨੂੰ ਕਿਹੜੀ ਸੇਵਾ ਪ੍ਰਵਾਨ ਹੈ?

*ਜੇਤਾ ਜੀਉ ਪਿੰਡੁ ਸਭੁ ਤੇਰਾ ਤੂੰ ਅੰਤਰਜਾਮੀ ਪੁਰਖੁ ਭਗਵਾਨੁ॥*
*ਦਾਸਨਿ ਦਾਸੁ ਕਹੈ ਜਨੁ ਨਾਨਕੁ ਜੇਹਾ ਤੂੰ ਕਰਾਇਹਿ*
*ਤੇਹਾ ਹਉ ਕਰੀ ਵਖਿਆਨੁ॥ ੪॥* *(ਪੰਨਾ ੭੩੪)*

*"ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ॥"*
*(ਪੰਨਾ ੭੩੬)*

ਪਰਮ-ਸਤਿਕਾਰ ਯੋਗ ਸਤਿਗੁਰਾਂ ਜੀ ਦੀ ਸਾਜੀ ਅਤੇ ਨਿਵਾਜੀ ਸਾਧ ਸੰਗਤ ਜੀ, ਤੁਸੀਂ ਬੜੇ ਭਾਗਾਂ ਵਾਲੇ ਹੋ ਜੋ ਆਪਣਾ ਕੀਮਤੀ ਸਮਾਂ ਕੱਢ ਕੇ ਗੁਰੂ ਘਰ ਪਹੁੰਚੇ ਹੋ।

੧. *ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥*
*ਅੰਮ੍ਰਿਤ ਬਾਣੀ ਹਰਿ ਹਰਿ ਤੇਰੀ---॥*
*ਅੰਮ੍ਰਿਤ ਬਾਣੀ ਹਰਿ ਹਰਿ ਤੇਰੀ*
*ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥*
*ਜਲਨਿ ਬੁਝੀ ਸੀਤਲੁ ਹੋਇ ਮਨੂਆ*
*ਸਤਿਗੁਰ ਕਾ ਦਰਸਨੁ ਪਾਏ ਜੀਉ॥* *(ਪੰਨਾ ੧੦੩)*

ਪੰਚਮ ਪਿਤਾ ਕ੍ਰਿਪਾ ਕਰਦੇ ਹਨ ਕਿ:

੧. *"ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥*
*ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥"*

ਸ਼ਾਇਦ ਇਸੇ ਕਰਕੇ ਅਸੀਂ ਮਨ ਕਰਕੇ ਮੰਨਦੇ ਨਹੀਂ, ਔਰ ਇਸੇ ਕਰਕੇ ਗੱਲਾਂ ਵਿਚ ਧਿਆਨ ਰੱਖਦੇ ਹਾਂ, ਕਿ ਕਿਤੇ ਪਰਮਗਤੀ ਨੂੰ ਅਸੀਂ ਪ੍ਰਾਪਤ ਨਾ ਹੋ ਜਾਈਏ। ਕਿਤੇ ਉਹ ਅਡੋਲ ਅਵਸਥਾ, ਸਹਿਜ ਅਵਸਥਾ, ਸਾਨੂੰ ਪ੍ਰਾਪਤ ਨਾ ਹੋ ਜਾਵੇ। ਇਸੇ ਕਰਕੇ ਗੱਲਾਂ ਵਿਚ ਧਿਆਨ ਲਾ ਕੇ ਰੱਖੋ, ਨਾ ਅੰਮ੍ਰਿਤ ਬਾਣੀ ਦੇ ਸ਼ਬਦ ਵਿਚਾਰ ਇਨ੍ਹਾਂ ਕੰਨਾਂ ਵਿਚ ਪੈਣ ਤੇ ਨਾ ਹੀ ਇਹ ਹਿਰਦਾ ਸ਼ੁੱਧ ਹੋਵੇ। ਸਾਹਿਬ ਸੱਚੇ ਪਾਤਸ਼ਾਹ ਜੀ ਨਿਸ਼ਾਨੀਆਂ ਬਿਆਨ ਕਰਦੇ ਹਨ ਕਿ ਜਿਨ੍ਹਾਂ ਨੇ ਮਨ ਕਰਕੇ ਬਾਣੀ ਨੂੰ ਸੁਣਿਆ ਤੇ ਪਰਮਗਤੀ ਨੂੰ ਪ੍ਰਾਪਤ ਹੋਏ।

੨. ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥
ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥
ਜਲਨਿ ਬੁਝੀ ਸੀਤਲੁ ਹੋਇ ਮਨੂਆ
ਸਤਿਗੁਰ ਕਾ ਦਰਸਨੁ ਪਾਏ ਜੀਉ॥ (ਪੰਨਾ ੧੦੩)

ਜਿਹੜੀ ਮਨ ਦੇ ਅੰਦਰ ਜਲਨ ਹੈ, ਔਰ ਉਹ ਤ੍ਰਿਸ਼ਨਾ ਦੀ ਅੱਗ ਦੇ ਵਿਚ ਸੜ ਰਿਹਾ ਹੈ, ਉਸ ਨੂੰ ਸ਼ੀਤਲਤਾ ਪ੍ਰਾਪਤ ਹੋ ਗਈ ਤੇ ਉਹ ਉਸ ਰਸ ਦੇ ਵਿਚ ਪ੍ਰਵੇਸ਼ ਹੋ ਗਿਆ ਜਦੋਂ ਉਸ ਨੇ ਬਾਣੀ ਦੀ ਸੀਤਲਤਾ ਨੂੰ ਮਹਿਸੂਸ ਕੀਤਾ। ਔਰ ਅਗਰ ਬਾਣੀ ਨੂੰ ਸੁਣ ਕੇ ਮਨ ਵਿਚ ਸੀਤਲਤਾ ਨਹੀਂ ਆਈ ਔਰ ਅਜੇ ਤੱਕ ਕ੍ਰੋਧ ਦੀ ਅੱਗ ਦੇ ਵਿਚ ਸੜ ਰਿਹਾ ਹੈ, ਤ੍ਰਿਸ਼ਨਾ ਦੀ ਅੱਗ ਦੇ ਵਿਚ ਸੜ ਰਿਹਾ ਹੈ ਤਾਂ ਸਮਝੋ ਅਜੇ ਤਕ ਬਾਣੀ ਇਸ ਨੇ ਸੁਣੀ ਨਹੀਂ। ਔਰ ਜਿਸ ਦਿਨ ਬਾਣੀ ਸੁਣ ਲਈ, ਉਸ ਨੂੰ ਮਹਿਸੂਸ ਕਰ ਲਿਆ ਤਾਂ ਗੁਰਦੇਵ ਜੀ ਉਹਨਾਂ ਪ੍ਰਤੀ ਫ਼ੁਰਮਾਣ ਕਰਦੇ ਹਨ :-

"ਜਲਨਿ ਬੁਝੀ ਸੀਤਲੁ ਹੋਇ ਮਨੂਆ"

*ਭਾਵ ਮਨ ਸੀਤਲ ਹੋ ਗਿਆ, ਕਦੋਂ ?*

"ਸਤਿਗੁਰ ਕਾ ਦਰਸਨੁ ਪਾਏ ਜੀਉ॥"

ਤੇ ਦਰਸ਼ਨ ਤਾਂ ਆਪਾਂ ਸਾਰੇ ਹੀ ਕਰਦੇ ਹਾਂ। ਇਹ ਇਹੋ ਜਿਹਾ ਘਰ ਹੈ ਜਿਥੇ ਮਨ ਦੀਆਂ ਹਾਜ਼ਰੀਆਂ ਲੱਗਣੀਆਂ ਹਨ, ਤਨ ਦੀਆਂ ਨਹੀਂ। ਜੇ ਕਹੀਏ ਕਿ ਸਰੀਰ ਕਰਕੇ ਇਥੇ ਆ ਗਏ ਹਾਂ 'ਤੇ ਸਤਿਗੁਰਾਂ ਦੇ ਦਰਬਾਰ ਵਿਚ ਹਾਜ਼ਰੀ ਲੱਗ ਜਾਏਗੀ, ਤਾਂ ਬਿਲਕੁਲ ਨਹੀਂ। ਹਾਜ਼ਰੀ ਉਦੋਂ ਲੱਗਣੀ ਹੈ ਜਦੋਂ ਮਨ ਕਰਕੇ ਅਸੀਂ ਸਤਿਗੁਰਾਂ ਦੇ ਕੋਲ ਆ ਗਏ, ਜਦੋਂ ਮਨ ਕਰਕੇ ਅਸੀਂ ਹਾਜ਼ਰੀਆਂ ਲਾਈਆਂ। ਔਰ ਜਦੋਂ ਮਨ ਕਰਕੇ ਅਸੀਂ ਮੱਥਾ ਟੇਕਿਆ। ਮਨ ਕਰਕੇ ਵਿਚਾਰਾਂ ਸਰਵਣ ਕੀਤੀਆਂ, ਮਨ ਕਰਕੇ ਬਾਣੀ ਪੜ੍ਹੀ। ਪਰ ਉਹਨਾਂ ਘੜੀਆਂ ਦੀ ਕੀਮਤ ਬਾਰੇ ਕਲਗੀਧਰ ਦਸਮੇਸ਼ ਪਿਤਾ ਜੀ ਕ੍ਰਿਪਾ ਕਰਦੇ ਹਨ।

"ਏਕ ਚਿੱਤ ਜਿਹ ਇਕ ਛਿਨ ਧਿਆਇਓ॥
ਕਾਲ ਫਾਸ ਕੇ ਬੀਚ ਨ ਆਇਓ॥" (ਦਸਮ ਗ੍ਰੰਥ, ਪੰਨਾ ੧੧)

ਭਾਵ ਕਿ ਇਕ ਛਿਨ ਇਕ ਚਿੱਤ ਜਿਨ੍ਹਾਂ ਨੇ ਅਕਾਲ-ਪੁਰਖ ਪਰਮੇਸ਼ਰ ਦਾ ਸਿਮਰਨ ਕਰ ਲਿਆ ਤਾਂ ਸਾਹਿਬੇ ਕਮਾਲ "ਗੁਰੂ ਗੋਬਿੰਦ ਸਿੰਘ ਜੀ" ਕ੍ਰਿਪਾ ਕਰਦੇ ਹਨ ਕਿ ਉਹ 'ਕਾਲ' ਦੀ ਫਾਂਸੀ ਵਿਚ ਮੁੜ ਕੇ ਫਸ ਨਹੀਂ ਸਕਦਾ। ਲੇਕਿਨ ਆਪਾਂ ਨੂੰ ਕਿੰਨੀਆਂ ਘੜੀਆਂ ਹੋ ਗਈਆਂ ਸਿਮਰਨ ਕਰਦਿਆਂ। ਗੁਰਮੰਤਰ ਦਾ ਜਾਪ ਕਰਦਿਆਂ ਜਦੋਂ ਦੀ ਸੋਝੀ ਆਈ ਹੈ ਤਾਂ ਅਹਿਸਾਸ ਹੋ ਗਿਆ ਹੈ ਕਿ ਅਸੀਂ ਚੌਰਾਸੀ ਤੋਂ ਬਚ ਗਏ ਹਾਂ? ਪਰ ਕੀ ਇਹ ਗੱਲ ਮਨ ਨੇ ਮੰਨ ਲਈ ਹੈ ? ਕਿ ਮੈਂ ਮੁੜ ਕੇ ਚੌਰਾਸੀ ਵਿਚ ਨਹੀਂ ਜਾਵਾਂਗਾ। ਸਾਹਿਬਾਂ ਨੇ ਤਾਂ ਕਹਿ ਦਿੱਤਾ ;

*ਏਕ ਚਿੱਤ ਜਿਹ ਇਕ ਛਿਨ ਧਿਆਇਓ॥*
*ਕਾਲ ਫਾਸ ਕੇ ਬੀਚ ਨ ਆਇਓ॥*

*(ਦਸਮ ਗ੍ਰੰਥ/ਪੰਨਾ ੧੧)*

ਇਸਦਾ ਮਤਲਬ ਅਸੀਂ ਮਨ ਇਕਾਗਰ ਕਰਕੇ ਸਿਮਰਨ ਕਰਨ ਦੀ ਲੋੜ ਅਜੇ ਤਕ ਨਹੀਂ ਮਹਿਸੂਸ ਕੀਤੀ। ਸਾਨੂੰ ਇਹ ਵੀ ਨਹੀਂ ਪਤਾ ਲੱਗਾ ਕਿ ਮਨ ਜੰਮਣ-ਮਰਨ ਦੇ ਗੇੜ ਤੋਂ ਰਹਿਤ ਹੋ ਗਿਆ ਕਿ ਨਹੀਂ, "ਭਾਈ ਸਾਹਿਬ ਭਾਈ ਗੁਰਦਾਸ ਜੀ" ਦਾ ਬਚਨ ਹੈ ਕਿ ਇਹ ਇਕ ਛਿਨ, ਇਕ ਚਿੱਤ ਬੜੇ ਜਨਮਾਂ ਦੀ ਕਮਾਈ ਤੋਂ ਬਾਅਦ ਪ੍ਰਾਪਤ ਹੁੰਦਾ ਹੈ। ਜਿਹੜਾ ਇਕ ਛਿਨ-ਇਕ ਚਿੱਤ ਹੈ ਪਤਾ ਨਹੀਂ ਇਸ ਨੂੰ ਕਿੰਨੇ ਕੁ ਜਨਮ ਲੱਗਦੇ ਹਨ, ਇਸ ਅਵਸਥਾ ਨੂੰ ਪ੍ਰਾਪਤ ਕਰਨ ਲਈ। ਪਰ ਸਾਹਿਬਾਂ ਦਾ ਬਚਨ ਸਾਹਮਣੇ ਆਇਆ ਕਿ ਮਨਾ! ਇਹ ਕਿਵੇਂ ਇਕਾਗਰ ਹੋਵੇ? ਇਹ ਕਿਵੇਂ ਸ਼ਾਂਤ ਹੋਵੇ? ਕਈ ਮਨੁੱਖਾਂ ਦੇ ਵਿਚਾਰ ਹਨ ਪ੍ਰਮਾਤਮਾ ਕੀ ਹੈ ਅਤੇ ਕਿਥੇ ਹੈ?

ਜਿਸ ਤਰ੍ਹਾਂ ਮੱਛੀ ਹੈ, ਇਹ ਸਾਗਰ ਦੇ ਵਿਚ ਰਹਿੰਦੀ ਹੋਈ, ਇਹ ਸਮੁੰਦਰ ਦੇ ਵਿਚ ਰਹਿੰਦੀ ਹੋਈ ਵੀ ਇਹੋ ਕਹਿੰਦੀ ਹੈ ਕਿ ਮੈਂ ਨਹੀਂ ਜਾਣਦੀ ਕਿ ਸਾਗਰ ਕੀ ਹੈ, ਸਮੁੰਦਰ ਕੀ ਹੈ ਤੇ ਪਾਣੀ ਕੀ ਹੈ? ਪਰ ਉਸ ਮੱਛੀ ਨੂੰ ਅਹਿਸਾਸ ਕਰਵਾਉਣ ਵਾਸਤੇ ਪਰਮੇਸ਼ਰ ਇਹੋ ਜਿਹੀ ਖੇਡ ਰਚ ਦਿੰਦਾ ਹੈ ਕਿ ਜਿਹੜਾ ਮਛੇਰਾ ਜਾਲ ਪਾ ਕੇ ਮੱਛੀ ਨੂੰ ਫੜ ਲੈਂਦਾ ਹੈ ਤਾਂ ਉਹ ਸਾਗਰ-ਸਮੁੰਦਰ ਤੋਂ ਅਲੱਗ ਹੋ ਜਾਂਦੀ ਹੈ, ਫਿਰ ਉਸ ਨੂੰ ਪਤਾ ਚੱਲਦਾ ਹੈ ਕਿ ਪਾਣੀ ਕੀ ਚੀਜ਼ ਹੈ? ਉਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਸਾਗਰ ਕੀ ਚੀਜ਼ ਹੈ? ਤੇ ਜਦੋਂ ਗੁਰਮੁਖ ਪਿਆਰਿਓ ਉਹ ਤੜਪਨਾ ਸ਼ੁਰੂ ਹੋ ਜਾਂਦੀ ਹੈ, ਫਿਰ ਉਸ ਨੂੰ ਕਹੀਏ, "ਮੱਛੀ, ਤੂੰ ਤੇ ਪਾਣੀ ਨੂੰ ਜਾਣਦੀ ਨਹੀਂ ਸੀ, ਤੂੰ ਤਾਂ ਕਹਿੰਦੀ ਸੀ ਕਿ ਮੈਨੂੰ ਨਹੀਂ ਪਤਾ ਕਿ ਸਾਗਰ ਕੀ ਚੀਜ਼ ਹੈ? ਲੇਕਿਨ ਜਦੋਂ ਤੈਨੂੰ ਅਲੱਗ ਕਰ ਦਿੱਤਾ ਗਿਆ ਪਾਣੀ ਤੋਂ ਤੇ ਤੈਨੂੰ ਮਹਿਸੂਸ ਹੋਇਆ ਕਿ ਪਾਣੀ ਕੀ ਚੀਜ਼ ਹੈ? ਪਾਣੀ ਤੋਂ ਬਿਨਾਂ ਤੂੰ ਮਰ ਰਹੀ ਹੈ। ਇਹ ਜੀਵ ਰੂਪੀ ਮੱਛੀ ਉਸ ਸਾਗਰ ਦਾ, ਉਸ ਸਮੁੰਦਰ ਦਾ ਕੋਈ ਕਿਨਾਰਾ ਤਾਂ ਹੋ ਸਕਦਾ ਹੈ, ਲੇਕਿਨ ਇਹ ਜਿਹੜਾ ਸੰਸਾਰ ਹੈ, ਗੁਰਮੁਖਿ ਪਿਆਰਿਓ ਇਸ ਦਾ ਕੋਈ ਕਿਨਾਰਾ ਨਹੀਂ। ਔਰ ਇਹ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦਾ ਰੂਪ ਹੈ। ਇਸ ਵਿਚ ਜੀਵ-ਰੂਪੀ ਮੱਛੀ ਤੁਰੀ ਜਾਂਦੀ ਹੈ ਤੇ ਉਹ ਜੀਵ-ਰੂਪੀ ਮੱਛੀ ਵੀ ਕਹਿੰਦੀ ਹੈ ਕਿ ਮੈਂ ਨਹੀਂ ਪਾਣੀ ਨੂੰ ਜਾਣਦੀ। ਭਾਵ ਜਿਹੜੇ ਕਹਿੰਦੇ ਕਿ ਮੈਂ ਨਹੀਂ ਰੱਬ ਨੂੰ ਮੰਨਦਾ ਅਰਥਾਤ ਰੱਬ ਦੇ ਵਿਚ ਰਹਿ ਕੇ ਕਹਿ ਰਹੇ ਹਨ ਕਿ ਮੈਂ ਰੱਬ ਨੂੰ ਨਹੀਂ ਮੰਨਦਾ। ਇਸ ਦਾ ਮਤਲਬ ਮਨੁੱਖ ਉਸ ਮੱਛੀ ਦੀ ਤਰ੍ਹਾਂ ਹੈ ਕਿ ਪਾਣੀ ਵਿਚ ਰਹਿੰਦੀ ਹੋਈ ਨੂੰ ਨਹੀਂ ਪਤਾ ਕਿ ਪਾਣੀ ਕੀ ਚੀਜ਼ ਹੈ? ਪਰ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਪਾਣੀ ਕੀ ਚੀਜ਼ ਹੈ, ਉਦੋਂ ਤੱਕ ਉਹ ਮਰ ਚੁੱਕੀ ਹੁੰਦੀ ਹੈ।

"ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥"

(ਪੰਨਾ ੧੪੨੬)

ਕਹਿੰਦੇ ਜਦੋਂ ਮੱਛੀ ਨੂੰ ਪਤਾ ਚੱਲਦਾ ਹੈ ਕਿ ਪਾਣੀ ਹੀ ਮੇਰਾ ਰੂਪ ਹੈ ਤੇ ਉਹ ਪਾਣੀ ਤੋਂ ਬਗ਼ੈਰ ਜੀਉਣਾ ਬਿਲਕੁਲ ਹੀ ਨਹੀਂ ਪਸੰਦ ਕਰਦੀ ਔਰ ਮੌਤ ਨੂੰ ਕਬੂਲ ਕਰ ਲੈਂਦੀ ਹੈ। ਗੁਰਮੁਖ ਪਿਆਰਿਓ ਜਿਥੋਂ ਤੱਕ ਉਹਦੇ ਸਰੀਰ ਦੇ ਤੱਤ ਰਹਿੰਦੇ ਹਨ, ਉਦੋਂ ਤੱਕ ਉਹ ਪਾਣੀ-ਪਾਣੀ ਕਰਦੀ ਰਹਿੰਦੀ ਹੈ। ਪਰ ਸਾਹਿਬਾਂ ਦੇ ਬਚਨ ਹਨ ਕਿ ਇਕ ਚਿਤ, ਇਕ ਰਸ ਹੋਣ ਵਾਸਤੇ ਕਿੰਨੇ ਕੁ ਜੀਵਨ ਜੀਊਣ ਦੀ ਇਹ ਕੋਸ਼ਿਸ਼ ਕਰਦਾ ਹੈ? ਪਰ ਸਤਿਗੁਰ ਗੁਰੂ ਜੀ ਕ੍ਰਿਪਾ ਕਰਦੇ ਹਨ :-

"ਸਾਧੋ ਇਹੁ ਜਗੁ ਭਰਮ ਭੁਲਾਨਾ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ॥"

(ਪੰਨਾ ੬੮੪)

ਇਹ "ਗੁਰੂ ਤੇਗ ਬਹਾਦਰ ਸਾਹਿਬ ਜੀ" ਦੇ ਬਚਨ ਹਨ ਕਿ ਸਿਮਰਨ ਕਹਿਣ ਦੇ ਬਾਵਜੂਦ ਵੀ ਨਹੀਂ ਕਰਦੇ, ਤੇ ਗੱਲਾਂ ਕਹਿਣ ਤੋਂ ਬਗ਼ੈਰ ਹੀ ਕਰਦੇ ਹਨ। ਇਸ ਨੇ ਰਾਮ-ਨਾਮ ਦਾ ਸਿਮਰਨ ਛੱਡ ਦਿੱਤਾ। ਕਿਉਂ? ਕਿਉਂਕਿ ਮਾਇਆ ਦੇ ਹੱਥੋਂ ਇਹ ਖ਼ਰੀਦਿਆ ਗਿਆ।

੧. "ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥"
੨. "ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥"

(ਪੰਨਾ ੧੨)

ਲੱਖਾਂ, ਕਰੋੜਾਂ ਦੇ ਹਿਸਾਬ ਦੇ ਨਾਲ ਇਹ ਬਾਣੀ, ਇਹ ਸ਼ਬਦ ਪੜ੍ਹਿਆ ਜਾਂਦਾ, ਲੇਕਿਨ ਇਸ ਦੇ ਸੁਣਨ ਨਾਲ ਲੱਖਾਂ-ਕਰੋੜਾਂ ਵਿਚੋਂ ਕੋਈ ਇਕ ਬੈਰਾਗੀ ਬਣਦਾ ਹੈ। ਕਈ ਇਹੋ ਜਿਹੇ ਮਹਾਂਪੁਰਸ਼ਾਂ ਦਾ ਜੀਵਨ ਪੜ੍ਹਨ ਨੂੰ ਮਿਲਿਆ ਕਿ ਉਹ ਕਹਿੰਦੇ ਮੈਂ ਜਦੋਂ ਦੀ ਇਹ ਤੁੱਕ ਪੜ੍ਹੀ ਹੈ ਨਾ : ਸਤਸੰਗੀ ਜਨੋ ਦਸ ਹਜ਼ਾਰ ਸਰੋਤਾ ਹੋਵੇ। ਉਹਦੇ ਵਿੱਚ ਜਗਿਆਸੂ ਇਕ ਹੁੰਦਾ ਹੈ। ਦਸ ਹਜ਼ਾਰ ਜਗਿਆਸੂ ਹੋਵੇ ਉਹਦੇ ਵਿਚ ਇਕ ਸਾਧਨਾ ਭਾਵ ਜੋ ਸੁਣਿਆ ਉਹਦੇ ਤੇ ਅਮਲ ਕਰਨ ਵਾਲਾ ਇਕ ਹੁੰਦਾ ਹੈ। ਭਾਵ ਮਾਰਗ ਤੇ ਚਲਣ ਲਈ ਦਸ ਹਜ਼ਾਰ ਤੁਰਨ ਵਾਲਿਆਂ ਵਿਚੋਂ ਕੋਈ ਇਕ ਮੰਜ਼ਲ ਤੇ ਪਹੁੰਚਦਾ ਹੈ ਉਸ ਨੂੰ ਸੰਤ ਕਹਿੰਦੇ ਹਨ।

*"ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥"*

ਕਹਿੰਦੇ ਮੈਂ ਉਸ ਦਿਨ ਸਭ ਕੁਝ ਛੱਡ ਦਿੱਤਾ ਤੇ ਅਰਦਾਸ ਕੀਤੀ ਕਿ ਸਤਿਗੁਰ ਜੀ! ਤੂੰ ਜਿਸ ਕੰਮ ਵਾਸਤੇ ਮੈਨੂੰ ਇਸ ਧਰਤੀ ਤੇ ਭੇਜਿਆ ਹੈ, ਮੇਰੇ ਕੋਲੋਂ ਉਹੀ ਕੰਮ ਕਰਾ, ਦੂਜਾ ਹੋਰ ਕੋਈ ਕੰਮ ਨਾ ਕਰਾ। ਪਰ ਹੈ ਉਲਟਾ, ਕਿਉਂਕਿ ਹਰ ਕੋਈ ਕਹਿੰਦਾ ਕਿ ਮੈਂ ਸੁਖੀ ਹੋਵਾਂ, ਮੈਨੂੰ ਇਹ ਅਵਸਥਾ ਪ੍ਰਾਪਤ ਹੋ ਜਾਵੇ ਤੇ ਹਰ ਕੋਈ ਇਹ ਵੀ ਚਾਹੁੰਦਾ ਹੈ ਕਿ ਮੈਂ ਟੇਢੀਆਂ-ਮੇਢੀਆਂ ਜੂਨਾਂ ਵਿਚ ਨਾ ਜਾਵਾਂ ਔਰ ਮੈਨੂੰ ਸੱਚਖੰਡ ਦੀ, ਬੈਕੁੰਠ ਦੀ ਪ੍ਰਾਪਤੀ ਹੋ ਜਾਵੇ। ਪਰ ਇਹ ਹੋਵੇਗਾ ਕਿਵੇਂ? ਉਦੋਂ ਹੀ ਹੋਵੇਗਾ ਜਦੋਂ ਗੁਰੂ ਦਾ ਹੁਕਮ ਹੋਵੇਗਾ। ਸਤਿਗੁਰੂ ਜੀ ਤਾਂ ਬਾਰ ਬਾਰ ਕਹਿੰਦੇ ਹਨ:

*"ਅਵਰਿ ਕਾਜ ਤੇਰੈ ਕਿਤੈ ਨ ਕਾਮ॥"*

ਲੇਕਿਨ ਅਸੀਂ ਗੁਰੂ ਨੂੰ ਕਹਿੰਦੇ ਹਾਂ ਕਿ ਮਹਾਰਾਜ! ਇਹ ਕੰਮ ਕਿਸੇ ਵੀ ਜਗ੍ਹਾ ਤੇ ਕੰਮ ਨਹੀਂ ਆ ਸਕਦਾ, ਲੇਕਿਨ ਜੋ ਅਸੀਂ ਕਰਦੇ ਹਾਂ ਉਹ ਹਰ ਜਗ੍ਹਾ ਤੇ ਠੀਕ ਹੈ। ਕਿਉਂਕਿ ਇਹ ਕਰਨ ਨਾਲ ਸਾਨੂੰ ਮਾਇਆ ਮਿਲਦੀ ਹੈ, ਸਾਨੂੰ ਧਨ ਮਿਲਦਾ ਹੈ। ਪਰ ਸਾਹਿਬ ਕਹਿੰਦੇ ਹਨ ਇਕ ਦਿਨ ਇਹ ਖ਼ੁਸ਼ੀਆਂ ਕਦੋਂ ਗ਼ਮ ਵਿਚ ਤਬਦੀਲ ਹੋ ਜਾਣਗੀਆਂ ਤੈਨੂੰ ਪਤਾ ਨਹੀਂ ਚਲੇਗਾ। ਕਿਉਂਕਿ ਇਹ ਖ਼ੁਸ਼ੀਆਂ ਨੇ ਸੁਖ ਦੇ ਵਿਚ ਬਦਲਣਾ ਹੀ ਨਹੀਂ।

*ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*

ਤੇ ਜਿਹੜਾ ਕੰਮ ਕਰਨ ਵਾਸਤੇ ਗੁਰਦੇਵ ਨੇ ਸਾਨੂੰ ਇਥੇ ਭੇਜਿਆ ਸੀ, ਉਹ ਕੰਮ ਅਸੀਂ ਭੁੱਲੇ ਬੈਠੇ ਹਾਂ।

ਗੁਰਦੇਵ ਜੀ ਦਾ ਬਚਨ ਹੈ ਕਿ ਇਕ ਮਨੁੱਖ ਨੂੰ ਸਮਝਾਉਣ ਵਾਸਤੇ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਨੇ ਸਾਨੂੰ ਉਦਾਹਰਣਾਂ ਦਿੱਤੀਆਂ ਜਾਨਵਰਾਂ ਦੀਆਂ। ਕਿਉਂਕਿ ਜੋ ਜਾਨਵਰ ਹੈ ਉਹ ਆਪਣੀਆਂ ਆਦਤਾਂ ਤੋਂ ਮਜਬੂਰ ਹੁੰਦਾ ਹੈ। ਉਹ ਆਪਣੀਆਂ ਕੋਈ ਵੀ ਆਦਤਾਂ ਬਦਲਦਾ ਨਹੀਂ ਤੇ ਮਨੁੱਖ ਵਿਚ ਇਹ ਗੱਲਾਂ ਸੁਭਾਵਿਕ ਨੇ। ਭਾਈ ਸਾਹਿਬ ਭਾਈ ਗੁਰਦਾਸ ਜੀ ਗੁਰਬਾਣੀ ਦੀ ਕੁੰਜੀ ਬਾਣੀ ਵਿਚ ਲਿਖਦੇ ਹਨ :

*"ਤੇ ਵਿਰਲੇ ਸੈਂਸਾਰ ਵਿਚਿ, ਦਰਸਨ ਜੋਤਿ ਪਤੰਗ ਮਿਲੰਦੇ।"*
*ਤੇ ਵਿਰਲੇ ਸੈਂਸਾਰ ਵਿਚਿ, ਸਬਦ ਸੁਰਤਿ ਹੋਇ ਮਿਰਗ ਮਰੰਦੇ। (੨੮/੧੭)*

ਪਹਿਲਾਂ ਬਚਨ ਇਹ ਕਿ ਉਹ ਵਿਰਲੇ ਨੇ ਸੰਸਾਰ ਦੇ ਵਿਚ ਜਿਹੜੇ ਪਤੰਗੇ ਦੀ ਤਰ੍ਹਾਂ ਦੀਵੇ ਦੀ ਰੌਸ਼ਨੀ ਤੇ ਆਪਣੇ ਆਪ ਨੂੰ ਕੁਰਬਾਨ ਕਰ ਦਿੰਦੇ ਨੇ। ਜਿਹੜਾ ਪਤੰਗਾ ਹੈ ਨਾ ਉਸ ਨੂੰ ਭਾਵੇਂ ਲੱਖ ਯਤਨ ਕਰਕੇ ਕਹੋ ਕਿ ਤੂੰ ਦੀਵੇ ਦੀ ਰੌਸ਼ਨੀ ਵੱਲ ਨਾ ਜਾ, ਪਰ ਉਹ ਪਤੰਗਾ ਕਿਸੇ ਦੀ ਗੱਲ ਨਹੀਂ ਮੰਨਦਾ। ਔਰ ਅਗਰ ਗੁਰੂ ਕੇ ਸਿੱਖ ਨੂੰ ਕਹੋ ਨਾ ਕਿ ਤੂੰ ਕਾਹਦੇ ਵਾਸਤੇ

ਭਗਤ ਬਣਿਆ ਫਿਰਦਾ ਹੈਂ, ਕਾਹਦੇ ਵਾਸਤੇ ਤੂੰ ਬਾਣੀ ਪੜ੍ਹਦਾ ਹੈਂ, ਕਾਹਦੇ ਵਾਸਤੇ ਤੂੰ ਗੁਰਦੁਆਰੇ ਜਾਂਦਾ ਹੈਂ ਤੇ ਉਹ ਉਸੇ ਵਕਤ ਆਪਣੇ ਆਪ ਨੂੰ ਰੋਕ ਲਵੇਗਾ। ਪਰ ਜਿਹੜਾ ਪੂਰਨ ਗੁਰਸਿਖ ਹੈ ਉਹ ਕਿਸੇ ਵੀ ਕੀਮਤ ਤੇ ਗੁਰੂ ਨੂੰ ਨਹੀਂ ਛੱਡ ਸਕਦਾ।

*੨. "ਤੇ ਵਿਰਲੇ ਸੈਂਸਾਰ ਵਿਚਿ, ਸਬਦ ਸੁਰਤਿ ਹੋਇ ਮਿਰਗ ਮਰੰਦੇ।"*

ਮਿਰਗ ਨੂੰ ਇਕ ਬੀਮਾਰੀ ਹੈ। ਜਦੋਂ ਉਹਦੇ ਕੰਨਾਂ ਵਿਚ ਕਘੰਡੇ ਹੇੜੇ ਦੀ ਆਵਾਜ਼ ਪਵੇ ਤਾਂ ਉਹ ਕਿਸੇ ਵੀ ਚੀਜ਼ ਦਾ ਧਿਆਨ ਨਹੀਂ ਰੱਖਦਾ। ਨਾ ਉਸ ਨੂੰ ਖਾਣ ਦਾ ਧਿਆਨ ਰਹਿੰਦਾ ਹੈ ਤੇ ਨਾ ਹੀ ਉਸਨੂੰ ਸੌਣ ਦਾ ਧਿਆਨ ਰਹਿੰਦਾ ਹੈ। ਉਹ ਤੇਜ਼ ਰਫ਼ਤਾਰ ਨਾਲ ਉਧਰ ਜਾਂਦਾ ਹੈ ਜਿਸ ਪਾਸੇ ਇਹ ਆਵਾਜ਼ ਆ ਰਹੀ ਹੁੰਦੀ ਹੈ ਤੇ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਵਾ ਬੈਠਦਾ ਹੈ।

*੩. ਤੇ ਵਿਰਲੇ ਸੈਂਸਾਰ ਵਿਚਿ, ਚਰਣ ਕਵਲ ਹੁਇ ਭਵਰ ਵਸੰਦੇ।*

ਕਹਿੰਦੇ ਵਿਰਲੇ ਹਨ ਉਹ ਜਿਹੜੇ ਕਮਲ ਫੁਲ ਵਾਂਗੂੰ ਪਾਣੀ ਵਿਚ ਰਹਿੰਦੇ ਹੋਏ ਵੀ ਨਿਰਲੇਪ ਹਨ। ਤੇ ਭੌਰੇ ਨੂੰ ਪੁਛੋ ਉਹ ਸੁਗੰਧੀ ਤੇ ਏਨਾ ਆਸ਼ਿਕ ਹੋ ਜਾਂਦਾ ਹੈ ਕਿ ਉਹ ਜਾ ਕੇ ਫੁੱਲ ਵਿਚ ਬੈਠ ਜਾਂਦਾ ਹੈ, ਸੁਗੰਧੀ ਵਿਚ ਮਸਤ ਹੋ ਜਾਂਦਾ ਹੈ। ਔਰ ਜਦੋਂ ਸੂਰਜ ਅਸਤ ਹੈ ਤਾਂ ਫੁੱਲ ਬੰਦ ਹੋ ਜਾਂਦਾ ਹੈ ਤੇ ਭੌਰੇ ਦਾ ਵਿਚੇ ਹੀ ਭੋਗ ਪੈ ਜਾਂਦਾ ਹੈ। ਇਹ ਆਦਤ ਤੋਂ ਮਜਬੂਰ ਹੈ। ਆਪਣੀ ਜਾਨ ਦੀ ਉਸਨੇ ਪਰਵਾਹ ਨਹੀਂ ਕੀਤੀ ਤੇ ਆਪਣੀ ਆਦਤ ਪੂਰੀ ਕਰਕੇ ਉਹ ਸੰਸਾਰ ਤੋਂ ਚਲ ਵਸਿਆ।

*੪. "ਤੇ ਵਿਰਲੇ ਸੈਂਸਾਰ ਵਿਚਿ, ਪਿਰਮ ਸਨੇਹੀ ਮੀਨ ਤਰੰਦੇ।"*

ਕਹਿੰਦੇ ਵਿਰਲੇ ਹੀ ਨੇ ਸੰਸਾਰ ਵਿਚ ਉਹ ਜਿਹੜੇ ਸਮੁੰਦਰ ਵਿਚ ਮੱਛੀ ਵਾਂਗੂੰ ਤਾਰੀ ਲਾਉਂਦੇ ਹਨ। ਜਿਸ ਤਰ੍ਹਾਂ ਕਮਲ ਫੁਲ ਪਾਣੀ ਵਿਚ ਰਹਿੰਦਾ ਹੋਇਆ ਵੀ ਨਿਰਲੇਪ ਹੈ, ਉਸੇ ਤਰ੍ਹਾਂ ਬ੍ਰਹਮ ਗਿਆਨੀ ਵੀ ਇਨ੍ਹਾਂ ਪਦਾਰਥਾਂ, ਵਿਕਾਰਾਂ ਤੋਂ ਨਿਰਲੇਪ ਰਹਿੰਦਾ ਹੈ।

*੫. "ਤੇ ਵਿਰਲੇ ਸੈਂਸਾਰ ਵਿਚਿ, ਗੁਰ ਸਿਖ ਗੁਰ ਸਿਖ ਸੇਵ ਕਰੰਦੇ।"*

ਉਹ ਵਿਰਲੇ ਹਨ ਸੰਸਾਰ ਵਿਚ ਜਿਹੜੇ ਗੁਰੂ ਸਾਹਿਬਾਂ ਨੂੰ ਹਾਜ਼ਰ-ਨਾਜ਼ਰ ਸਮਝ ਕੇ ਤਨ-ਮਨ ਤੇ ਧਨ ਨਾਲ ਸੇਵਾ ਕਰਦੇ ਹਨ। ਸਾਡੇ ਵਾਂਗੂੰ ਨਹੀਂ ਕਿ ਗੁਰੂ ਨੂੰ ਖ਼ਰੀਦ ਲਿਆ। ਇੰਨੇ ਪੈਸੇ ਦਿੱਤੇ ਤੇ ਮੈਂ ਗੁਰਦੁਆਰੇ ਦਾ ਪ੍ਰਧਾਨ ਬਣ ਗਿਆ। ਸਾਹਿਬ ਸੱਚੇ ਪਾਤਸ਼ਾਹ ਨੂੰ ਕਿਹੜੀ ਸੇਵਾ ਪਰਵਾਨ ਹੈ?

*ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥*
*ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥*
*"ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ॥*

*ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ॥ ੧॥"*

*(ਪੰਨਾ ੬੪੭-੪੮)*

ਗੁਰੂ ਜੀ ਕਹਿੰਦੇ ਹਨ, ਜੇ ਤੂੰ ਰਾਜ ਚਾਹੁੰਦਾ ਹੈਂ ਤਾਂ ਫਿਰ ਤੂੰ ਸੇਵਾਦਾਰ ਬਣ ਜਾ। ਮਨ ਕਰਕੇ ਗੁਰੂ ਦੇ ਚਰਨਾਂ ਵਿਚ ਨਮਸਕਾਰ ਕਰ ਦੇ। ਕਿਉਂਕਿ ਗੁਰੂ ਨੇ ਤੈਨੂੰ ਹੀ ਤਾਂ ਸ੍ਰਿਸ਼ਟੀ ਦਾ ਰਾਜਾ ਬਣਾਇਆ ਹੈ।

*"ਇਉ ਗੁਰਮੁਖਿ ਆਪੁ ਨਿਵਾਰੀਐ"*

ਭਾਵ ਜਿਨ੍ਹਾਂ ਗੁਰਮੁਖਾਂ ਨੇ ਆਪਣਾ ਆਪ ਨਿਵਾਰ ਦਿੱਤਾ।

*"ਸਭੁ ਰਾਜੁ ਸ੍ਰਿਸਟਿ ਕਾ ਲੇਇ॥"*

ਉਹਨਾਂ ਨੂੰ ਸਾਰੀ ਸ੍ਰਿਸ਼ਟੀ ਦਾ ਰਾਜ ਹਾਸਿਲ ਹੋਵੇਗਾ।

*"ਤੇ ਵਿਰਲੇ ਸੈਂਸਾਰ ਵਿਚਿ ਗੁਰ ਸਿਖ ਗੁਰ ਸਿਖ ਸੇਵ ਕਰੰਦੇ।"*

*(ਪੰਨਾ ੫੧੭)*

ਕਰੋੜਾਂ ਦੇ ਵਿਚੋਂ ਜਿਹੜੇ ਮਨ ਕਰਕੇ ਉਸਨੂੰ ਚੇਤਾ ਕਰਦੇ ਹਨ ਤੇ ਗੁਰੂ ਵੀ ਉਹਨਾਂ ਨੂੰ ਚੇਤੇ ਰੱਖਦਾ ਹੈ। ਕਿਉਂਕਿ ਹਰ ਇਕ ਜੀਵ ਗੁਰੂ ਦੇ ਹੁਕਮ ਨਾਲ ਇਸ "ਸੰਸਾਰ ਵਿਚ ਆਇਆ ਹੈ:"

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥*

*(ਜਪੁਜੀ ਸਾਹਿਬ)*

ਇਹ ਵੱਖਰੀ ਗੱਲ ਹੈ ਕਿ ਅਸੀਂ ਗੁਰੂ ਦੇ ਹੁਕਮ ਨਾਲ ਇਥੇ ਆ ਗਏ, ਲੇਕਿਨ ਅਸੀਂ ਗੁਰੂ ਦੇ ਹੁਕਮ ਨੂੰ ਇਥੇ ਆ ਕੇ ਨਜ਼ਰ-ਅੰਦਾਜ਼ ਕਰ ਦਿੱਤਾ। ਕਿਉਂਕਿ ਅਸੀਂ ਆਪਣੇ ਹੁਕਮ ਨਾਲ ਜ਼ਿੰਦਗੀ ਜੀਉਣ ਲੱਗ ਪਏ। ਔਰ ਇਥੇ ਆ ਕੇ ਉਸਦੇ ਹੁਕਮ ਦੀ ਪਹਿਚਾਣ ਨਹੀਂ ਕੀਤੀ। ਕਿਉਂ? ਭਾਵ ਉਹ ਕੀ ਹੈ? ਉਸ ਦਾ ਹੁਕਮ ਕੀ ਹੈ? ਉਹ ਸਾਨੂੰ ਕੀ ਕਹਿ ਰਿਹਾ ਹੈ? ਇਹ ਵੱਖਰੀ ਗੱਲ ਹੈ ਕਿ ਅਸੀਂ ਅਕ੍ਰਿਤਘਣ ਬਣ ਗਏ। ਅਸੀਂ ਕਿਸੇ ਦੇ ਕੀਤੇ ਹੋਏ ਪਰਉਪਕਾਰਾਂ ਨੂੰ ਭੁਲਾਅ ਦਿੱਤਾ। ਪਰ ਯਾਦ ਰਖਣਾ ਸਭ ਤੋਂ ਮਾੜਾ ਮਨੁੱਖ ਇਸ ਸੰਸਾਰ ਅੰਦਰ "ਅਕ੍ਰਿਤਘਣ" ਨੂੰ ਗਿਣਿਆ ਗਿਆ ਹੈ।

*ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ॥*

*(ਭਾਈ ਗੁਰਦਾਸ ਜੀ ੩੫/੮)*

"ਅਕਾਲ-ਪੁਰਖ" ਨੇ ਸਾਨੂੰ ਮਨੁੱਖਾ ਜਨਮ ਦੇ ਦਿੱਤਾ ਤਾਂ ਕਿ ਸਿਮਰਨ ਬੰਦਗੀ ਕਰ ਕੇ ਪਰਮੇਸ਼ਰ ਦੀ ਪ੍ਰਾਪਤੀ ਕਰ ਲੈਣ। ਬੇਕੀਮਤੀ ਸਵਾਸ ਦੇ ਕਰਕੇ ਬੇਕੀਮਤੀ ਨਾਮ ਦੀ ਵਣਜ ਕਰਕੇ ਤੈਨੂੰ ਹਿਦਾਇਤ ਕਰ ਦਿੱਤੀ। ਕਿਸੇ ਨੂੰ ਹੈ ਪਰਉਪਕਾਰ ਯਾਦ ਪਰਮੇਸ਼ਰ ਦਾ?

ਕਿਸੇ ਨੂੰ ਅਹਿਸਾਨ ਪਰਮੇਸ਼ਰ ਦਾ ਕੀਤਾ ਹੋਇਆ ਯਾਦ ਹੈ? ਉਹ ਜਿਹੜੀ ਵਸਤੂ ਸੰਸਾਰ (ਵਲਡ ਇੰਟਰਨੈਸ਼ਨਲ) ਦੇ ਬਾਜ਼ਾਰ ਵਿਚ ਕਿਸੇ ਕੀਮਤ ਤੇ ਪ੍ਰਾਪਤ ਨਹੀਂ ਹੋ ਸਕਦੀ। ਕਿਸੇ ਡਾਕਟਰ ਨੂੰ ਪੁੱਛ ਲੈਣਾ ਕਿ ਮੇਰੇ ਬਜ਼ੁਰਗਾਂ ਨੂੰ ਮੌਤ ਦੇ ਮੂੰਹ ਵਿਚ ਨਾ ਪਾਇਓ, ਬਲਕਿ ਮੈਨੂੰ ਦੁਕਾਨ ਦੱਸ ਦਿਉ ਤੇ ਮੈਂ ਉਥੋਂ ਸਵਾਸ ਮੁੱਲ ਲੈ ਕਰਕੇ ਇਸ ਬਜ਼ੁਰਗ ਨੂੰ ਜ਼ਿੰਦਾ ਰੱਖਣਾ ਚਾਹੁੰਦਾ ਹਾਂ। ਮੈਂ ਇਸ ਨੂੰ ਮਰਨ ਨਹੀਂ ਦੇਣਾ ਚਾਹੁੰਦਾ ਡਾਕਟਰ ਤੁਹਾਨੂੰ ਕੀ ਕਹਿਣਗੇ? ਇਹੋ ਕਹਿਣਗੇ ਨਾ ਕਿ ਇਥੇ ਤਾਂ ਸਾਡੇ ਹੱਥ ਖੜੇ ਹਨ, ਇਸਦਾ ਤੇ ਸਮਾਂ ਆ ਗਿਆ ਹੈ ਔਰ ਇਹ ਵਸਤੂ ਬਾਜ਼ਾਰਾਂ ਦੇ ਵਿਚ ਪ੍ਰਾਪਤ ਨਹੀਂ ਹੋ ਸਕਦੀ। ਤੇ ਭਾਈ ਸਾਹਿਬ ਗੁਰਦਾਸ ਜੀ ਦਾ ਬਚਨ ਹੈ:

*"ਭੈ ਵਿਚਿ ਜੰਮਨਿ ਭੈ ਰਹਨਿ"*

ਤੇ ਜਿਹੜੇ ਭੈਅ ਵਿਚ ਆਏ ਨੇ ਔਰ ਜਿਨ੍ਹਾਂ ਨੇ ਸਮਝਿਆ ਹੈ ਕਿ ਪਰਮੇਸ਼ਰ ਨੇ ਸਾਨੂੰ ਸੰਸਾਰ ਵਿਚ ਭੇਜਿਆ ਹੈ ਤੇ ਉਹ ਭੈਅ ਦੇ ਵਿਚ ਹੀ ਰਹਿੰਦੇ ਹਨ ਤੇ ਜਦੋਂ ਪਰਮੇਸ਼ਰ ਦੇ ਭੈਅ ਵਿਚ ਰਹਾਂਗੇ ਤਾਂ ਪਰਮੇਸ਼ਰ ਕਹੇਗਾ? ਕਿ ਅੰਮ੍ਰਿਤ ਵੇਲੇ ਨਾ ਉਠ, ਪਰਮੇਸ਼ਰ ਕਹੇਗਾ ਕਿ ਤੂੰ ਸਿੱਖੀ ਦਾ ਬਾਣਾ ਨਾ ਅਖ਼ਤਿਆਰ ਕਰ। ਪਰਮੇਸ਼ਰ ਕਹੇਗਾ? ਕਿ ਤੂੰ ਸਿਮਰਨ ਨਾ ਕਰ, ਪਰਮੇਸ਼ਰ ਕਹੇਗਾ? ਕਿ ਤੂੰ ਕਿਸੇ ਨਾਲ ਝੂਠ ਬੋਲ। ਨਹੀਂ, ਬਲਕਿ ਉਹ ਤਾਂ ਕਹੇਗਾ:

*"ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥"*

*(ਪੰਨਾ ੫੨੨)*

ਭਾਵ ਕਿ ਧਿਆਂਦਿਆਂ ਪ੍ਰਭੂ ਨੂੰ ਤਾਂ ਤੈਨੂੰ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਵੇਗੀ।

*"ਭੈ ਵਿਚਿ ਜੰਮਨਿ, ਭੈ ਰਹਨਿ ਭੈ ਵਿਚਿ ਮਰਿ ਗੁਰੁ ਸਿਖ ਜੀਵੰਦੇ।"*

*(੨੮/੧੭)*

ਇਨ੍ਹਾਂ ਪੰਕਤੀਆਂ ਤੋਂ ਭਾਵ ਹੈ ਕਿ ਉਹ ਗੁਰੂ ਦੇ ਸਿੱਖ ਮਰ ਕੇ ਵੀ ਜੀਉਂਦੇ ਹਨ। ਉਸਦਾ ਜੀਵਨ ਮੌਤ ਤੋਂ ਬਾਅਦ ਆਰੰਭ ਹੁੰਦਾ ਹੈ। ਗੁਰਬਾਣੀ ਦਾ ਫ਼ੁਰਮਾਣ ਹੈ :-

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥* *(ਪੰਨਾ ੧੧੦੨)*

ਕਹਿੰਦੇ ਫਿਰ ਆ ਜਾ। ਜੀਉਂਦੇ ਭਾਵ ਤੋਂ ਖ਼ਤਮ ਹੋ ਜਾ ਤੇ ਮੁੜ ਕੇ ਪਰਮੇਸ਼ਰ ਵਾਹਿਗੁਰੂ ਦੀ ਚਰਣ ਧੂੜ ਬਣ ਜਾ।

*"ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥ ੨੨॥"*

*(ਪੰਨਾ ੧੩੬੫)*

ਉਹ ਪੂਰਨ ਪਰਮਾਨੰਦ ਦੀ ਪ੍ਰਾਪਤੀ ਮੌਤ ਤੋਂ ਬਾਅਦ ਹੀ ਪ੍ਰਾਪਤ ਹੋਣੀ ਹੈ, ਕਿਉਂਕਿ ਜੋ ਜ਼ਿੰਦਗੀ ਦੇ ਵਿਚ ਕਰਮ ਕੀਤਾ ਹੈ, ਉਹ ਅਖ਼ੀਰਲਾ ਸਮਾਂ ਉਸ ਦਾ ਨਤੀਜਾ ਹੈ। ਉਸਨੂੰ ਪਤਾ ਹੈ ਮੈਂ ਸਾਰੀ ਜ਼ਿੰਦਗੀ ਭੈਅ ਵਿਚ ਰਿਹਾ ਹਾਂ, ਸਾਰੀ ਜ਼ਿੰਦਗੀ ਮੈਂ ਪਰਮੇਸ਼ਰ ਦਾ ਹੁਕਮ ਮੰਨਿਆ ਹੈ। ਪਰਮੇਸ਼ਰ ਦੀ ਆਗਿਆ ਤੋਂ ਬਗ਼ੈਰ ਮੈਂ ਕਦਮ ਨਹੀਂ ਪੁਟਿਆ। ਜਿੰਨਾ ਚਿਰ ਇਹ ਸਰੀਰ ਹੈ ਮੈਨੂੰ ਇਸਦਾ ਡਰ ਹੈ ਕਿ ਪਤਾ ਨਹੀਂ ਕਿਸ ਵੇਲੇ ਇਹ ਖਿੜਕ ਜਾਵੇ। ਜਦੋਂ ਇਸ ਸਰੀਰ ਤੋਂ ਅਲੱਗ ਹੋ ਗਏ, ਫਿਰ ਇਹ ਡਰ ਖ਼ਤਮ ਹੋ ਜਾਵੇਗਾ। ਸਦੀਵੀ ਤੌਰ ਤੇ ਪਰਮੇਸ਼ਰ ਦੇ ਚਰਨਾਂ ਵਿਚ ਪ੍ਰਾਪਤੀ ਹੋ ਜਾਵੇਗੀ।

ਤੁਸੀਂ ਦੱਸੋ ਹੁਣ ਕਿ ਸੰਸਾਰ ਦੇ ਵਿਚ ਕੋਈ ਵੀ ਚੀਜ਼ ਅਧੂਰੀ ਚੰਗੀ ਲਗਦੀ ਹੈ। ਇਸ ਦਾ ਜਵਾਬ ਇਹੋ ਮਿਲੇਗਾ ਕਿ ਕੁਝ ਵੀ ਅਧੂਰਾ ਚੰਗਾ ਨਹੀਂ ਲੱਗਦਾ ਹੈ ਤੇ ਇਹ ਮਨੁੱਖ ਦੀ ਸਾਰੀ ਜ਼ਿੰਦਗੀ ਇਹ ਅਧੂਰੀਆਂ ਚੀਜ਼ਾਂ ਨੂੰ ਪੂਰਾ ਕਰਨ ਤੇ ਲੱਗ ਜਾਂਦੀ ਹੈ। ਔਰ ਆਪ ਜ਼ਿੰਦਗੀ ਵਿਚ ਅਧੂਰਾ ਹੀ ਰਹਿ ਜਾਂਦਾ ਹੈ। ਫਿਰ ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਕੀਤੀ ਕ੍ਰਿਪਾ। ਹੁਣ ਪੱਥਰ ਨੂੰ ਕੋਈ ਡਿਜਾਇਨ ਦੇਣ ਵਾਸਤੇ ਉਸਦੇ ਮਾਲਿਕ ਉਸ ਨੂੰ ਕਈ ਤਰ੍ਹਾਂ ਨਾਲ ਤੋੜਦੇ ਨੇ, ਲੇਕਿਨ ਪੱਥਰ ਨੇ ਆਪਣੇ ਮਾਲਿਕ ਦਾ ਕਦੇ ਵੀ ਹੱਥ ਨਹੀਂ ਫੜਿਆ ਕਿ ਤੂੰ ਮੈਨੂੰ ਘੜ ਨਾ। ਕੇਵਲ ਇਕ ਮਨੁੱਖ ਹੀ ਹੈ ਜਿਹੜਾ ਕਹਿੰਦਾ ਹੈ ਮੈਨੂੰ ਘੜ ਨਾ, ਮੈਂ ਅਧੂਰਾ ਹੀ ਠੀਕ ਹਾਂ।

ਆਪ ਗੁਰਸਿੱਖਾਂ ਨੂੰ ਪਤਾ ਹੋਵੇਗਾ ਕਿ ਜਿਹੜੀ ਸੁੱਖਾਂ ਦੀ ਘੜੀ ਹੈ, ਉਸਦਾ ਇਕ-ਮਿੰਟ ਵੀ ਪਤਾ ਨਹੀਂ ਲੱਗਦਾ ਤੇ ਦੁੱਖਾਂ ਵਾਲੀ ਘੜੀ ਦਾ ਇਕ ਮਿੰਟ ਵੀ ਨਹੀਂ ਲੰਘਦਾ। ਰੱਬ ਕਰੇ ਕਿ ਇਹੋ ਜਿਹਾ ਸਮਾਂ ਕਿਸੇ ਤੇ ਨਾ ਆਵੇ। ਸੁਣਿਆ ਗਿਆ ਹੈ ਕਿ ਦੁੱਖਾਂ ਦੀ ਰਾਤ ਇੰਨੀ ਲੰਮੀ ਹੋ ਗਈ ਕਿ ਸਵੇਰਾ ਨਜ਼ਰ ਹੀ ਨਹੀਂ ਆਉਂਦਾ ਹੈ। ਹੁਣ ਜਿਹੜੀ ਸੁੱਖਾਂ ਦੀ ਜ਼ਿੰਦਗੀ ਹੈ ਇਸਦਾ ਤੇ ਨਹੀਂ ਪਤਾ ਲੱਗਣਾ ਕਿ ਕਦੋਂ ਲੰਘ ਜਾਣੀ ਹੈ ਤੇ ਦੁੱਖਾਂ ਦਾ ਸਮਾਂ ਜਿਹੜਾ ਚੌਰਾਸੀ ਲੱਖ ਜੂਨਾਂ ਵਿਚ ਮਿਲਣਾ ਹੈ, ਉਹ ਕਿਸ ਤਰ੍ਹਾਂ ਬਤੀਤ ਕਰੋਗੇ? ਹੁਣ ਇਹ ਚਾਰ ਦਿਨ ਦੀ ਜ਼ਿੰਦਗੀ ਪਰਮੇਸ਼ਰ ਨੇ ਤੁਹਾਨੂੰ ਦੇ ਦਿੱਤੀ ਔਰ ਅਗਰ ਇਨ੍ਹਾਂ ਸੁੱਖਾਂ ਵਿਚ ਲੁਭਾਏਮਾਨ ਹੋਣ ਕਰਕੇ ਦੁੱਖਾਂ ਦਾ ਛੁਟਕਾਰਾ ਨਾ ਮਿਲਿਆ, ਫਿਰ ਤੁਹਾਨੂੰ ਪਤਾ ਲੱਗਣਾ ਹੈ ਕਿ ਦੁੱਖਾਂ ਦੀ ਜ਼ਿੰਦਗੀ ਕੀ ਹੁੰਦੀ ਹੈ? ਪਰ ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਇਨ੍ਹਾਂ ਦਸਾਂ ਜਾਮਿਆਂ ਦੇ ਵਿਚ ਮਨੁੱਖ ਨੂੰ 'ਪੂਰਨ' ਬਣਾਉਣ ਦੀ ਕੋਸ਼ਿਸ਼ ਕੀਤੀ। ਕਿਉਂਕਿ ਜਿੰਨਾਂ ਚਿਰ ਅਸੀਂ ਆਪ ਪੂਰਨ ਨਹੀਂ ਬਣਾਂਗੇ, ਓਨਾ ਚਿਰ ਪੂਰਨ ਪ੍ਰਭੂ ਦੀ ਪ੍ਰਾਪਤੀ ਕਿਵੇਂ ਹੋ ਜਾਵੇਗੀ? ਪੂਰਨ ਪ੍ਰਭੂ ਦੀ ਪ੍ਰਾਪਤੀ ਉਦੋਂ ਹੀ ਹੋਵੇਗੀ ਜਦੋਂ ਅਸੀਂ ਆਪਣੇ ਆਪ ਨੂੰ ਪੂਰਨ ਬਣਾਵਾਂਗੇ। ਪੂਰਨ ਬਣਾਵਾਂਗੇ ਕਿਵੇਂ? ਉਦੋਂ ਜਦੋਂ ਅਸੀਂ ਗੁਰੂ ਦੇ ਹੁਕਮ ਅਨੁਸਾਰ ਚੱਲਾਂਗੇ ਤੇ ਭੈਅ ਵਿਚ ਰਹਿ ਕੇ ਹਰ ਕੰਮ ਕਰਾਂਗੇ। ਇਸ ਤਰ੍ਹਾਂ ਨਾਲ ਹੀ ਸਾਨੂੰ ਪੂਰੇ ਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ। ਹਰ ਇਕ ਚੀਜ਼ ਨੂੰ ਪ੍ਰਾਪਤ ਕਰਨ ਲਈ ਸਾਨੂੰ ਕੋਈ ਨਾ ਕੋਈ ਕੁਰਬਾਨੀ ਦੇਣੀ

ਪੈਂਦੀ ਹੈ। ਇਸ ਲਈ ਪੂਰੇ ਗੁਰੂ ਦੀ ਪ੍ਰਾਪਤੀ ਲਈ ਸਾਨੂੰ ਆਪਣੇ ਹੁਕਮਾਂ ਨੂੰ ਨਾ ਮੰਨ ਕੇ ਗੁਰੂ ਦੇ ਹੁਕਮਾਂ ਨੂੰ ਮੰਨਣਾ ਪਵੇਗਾ। ਕਿਉਂਕਿ :

*"ਭੈ ਵਿਚਿ ਜੰਮਹਿ, ਭੈ ਰਹਹਿ*
*ਭੈ ਵਿਚਿ ਮਰਿ, ਗੁਰੁ ਸਿਖ ਜੀਵੰਦੇ॥"*

ਜਿਹੜਾ ਗੁਰੂ ਦੇ ਹੁਕਮ ਦੇ ਵਿਚ ਰਹਿ ਕੇ ਸੇਵਾ ਕਰੇਗਾ। ਉਸ ਸਿੱਖ ਦੀ ਹੀ ਸੇਵਾ ਗੁਰੂ ਦਰ ਤੇ ਪ੍ਰਵਾਨ ਹੋਵੇਗੀ;

*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥*
*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥*
*ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ॥*
*ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ॥*
*ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ॥*

*(ਪੰਨਾ ੩੧੪)*

ਉਹੀ ਸਿਖ ਸੇਵਕ ਪਰਮਾਤਮਾ ਦੇ ਹੁਕਮ ਵਿਚ ਹੀ ਆਉਣਾ ਮੰਨਦੇ ਹਨ ਆਉਣਾ ਭਾਵ ਜੀਵਾਂ ਦੀ ਉਤਪਤੀ ਮੰਨਦੇ ਹਨ। ਤੇ ਪੂਰੀ ਜ਼ਿੰਦਗੀ ਭੈ ਦੇ ਵਿਚ ਹੀ ਰਹਿੰਦੇ ਹਨ। ਤੇ ਭੈ ਦੇ ਵਿਚ ਹੀ ਮਰ ਕੇ ਸਦੀਵੀ ਜੀਵਨ ਪ੍ਰਾਪਤ ਕਰਦੇ ਹਨ।

*"ਭੈ ਵਿਚਿ ਜਮਹਿ, ਭੈ ਰਹਹਿ,*
*ਭੈ ਵਿਚਿ ਮਰਿ, ਗੁਰੁ ਸਿਖ ਜੀਵੰਦੇ॥"*

ਸੇਵਾ ਸਿਮਰਨ ਕਰਕੇ ਗੁਰੂ ਦਰ ਤੇ ਪ੍ਰਵਾਨ ਹੋ ਜਾਂਦੇ ਹਨ।

ਸਤਿਗੁਰਾਂ ਦਾ ਫ਼ੁਰਮਾਣ ਹੈ :-

*ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ॥*
*ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ॥*

*(ਪੰਨਾ ੬੫੧)*

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥*

*(ਪੰਨਾ ੯੧੮)*

ਇਹਨਾਂ ਵਚਨਾਂ 'ਤੇ ਪਹਿਰਾ ਦੇਣ ਵਾਲਾ ਗੁਰਸਿਖ ਗੁਰੂ ਦੇ ਦਰ 'ਤੇ ਪਰਵਾਨ ਹੋ ਸਕਦਾ ਹੈ।

❖❖❖

# ਦੁੱਖ ਵਿਚ ਕੋਈ ਸਾਥ ਨਹੀਂ ਦਿੰਦਾ

ਗੁਰੂ ਕੀ ਪਰਮ-ਸਤਿਕਾਰ ਯੋਗ ਸਾਜੀ ਅਤੇ ਨਿਵਾਜੀ ਸਾਧ ਸੰਗਤ ਜੀ! ਤੁਸੀਂ ਵੱਡੇ ਭਾਗਾਂ ਵਾਲੇ ਹੋ ਜਿਨ੍ਹਾਂ ਨੇ ਨਾਮ, ਬਾਣੀ ਦਾ ਲੜ ਫੜਿਆ ਹੋਇਆ ਹੈ, ਕਿਉਂਕਿ ਇਹੋ ਉਹ ਬਾਣੀ ਹੈ ਜੋ ਸਾਨੂੰ ਦੁੱਖਾਂ ਤੋਂ ਦੂਰ ਰਖ ਸਕਦੀ ਹੈ, ਕਿਉਂਕਿ ਦੁੱਖਾਂ ਦੇ ਵਕਤ ਆਪਣੇ ਵੀ ਸਾਥ ਨਹੀਂ ਦਿੰਦੇ।

*ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥*

*(ਪੰਨਾ ੬੩੪)*

ਗੁਰੂ ਸਾਹਿਬਾਂ ਦਾ ਕਹਿਣਾ ਹੈ ਕਿ ਮੈਂ ਆਪਣੇ ਅੱਖੀਂ ਵੇਖਿਆ ਹੈ ਕਿ ਜਦੋਂ ਕੋਈ ਦੁੱਖ ਜਾਂ ਪੀੜਾ ਕਿਸੇ ਨੂੰ ਪੈਂਦੀ ਹੈ ਤਾਂ ਸੰਸਾਰ ਦੇ ਸਾਰੇ ਲੋਕ ਜਿਹੜੇ ਹਨ, ਉਹ ਸਾਥ ਛੱਡ ਜਾਂਦੇ ਹਨ। ਔਰ ਇਕੋ-ਇਕ ਗੁਰਮੁਖ ਪਿਆਰਿਓ ਉਹ ਸਾਥੀ ਹੈ, ਉਹ ਅਕਾਲ-ਪੁਰਖ ਵਾਹਿਗੁਰੂ ਹੈ, ਜਿਹੜਾ ਲੋਕ ਅਤੇ ਪਰਲੋਕ ਵਿਚ ਸਾਡੀ ਸਹਾਇਤਾ ਕਰਦਾ ਹੈ। ਔਰ ਇਸੇ ਨੂੰ ਹੀ ਅਸੀਂ ਆਪਣਾ ਸਾਥੀ ਬਨਾਉਣ ਵਾਸਤੇ ਤਿਆਰ ਨਹੀਂ। ਇਸ ਨਾਲ ਹੀ ਅਸੀਂ ਪ੍ਰੇਮ ਕਰਨ ਵਾਸਤੇ ਤਿਆਰ ਨਹੀਂ: ਪਰ ਸਾਨੂੰ ਬੇਨਤੀ ਕਰਨੀ ਬਣਦੀ ਹੈ :-

*"ਰਖਿਆ ਕਰਹੁ ਗੁਸਾਈ ਮੇਰੇ ਮੈ ਨਾਮੁ ਤੇਰਾ ਆਧਾਰੁ॥" (ਪੰਨਾ ੩੮੨)*

ਭਾਵ ਕਿ ਮੈਂ ਹੁਣ ਤੇਰਾ ਆਸਰਾ ਤੱਕ ਲਿਆ ਹੈ, ਇਸ ਲਈ ਮੇਰੇ 'ਤੇ ਕ੍ਰਿਪਾ ਕਰੋ। ਤੁਲਸੀ ਦਾਸ ਜੀ ਲਿਖਦੇ ਹਨ ਕਿ

*"ਦਇਆ ਧਰਮ ਕਾ ਮੂਲ ਹੈ ਪਾਪ ਮੂਲ ਅਭਿਮਾਨ॥"*

ਇਸ ਤੋਂ ਭਾਵ ਹੈ ਕਿ ਜਿੰਨਾਂ ਚਿਰ ਤੇਰੇ ਸਰੀਰ ਵਿਚ ਪ੍ਰਾਣ ਚਲਦੇ ਪਏ ਹਨ, ਉਨਾਂ ਚਿਰ ਤੈਨੂੰ ਦਇਆ ਨਹੀਂ ਛੱਡਣੀ ਚਾਹੀਦੀ। ਕਿਉਂ?

*"ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ ਮਾਇਆ ਸਨਬੰਧੇਹੀ॥*
*ਅੰਤ ਕੀ ਬਾਰ ਕੋ ਖਰਾ ਨ ਹੋਸੀ ਸਭ ਮਿਥਿਆ ਅਸਨੇਹੀ॥ ੧॥*
*ਰੇ ਨਰ ਕਾਹੇ ਪਪੋਰਹੁ ਦੇਹੀ॥*
*ਊਡਿ ਜਾਇਗੋ ਧੂਮੁ ਬਾਦਰੋ ਇਕੁ ਭਾਜਹੁ ਰਾਮੁ ਸਨੇਹੀ॥ (ਪੰਨਾ ੬੦੯)*

ਕਹਿੰਦੇ ਨੇ ਜਿਸ ਤਰ੍ਹਾਂ ਹਵਾ ਦੇ ਆਉਣ ਨਾਲ ਧੂੜ ਪਤਾ ਨਹੀਂ ਕਿਧਰ ਚਲੀ ਜਾਂਦੀ

ਹੈ, ਔਰ ਉਸ ਨਾਲ ਬੱਦਲ ਵੀ ਪਤਾ ਨਹੀਂ ਕਿਧਰ ਉੱਡ ਜਾਂਦੇ ਹਨ। ਲੇਕਿਨ ਗੁਰਦੇਵ ਜੀ ਕਹਿੰਦੇ ਹਨ ਤੂੰ ਆਪਣਾ ਕਾਰਜ ਨਾ ਛੱਡ, ਤੂੰ ਆਪਣਾ ਕੰਮ ਨਾ ਛੱਡ, ਜਿਸ ਵਾਸਤੇ ਅਕਾਲ-ਪੁਰਖ ਵਾਹਿਗੁਰੂ ਨੇ ਤੈਨੂੰ ਇਸ ਸੰਸਾਰ 'ਤੇ ਭੇਜਿਆ ਹੈ। ਤੂੰ ਕਿਸ ਚੀਜ਼ ਉਤੇ ਇੰਨਾਂ ਮਾਣ ਕਰਦਾ ਹੈ। ਬਲਕਿ ਜਿਹੜਾ ਅਕਾਲ-ਪੁਰਖ ਤੇਰੇ ਅੰਦਰ ਬੈਠਾ ਹੈ, ਤੂੰ ਉਸਦੀ ਖੋਜ ਕਰ। ਫਿਰ ਗੁਰੂ ਕ੍ਰਿਪਾ ਕਰੇਗਾ ਜੈਸਾ ਕਿ:-

*ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ॥ (ਪੰਨਾ ੧੦੦੨)*

ਕਿਉਂਕਿ ਇਹ ਸਰੀਰ ਜਿਹੜਾ ਹੈ ਇਸ ਨੇ ਸਦਾ ਨਹੀਂ ਰਹਿਣਾ ਬਲਕਿ ਇਸ ਅੰਦਰ ਜਿਹੜਾ ਅਕਾਲ-ਪੁਰਖ ਹੈ ਉਸ ਨੇ ਸਦਾ ਰਹਿਣਾ ਹੈ। ਇਸ ਲਈ ਇਸ ਸਰੀਰ 'ਤੇ ਮਾਣ ਕਰਨ ਦੀ ਬਜਾਇ ਅਕਾਲ-ਪੁਰਖ ਵਾਹਿਗੁਰੂ ਦੀ ਪ੍ਰਾਪਤੀ ਕਰ।

ਜਦੋਂ 'ਗੁਰੂ ਹਰਿਕ੍ਰਿਸ਼ਨ ਸਾਹਿਬ ਜੀ' ਦੇ ਕੰਨਾਂ ਵਿਚ ਉਹਨਾਂ ਰੋਗੀਆਂ ਦੇ ਕੁਰਲਾਣ ਦੀ ਆਵਾਜ਼ ਪਈ ਤਾਂ ਗੁਰੂ ਜੀ ਨੇ ਕਿਹਾ, "ਇਨ੍ਹਾਂ ਨੂੰ ਸਾਡੇ ਨਜ਼ਦੀਕ ਕਰੋ।" ਔਰ ਸਾਕ-ਸੰਬੰਧੀ ਜਿਹੜੇ ਹੁੰਦੇ ਹਨ ਉਹ ਆਪਣੇ ਰਿਸ਼ਤੇਦਾਰਾਂ ਤੋਂ ਤਕਲੀਫ਼ ਪੈਣ 'ਤੇ ਪੱਲਾ ਛੁਡਾਉਂਦੇ ਹਨ। ਗੁਰੂ ਦੀ ਬਾਣੀ ਐਸੀ ਹੈ ਜਿਸ ਨੂੰ ਪੜ੍ਹਣ ਨਾਲ ਸਰੀਰ ਦੇ ਸਾਰੇ ਰੋਗ ਠੀਕ ਹੋ ਜਾਂਦੇ ਹਨ, ਜਿਸ ਨੂੰ ਡਾਕਟਰ ਵੀ ਠੀਕ ਨਹੀਂ ਕਰ ਪਾਉਂਦੇ। ਔਰ ਉਹ ਇਹ ਕ੍ਰਿਸ਼ਮਾ ਵੇਖ ਕੇ ਚਕਰਾ ਜਾਂਦੇ ਹਨ, ਕਿਉਂਕਿ ਸਾਰੇ ਰੋਗਾਂ ਦੀ ਦਵਾਈ ਇਕ ਤੇ ਇਕ ਕੇਵਲ ਅਕਾਲ-ਪੁਰਖ ਵਾਹਿਗੁਰੂ ਹੈ:

*"ਸਰਬ ਰੋਗ ਕਾ ਅਉਖਦੁ ਨਾਮੁ॥*
*ਕਲਿਆਣ ਰੂਪ ਮੰਗਲ ਗੁਣ ਗਾਮ॥" (ਪੰਨਾ ੨੭੪)*

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਹੱਥਾਂ ਵਿਚ ਜਿਹੜਾ ਰੁਮਾਲ ਸੀ, ਉਹਨਾਂ ਨੇ ਉਹ ਰੋਗੀ ਨੂੰ ਦੇਣਾ ਕੀਤਾ ਤੇ ਕਿਹਾ, "ਇਹ ਜਿਹੜਾ ਰੁਮਾਲ ਹੈ ਆਪਣੇਸਰੀਰ 'ਤੇ ਫੇਰਨਾ ਕਰ।" ਫਿਰ ਉਹ ਰੋਗੀ ਉਸ ਰੁਮਾਲ ਨੂੰ ਆਪਣੀਆਂ ਅੱਖਾਂ 'ਤੇ, ਬਾਹਾਂ 'ਤੇ ਔਰ ਸਰੀਰ ਦੇ ਬਾਕੀ ਅੰਗਾਂ 'ਤੇ ਵੀ ਲਾਉਂਦਾ ਹੈ ਤੇ ਉਸਦਾ ਸਰੀਰ ਕੰਚਨ ਵਰਗਾ ਹੋ ਜਾਂਦਾ ਹੈ। ਜਿਹੜਾ ਰੋਗੀ ਦੀ ਆਵਾਜ਼ ਵਿਚ ਬੋਲਦਾ ਸੀ, ਉਹ ਅੱਜ ਇੰਨੀ ਉੱਚੀ ਆਵਾਜ਼ ਵਿਚ ਬੋਲਣ ਲੱਗ ਪਿਆ, ਜਿਸ ਤਰ੍ਹਾਂ ਬਿਲਕੁਲ ਤੰਦਰੁਸਤ ਬੰਦਾ ਬੋਲਦਾ ਹੈ। ਉਸ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਕੋਟਿ-ਕੋਟਿ ਧੰਨਵਾਦ ਕੀਤਾ। ਸੋ ਗੁਰਸਿੱਖੋ ! ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਕੀਰਤਪੁਰ ਦੀ ਧਰਤੀ 'ਤੇ ਬਿਰਾਜਮਾਨ ਹਨ। ਸੰਮਤ 1713 ਵਿਚ ਆਪ ਨੇ ਅਵਤਾਰ ਧਾਰਣਾ ਕੀਤਾ। ਗੁਰੂ ਜੀ ਉਸ ਧਰਤੀ 'ਤੇ ਚਲਦੇ-ਚਲਦੇ ਪਹੁੰਚੇ, ਜਿੱਥੇ ਮਹਾਂਭਾਰਤ ਦਾ ਯੁੱਧ ਹੋਇਆ ਸੀ ਤੇ ਉਥੇ ਇਕ ਤੀਰਥ 'ਤੇ 'ਲਾਲੂ' ਨਾਮ ਦਾ ਬ੍ਰਾਹਮਣ ਰਹਿੰਦਾ ਸੀ। ਸਾਰਿਆਂ ਨੇ ਉਸ ਬ੍ਰਾਹਮਣ ਨੂੰ ਮੱਥਾ ਟੇਕਿਆ। ਫਿਰ ਜਦੋਂ ਲਾਲੂ ਨੂੰ ਪਤਾ ਲੱਗਾ ਤਾਂ ਉਹ ਵੀ ਦੇਖਣ ਲਈ ਆਇਆ ਕਿ ਕੌਣ ਹੈ ਐਸਾ ਗੁਰੂ ਜਿਸ ਦੀ ਉਮਰ ਅਜੇ ਛੇ-ਸੱਤ ਸਾਲ

ਹੈ। ਉਸ ਨੇ ਪਰਖਣਾ ਕੀਤਾ ਕਿ ਇਹ ਕੇਵਲ ਨਾਮ ਦੇ ਹੀ ਗੁਰੂ ਹਨ ਜਾਂ ਅਸਲ ਵਿਚ ਗੁਰੂ ਹਨ। ਉਹ ਵਿਦਵਾਨ ਪੰਡਿਤ ਸਾਰੀਆਂ ਕਿਤਾਬਾਂ ਲੈ ਕੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਕੋਲ ਪਹੁੰਚ ਗਿਆ। ਉਸ ਨੇ ਆ ਕੇ ਕੋਈ ਸਤਿਕਾਰ ਜਾਂ ਨਮਸ਼ਕਾਰ ਨਹੀਂ ਕੀਤੀ। ਕਿਉਂਕਿ ਉਸ ਨੂੰ ਆਪਣੀ ਪੜ੍ਹਾਈ ਦਾ ਹੰਕਾਰ ਹੈ, ਤਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇਖ ਕੇ ਕਹਿਣ ਲੱਗੇ ਵਾਹ ਭਈ ਵਾਹ "ਇੰਨੇ ਤੀਰਥਾਂ ਮੰਦਿਰਾਂ ਵਿਚ ਰਹਿਣ ਦੇ ਬਾਵਜੂਦ ਵੀ ਇਤਨਾ ਹੰਕਾਰ!" ਇਹ ਉਸ ਬ੍ਰਾਹਮਣ ਦੀ ਆਪਣੇ ਵਲੋਂ ਸੋਚ ਸੀ ਕਿ ਮੈਂ ਗੁਰੂ ਨੂੰ ਜਾ ਕੇ ਇੰਝ ਕਹਾਂਗਾ ਤੇ ਉਹ ਮੈਨੂੰ ਅੱਗੋਂ ਇੰਝ ਕਹਿਣਗੇ। ਲੇਕਿਨ ਜਦੋਂ ਉਹ ਉਥੇ ਪਹੁੰਚਿਆ ਤਾਂ ਗੁਰੂ ਜੀ ਨੇ ਕਿਹਾ, "ਆਓ ਬ੍ਰਾਹਮਣ ਜੀ!" ਤਾਂ ਉਸ ਬ੍ਰਾਹਮਣ ਨੇ ਅੱਗੋਂ ਪੁਛਿਆ, "ਤੁਹਾਡਾ ਨਾਮ ਗੁਰੂ ਹਰਿਕ੍ਰਿਸ਼ਨ ਸਾਹਿਬ ਕਿਸ ਤਰ੍ਹਾਂ?" ਤਾਂ ਗੁਰੂ ਜੀ ਨੇ ਕਿਹਾ, "ਇਹ ਨਾਮ ਮੇਰੇ ਪਿਤਾ ਜੀ ਨੇ ਰੱਖਿਆ ਹੈ, ਇਹ ਨਾਮ ਮੇਰੇ ਪਰਮੇਸ਼ਰ ਵਾਹਿਗੁਰੂ ਨੇ ਰੱਖਿਆ ਹੈ।" ਫਿਰ ਬ੍ਰਾਹਮਣ ਕਹਿਣ ਲੱਗਾ, "ਮੈਂ ਤੁਹਾਡੇ ਕੋਲੋਂ ਗੀਤਾ ਦੇ ਸਲੋਕ ਸੁਣਨਾ ਚਾਹੁੰਦਾ ਹਾਂ।" ਤਾਂ ਗੁਰੂ ਜੀ ਕਹਿੰਦੇ, "ਉਹ ਤਾਂ ਮੈਂ ਤੁਹਾਨੂੰ ਸੁਣਾ ਦੇਵਾਂਗਾ, ਲੇਕਿਨ ਫਿਰ ਵੀ ਤੁਹਾਡੇ ਮਨ ਵਿਚ ਇਹ ਸ਼ੰਕਾ ਜ਼ਰੂਰ ਰਹੇਗੀ ਕਿ ਮੈਂ ਇਹ ਸਭ ਕੁਛ ਤਾਂ ਤੁਹਾਨੂੰ ਯਾਦ ਕਰਕੇ ਸੁਣਾ ਰਿਹਾ ਹਾਂ।" ਫਿਰ ਗੁਰੂ ਜੀ ਨੇ ਕਿਹਾ, "ਤੁਸੀਂ ਐਸਾ ਬੰਦਾ ਮੇਰੇ ਕੋਲ ਲੈ ਕੇ ਆਓ ਜੋ ਨਾ ਤਾਂ ਬੋਲ ਸਕਦਾ ਹੋਵੇ ਤੇ ਨਾ ਹੀ ਸੁਣ ਸਕਦਾ ਹੋਵੇ।" ਫਿਰ ਉਸ ਬ੍ਰਾਹਮਣ ਨੂੰ 'ਛੱਜੂ ਰਾਮ' ਨਾਂ ਦਾ ਵਿਅਕਤੀ ਮਿਲਿਆ ਜੋ ਨਾ ਤਾਂ ਬੋਲ ਸਕਦਾ ਸੀ ਤੇ ਨਾ ਹੀ ਸੁਣ ਸਕਦਾ ਸੀ। ਉਹ ਪਾਗਲਾਂ ਵਾਂਗੂੰ ਤੁਰਿਆ ਫਿਰਦਾ ਸੀ। ਇਥੋਂ ਤੱਕ ਕਿ ਉਸ ਦਾ ਸਰੀਰ ਵੀ ਕਿਸੇ ਤਰ੍ਹਾਂ ਦੀ ਕਿਰਿਆ ਨਹੀਂ ਸੀ ਕਰ ਸਕਦਾ। ਔਰ ਜਦੋਂ ਉਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰਬਾਰ ਵਿਚ ਆ ਗਿਆ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਪਾਵਨ ਹੱਥਾਂ ਵਾਲੀ ਸੋਟੀ, ਛੱਜੂ ਰਾਮ ਦੇ ਸਿਰ 'ਤੇ ਰੱਖਣੀ ਕੀਤੀ ਤਾਂ ਗੁਰਮੁਖ ਪਿਆਰਿਓ! ਉਹ ਸਪੱਸ਼ਟ ਸ਼ਬਦ ਬੋਲਣ ਲੱਗ ਪਿਆ ਤੇ ਨਾਲ ਹੀ ਉਸ ਨੂੰ ਥੋੜ੍ਹਾ-ਥੋੜ੍ਹਾ ਸੁਣਾਈ ਵੀ ਦੇਣਾ ਸ਼ੁਰੂ ਹੋ ਗਿਆ। ਤੇ ਉਸ ਨੇ ਗੀਤਾ ਦੇ ਸਲੋਕਾਂ ਦੇ ਅਰਥ ਕਰਨੇ ਸ਼ੁਰੂ ਕਰ ਦਿਤੇ। ਇਹ ਦੇਖ ਕੇ ਬ੍ਰਾਹਮਣ ਤੇ ਉਸ ਦੇ ਚੇਲੇ ਵੀ ਹੈਰਾਨ ਹੋ ਗਏ ਕਿ ਅਸੀਂ ਇਸ ਦਾ ਨਿਰਾਦਰ ਕਰਨ ਆਏ ਸੀ। ਪਰ ਸਤਿਗੁਰ ਤਾਂ ਪੂਰਨ ਗੁਰੂ ਦਿਲਾਂ ਦੀਆਂ ਜਾਣਨ ਵਾਲੇ ਹਨ। ਸੋ ਭਾਈ ਇਹ ਇਹੋ ਜਿਹਾ ਦਰ ਹੈ ਜਿਹੜਾ ਦਰ ਆਇਆਂ ਨੂੰ ਬਖ਼ਸ਼ ਦੇਂਦਾ ਹੈ ਹਉਮੈ ਹੰਕਾਰ ਤੋਂ ਰਹਿਤ ਕਰ ਦਿੰਦਾ ਹੈ ਜੋ ਅਗਿਆਨਤਾ ਦੇ ਵਿਚ ਅਗਰ ਕੁਝ ਵੀ ਮਾੜੇ ਕਰਮ ਹੋ ਗਏ ਹਨ ਤਾਂ ਅਰਦਾਸ ਕਰੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ। ਸਤਿਗੁਰੂ ਮਹਾਰਾਜ ਜੀ ਜ਼ਰੂਰ ਕ੍ਰਿਪਾ ਕਰਨਗੇ। ਪਿਛਲੇ ਔਗੁਣ ਬਖ਼ਸ਼ ਕੇ ਅੱਗੇ ਤੋਂ ਗਿਆਨ ਪ੍ਰਦਾਨ ਕਰਨਗੇ। ਫਿਰ ਗੁਰੂ ਜੀ ਨੇ ਦਿੱਲੀ ਜਾਣਾ ਕੀਤਾ। ਰਾਜਾ "ਜੈ-ਸਿੰਘ" ਨੇ ਆਪਣੀਆਂ ਰਾਣੀਆਂ ਨੂੰ ਨਾਲ ਲੈ ਕੇ ਗੁਰੂ ਜੀ ਦਾ ਸਵਾਗਤ ਕੀਤਾ ਤੇ ਅਦਬ ਸਤਿਕਾਰ ਨਾਲ ਆਪਣੇ ਮਹਿਲਾਂ ਵਿਚ ਲੈ ਜਾਣਾ ਕੀਤਾ। ਇਥੋਂ ਰਾਮ-ਰਾਇ ਜੀ ਨੂੰ ਵੀ

ਪਤਾ ਲੱਗਾ ਕਿ ਗੁਰੂ ਜੀ ਦਿੱਲੀ ਗਏ ਹਨ। ਸ਼ਹਿਰ ਦੇ ਹਰ ਪ੍ਰਾਣੀ ਨੂੰ ਪਤਾ ਲੱਗ ਗਿਆ ਕਿ ਗੁਰੂ ਜੀ ਇਥੇ ਆਏ ਹਨ। ਰਾਜੇ ਜੈ-ਸਿੰਘ ਦੀਆਂ ਰਾਣੀਆਂ ਤੇ ਪਟਰਾਣੀਆਂ ਜਿਨ੍ਹਾਂ ਦੀ ਗੋਦ ਵਿਚ ਅਜੇ ਤੱਕ ਬਾਲ ਨਹੀਂ ਸੀ ਖੇਡਿਆ, ਉਹ ਇਸ ਗੱਲ ਤੋਂ ਬੜੀਆਂ ਚਿੰਤਿਤ ਸਨ ਪਰ ਜਦੋਂ ਉਹਨਾਂ ਦੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰਸ਼ਨ ਕੀਤੇ, ਸਿੱਖ ਸੰਗਤਾਂ ਦਾ ਪ੍ਰੇਮ ਦੇਖਿਆ ਤੇ ਮਨੋਂ-ਮਨ ਅਰਦਾਸ ਕੀਤੀ ਕਿ ਅਗਰ ਅਸਾਂ ਨੇ ਕੁਝ ਪ੍ਰਾਪਤ ਕਰਨਾ ਹੈ ਤਾਂ ਗੁਰੂ ਜੀ ਹੀ ਸਾਨੂੰ ਦੇ ਸਕਦੇ ਹਨ। ਫਿਰ ਰਾਜੇ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ, "ਮਹਾਰਾਜ ਜੀ! ਭੋਜਨ-ਪਾਣੀ ਤਿਆਰ ਹੈ, ਤੁਸੀਂ ਛੱਕਣਾ ਕਰੋ।" ਰਾਜੇ ਨੇ ਗੁਰੂ ਜੀ ਨੂੰ ਪਰਖਣ ਵਾਸਤੇ ਕੀ ਕੀਤਾ ਕਿ ਉਸ ਨੇ ਪਟਰਾਣੀ ਨੂੰ ਮੈਲੇ-ਕੁਚੈਲੇ ਕਪੜੇ ਪਵਾ ਦਿੱਤੇ ਤੇ ਗੋਲੀਆਂ ਨੂੰ ਵਧੀਆ ਕੱਪੜੇ ਪਵਾ ਦਿੱਤੇ। ਪਟਰਾਣੀ ਕਹਿਣ ਲੱਗੀ, "ਕਿ ਜੇ ਗੁਰੂ ਜੀ ਸੱਚੇ ਹੋਣਗੇ ਤਾਂ ਉਹ ਮੈਨੂੰ ਪਹਿਚਾਣ ਲੈਣਗੇ।" ਉਸ ਨੇ ਗੋਲੀਆਂ ਨੂੰ ਅੱਗੇ ਖੜੇ ਕਰ ਦਿੱਤਾ ਤੇ ਆਪ ਪਿੱਛੇ ਖੜ੍ਹੀ ਹੋ ਗਈ। ਫਿਰ ਜਦੋਂ ਗੁਰੂ ਜੀ ਉਥੇ ਪਹੁੰਚੇ, ਜਿਥੇ ਲੰਗਰ-ਪਾਣੀ ਛੱਕਣਾ ਸੀ ਤਾਂ ਗੁਰੂ ਜੀ ਆਪਣੀ ਸੋਟੀ ਰੱਖ-ਰੱਖ ਕੇ ਕਹੀ ਗਏ ਕਿ, "ਇਹ ਵੀ ਗੋਲੀ, ਇਹ ਵੀ ਗੋਲੀ, ਇਹ ਵੀ ਗੋਲੀ" ਤੇ ਜਿਹੜੀ ਪਿੱਛੇ ਖੜ੍ਹੀ ਸੀ ਮੈਲੇ-ਕੁਚੈਲੇ ਨੌਕਰਾਣੀਆਂ ਵਾਲੇ ਕੱਪੜੇ ਪਾ ਕੇ ਤੇ ਗੁਰੂ ਜੀ ਨੇ ਜਦੋਂ ਉਹਦੇ ਸਿਰ 'ਤੇ ਸੋਟੀ ਰੱਖੀ ਤੇ ਗੁਰੂ ਜੀ ਕਹਿਣ ਲੱਗੇ, "ਇਹ ਪਟਰਾਣੀ ਹੈ।" ਨਾਲੇ ਗੁਰੂ ਜੀ ਉਸ ਦੀ ਗੋਦ ਵਿਚ ਜਾ ਕੇ ਬੈਠ ਗਏ। ਔਰ ਗੁਰੂ ਜੀ ਜਦੋਂ ਉਸ ਦੀ ਗੋਦ ਵਿਚ ਜਾ ਕੇ ਬੈਠੇ ਤਾਂ ਉਸ ਪਟਰਾਣੀ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਰਿਹਾ। ਔਰ ਉਸ ਨੇ ਜਾਣ ਲਿਆ ਕਿ ਵਾਕਿਆ ਹੀ ਇਹ ਦਿਲਾਂ ਦੀਆਂ ਜਾਣਨ ਵਾਲੇ ਹਨ। ਔਰ ਉਸ ਨੂੰ ਪੱਕਾ ਭਰੋਸਾ ਹੋ ਗਿਆ ਕਿ ਸਾਡੇ ਘਰ ਹੁਣ ਲਾਲ ਜ਼ਰੂਰ ਖੇਡੇਗਾ। ਫਿਰ ਕੁਦਰਤ ਨੇ ਇਹੋ ਜਿਹੀ ਕਰਾਮਾਤ ਦਿਖਾ ਦਿੱਤੀ ਕਿ ਸਾਰੇ ਦਿੱਲੀ ਸ਼ਹਿਰ ਵਿਚ "ਹੈਜ਼ੇ" ਤੇ "ਚੇਚਕ" ਦੀ ਬੀਮਾਰੀ ਫੈਲ ਗਈ। ਇਸ ਤਰ੍ਹਾਂ ਹੋਇਆ ਕਿ ਅਗਰ ਇਕ ਨੂੰ ਦਫਣਾ ਕੇ ਆਉਂਦੇ ਸਨ ਤਾਂ ਦੂਸਰਾ ਆਉਂਦਿਆਂ ਨੂੰ ਲੰਮੇ ਪਿਆ ਹੁੰਦਾ ਸੀ। ਸਾਰੇ ਦਿੱਲੀ ਸ਼ਹਿਰ ਵਿਚ ਹਾਹਾਕਾਰ ਮੱਚ ਗਈ। ਔਰ ਕੁਝ ਲੋਕਾਂ ਨੇ ਜਦੋਂ ਦੇਖਿਆ ਕਿ ਇਹ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਘਰ ਹੈ ਤਾਂ ਉਹਨਾਂ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਚਰਨ ਧੋ ਕਰਕੇ ਪੀਣੇ ਕੀਤੇ ਤੇ ਉਹਨਾਂ ਵਿਚੋਂ ਹੀ ਰੋਗੀ ਤੋਂ ਅਰੋਗੀ ਹੋ ਗਏ। ਔਰ ਜਿਹੜਾ ਤੰਦਰੁਸਤ ਹੋਈ ਜਾਂਦਾ ਸੀ ਉਹ ਕੋਠੇ 'ਤੇ ਚੜ੍ਹ ਕੇ ਰੌਲਾ ਪਾਉਂਦਾ ਸੀ ਕਿ "ਐ ਦੁਨੀਆਂ ਦੇ ਲੋਕੋ! ਅਗਰ ਤੁਸੀਂ ਇਸ ਬੀਮਾਰੀ ਤੋਂ ਤੰਦਰੁਸਤ ਹੋਣਾ ਹੈ ਤਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਚਰਨਾਂ ਵਿਚ ਜਾ ਕੇ ਨਮਸ਼ਕਾਰ ਕਰੋ ਤੇ ਉਹਨਾਂ ਦੇ ਚਰਨ ਧੋ ਕਰਕੇ ਪੀਉ।" ਫਿਰ ਸਾਰੇ ਦਿੱਲੀ ਸ਼ਹਿਰ ਵਿਚ ਗੁਰੂ ਜੀ ਦੀ ਉਸਤਤਿ ਤੇ ਮਹਿਮਾ ਹੋਣ ਲੱਗ ਪਈ। ਔਰ ਦੂਜੇ ਪਾਸੇ ਉਧਰ ਰਾਮਰਾਇ ਜਵਾਲਾਮੁਖੀ ਵਾਂਗ ਹੋਰ ਧੁੱਖਣ ਲੱਗ ਪਿਆ। ਔਰ ਇਸ ਨੇ ਔਰੰਗਜ਼ੇਬ ਨੂੰ ਕਹਿਣਾ ਕੀਤਾ ਕਿ ਜਲਦੀ ਹੀ ਕੋਈ ਐਕਸ਼ਨ ਲਿਆ ਜਾਵੇ, ਕਿਉਂਕਿ ਉਹ ਗੁਰੂ ਜੀ ਦੀਆਂ ਵਡਿਆਈਆਂ ਨਹੀਂ ਸੀ ਸੁਣ

ਸਕਦਾ। ਦੂਜੇ ਪਾਸੇ ਰਾਜਾ ਜੈ-ਸਿੰਘ ਵੀ ਔਰੰਗਜ਼ੇਬ ਨੂੰ ਕਹਿਣ ਆ ਗਿਆ ਕਿ, "ਗੁਰੂ ਜੀ ਨਾਲ ਕੁਝ ਵੀ ਨਾ ਕਰਨਾ। ਬਲਕਿ ਉਹ ਤਾਂ ਦਿੱਲੀ ਸ਼ਹਿਰ ਦੀ ਬੀਮਾਰੀ ਦੂਰ ਕਰਨ ਵਿਚ ਲੱਗੇ ਹੋਏ ਹਨ। ਰੋਗੀਆਂ ਨੂੰ ਅਰੋਗੀ ਕਰ ਰਹੇ ਹਨ।" ਇਹ ਸਭ ਗੱਲਾਂ ਰਾਮਰਾਇ ਜੀ ਪਾਸੋਂ ਸੁਣੀਆਂ ਨਾ ਗਈਆਂ ਤੇ ਉਹ ਕਹਿਣ ਲੱਗੇ ਕਿ, "ਇਕ ਦਿਨ ਉਹ ਆਪ ਵੀ ਇਸੇ ਬੀਮਾਰੀ ਨਾਲ ਸਰੀਰ ਤਿਆਗਣਗੇ। ਜਦੋਂ ਰਾਮਰਾਇ ਜੀ ਨੇ ਇੰਨੀ ਗੱਲ ਕਹਿ ਦਿੱਤੀ ਤਾਂ, ਰਾਜਾ ਜੈ ਸਿੰਘ ਦਾ ਸਾਹ ਫੁੱਲ ਗਿਆ ਤੇ ਬਾਕੀ ਵੀ ਜਿੰਨੇ ਸ਼ਰਧਾਲੂ ਸਨ ਉਹ ਵੀ ਸੋਚੀਂ ਪੈ ਗਏ। ਔਰ ਜਦੋਂ ਰਾਜਾ ਜੈ ਸਿੰਘ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਕੋਲ ਪਹੁੰਚਿਆ ਤਾਂ ਉਸ ਨੇ ਦੱਸਣਾ ਕੀਤਾ ਕਿ, "ਆਪ ਜੀ ਦੀ ਮਹਿਮਾ ਸੁਣ ਕੇ ਆਪ ਜੀ ਦੀਆਂ ਵਡਿਆਈਆਂ ਸੁਣ ਕੇ ਆਪ ਦੇ ਭਰਾ ਨੂੰ ਚੰਗਾ ਨਹੀਂ ਲੱਗਾ ਤੇ ਉਹਨਾਂ ਨੇ ਆਪ ਜੀ ਵਾਸਤੇ ਇਹ ਬਚਨ ਕਹੇ ਹਨ।" ਗੁਰੂ ਜੀ ਚੁੱਪ ਕਰਕੇ ਅੱਖਾਂ ਬੰਦ ਕਰਕੇ ਆਪਣੇ ਆਸਣ 'ਤੇ ਲੇਟ ਗਏ ਤੇ ਰਾਜਾ ਜੈ-ਸਿੰਘ ਨੂੰ ਕਹਿਣਾ ਕੀਤਾ ਕਿ, "ਸਾਡਾ ਆਸਣ ਸ਼ਹਿਰ ਤੋਂ ਬਾਹਰ ਕੋਈ ਖੁਲ੍ਹੀ ਜਗ੍ਹਾ 'ਤੇ ਕਰਨਾ ਕਰੋ।" ਇਹ ਸੁਣ ਕੇ ਰਾਜਾ ਜੈ-ਸਿੰਘ ਸਮਝ ਗਿਆ ਕਿ ਉਹਨਾਂ ਦੇ ਭਰਾ ਨੇ ਜੋ ਬਚਨ ਕਹੇ ਹਨ, ਉਹ ਵਾਕੇ ਹੀ ਸੱਚ ਹੋਣ ਵਾਲੇ ਹਨ ਤੇ ਗੁਰੂ ਜੀ ਹੁਣ ਥੋੜ੍ਹੇ ਹੀ ਦਿਨਾਂ ਤੱਕ ਆਪਣਾ ਇਹ ਚੋਲਾ ਤਿਆਗ ਦੇਣਗੇ। ਜਦੋਂ ਸਿੱਖ ਸੰਗਤਾਂ ਨੂੰ ਇਸ ਗੱਲ ਦਾ ਪਤਾ ਲੱਗਾ ਤੇ ਸਾਰਿਆਂ ਦੇ ਮਨਾਂ ਵਿਚ ਬੈਰਾਗ ਆ ਗਿਆ ਤੇ ਸਾਰੇ ਹੀ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਪਹੁੰਚ ਗਏ। ਪੰਜ-ਪੰਜ ਸ਼ਰਧਾਲੂਆਂ ਦਾ ਜੱਥਾ ਅੰਦਰ ਭੇਜਣਾ ਕੀਤਾ ਗੁਰੂ ਸਾਹਿਬ ਦੇ ਦਰਸ਼ਨਾਂ ਵਾਸਤੇ। ਸਾਰੀਆਂ ਸਿੱਖ ਸੰਗਤਾਂ ਨੇ ਗੁਰੂ ਸਾਹਿਬਾਂ ਦੇ ਦਰਸ਼ਨ ਕੀਤੇ। ਫਿਰ ਜਦੋਂ ਅੰਤ ਸਮਾਂ ਦੇਖਣਾ ਕੀਤਾ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਆਪਣਾ ਸਰੀਰ ਛੱਡਣ ਵਾਸਤੇ ਤਿਆਰ ਹਨ ਤਾਂ ਰਾਜਾ ਜੈ-ਸਿੰਘ ਨੇ ਪੁੱਛਣਾ ਕੀਤਾ ਕਿ ਆਪ ਜੀ ਨੂੰ ਤੇ ਪਤਾ ਹੀ ਹੋਵੇਗਾ ਕਿ ਜਦੋਂ ਗੁਰੂ ਨਾਨਕ ਸਾਹਿਬ ਮਹਾਰਾਜ ਜੀ ਨੇ ਚੋਲਾ ਛੱਡਣਾ ਕੀਤਾ ਤਾਂ ਉਹਨਾਂ ਨੇ ਭਾਈ ਲਹਿਣੇ ਜੀ ਨੂੰ ਗੁਰਤਾ-ਗੱਦੀ 'ਤੇ ਸੁਭਾਇਮਾਨ ਕੀਤਾ। ਗੁਰੂ ਅੰਗਦ ਦੇਵ ਜੀ ਨੇ ਸਰੀਰ ਛੱਡਣ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਨੂੰ ਗੁਰਤਾ-ਗੱਦੀ ਦੇਣੀ ਕੀਤੀ। ਫਿਰ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਗੁਰਤਾ-ਗੱਦੀ ਦੇਣੀ ਕੀਤੀ ਫਿਰ ਗੁਰੂ ਅਰਜਨ ਦੇਵ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਤਾ ਗੱਦੀ ਦੇਣੀ ਕੀਤੀ। ਫਿਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜੀ ਦੇ ਪਿਤਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਤਾ-ਗੱਦੀ ਦੇਣੀ ਕੀਤੀ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੁਸੀਂ ਇਹ ਸਿੱਖ ਜਗਤ ਕਿਸ ਦੇ ਲੜ ਲਾਉਣਾ ਚਾਹੁੰਦੇ ਹੋ। ਫਿਰ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਕਹਿਣਾ ਕੀਤਾ ਕਿ "ਬਾਬਾ ਬਕਾਲੇ"। ਇਹ ਬਚਨ ਸਿੱਖ ਸੰਗਤਾਂ ਨੇ ਆਪਣੇ ਪੱਲੇ ਬੰਨ੍ਹ ਲਿਆ ਤੇ ਗੁਰੂ ਜੀ ਨੇ ਆਪਣਾ ਸਰੀਰ ਤਿਆਗ ਦਿੱਤਾ।

ਔਰ ਅਗਰ ਕਿਸੇ ਨੇ ਗੁਰੂ ਜੀ ਦੇ ਦਰਸ਼ਨ ਕਰਨੇ ਹੁੰਦੇ ਸਨ ਤਾਂ ਗੁਰੂ ਜੀ ਦੇ ਦੱਸੇ ਹੋਏ ਸਥਾਨ 'ਤੇ ਦਰਸ਼ਨ ਕਰਨ ਜਾਂਦੇ ਸਨ। ਔਰ ਅੱਜ ਵੀ ਉਸ ਅਸਥਾਨ ਦੀਆਂ ਇਹ ਕੰਧਾਂ

ਬੋਲਦੀਆਂ ਹਨ।

*"ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ॥"*

ਸੋ, ਇਸੇ ਤਰ੍ਹਾਂ ਜਿਹੜੇ ਇਤਿਹਾਸਕ ਅਸਥਾਨ ਹਨ ਉਹਨਾਂ ਦੇ ਦਰਸ਼ਨ ਕਰਕੇ ਆਪਣਾ ਜੀਵਨ ਸਫਲ ਬਣਾਇਆ ਕਰੋ। ਸੋ, ਗੁਰੂ ਜੀ ਸਾਨੂੰ ਇਹੋ ਸਮਝਾਉਣਾ ਚਾਹੁੰਦੇ ਹਨ ਕਿ ਦੁੱਖ ਦੇ ਵੇਲੇ ਆਪਣੇ ਹੀ ਸਾਥ ਛੱਡ ਜਾਂਦੇ ਹਨ। ਜਿਸ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਵੇਲੇ ਰਾਮਰਾਇ ਜੀ ਨੇ ਉਹਨਾਂ ਦਾ ਸਾਥ ਨਹੀਂ ਦਿੱਤਾ। ਬਲਕਿ ਉਹਨਾਂ ਦੇ ਖ਼ਿਲਾਫ਼ ਬੋਲ ਕਹੇ ਕਿ ਉਹ ਖ਼ੁਦ ਇਸ ਬੀਮਾਰੀ ਦੇ ਸ਼ਿਕਾਰ ਹੋ ਜਾਣ। ਇਸ ਲਈ ਗੁਰਸਿੱਖੋ ਇਹ ਜਾਣਨ ਦੀ ਕੋਸ਼ਿਸ਼ ਕਰਨਾ ਕਿ ਕਿਸੇ ਨੇ ਵੀ ਸਾਥ ਨਹੀਂ ਨਿਭਣਾ, ਔਰ ਅਗਰ ਕਿਸੇ ਨੇ ਸਾਡੇ ਨਾਲ ਰਹਿਣਾ ਹੈ ਤਾਂ ਉਹ ਕੇਵਲ ਅਕਾਲ-ਪੁਰਖ ਵਾਹਿਗੁਰੂ ਆਪ ਹੈ, ਉਸ ਦੀ ਭਗਤੀ ਹੈ, ਉਸ ਦੀ ਸ਼ਕਤੀ ਹੈ। ਜਿਸ ਨੇ ਸਾਡੇ ਨਾਲ ਨਿਭਣਾ ਹੈ ਤੇ ਸਾਨੂੰ ਸਹੀ ਤੇ ਗ਼ਲਤ ਦੀ ਪਹਿਚਾਣ ਕਰਵਾਉਣੀ ਹੈ। ਗੁਰਬਾਣੀ ਦਾ ਫ਼ੁਰਮਾਨ ਹੈ ਕਿ :-

*ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥* (ਪੰਨਾ ੪੬੮)

ਇਕੋ ਹੀ ਉਹ ਅਕਾਲ ਪੁਰਖੁ ਵਾਹਿਗੁਰੂ ਹੈ ਜਿਹੜਾ ਦੁਖ ਵੇਲੇ ਜੀਵ ਦਾ ਸਾਥ ਦੇਣ ਵਾਲਾ ਹੈ ਇਸ ਕਰਕੇ ਹਰ ਪ੍ਰਾਣੀ ਨੂੰ ਚਾਹੀਦਾ ਹੈ ਉਸ ਵਾਹਿਗੁਰੂ ਨੂੰ ਆਪਣਾ ਮਿਤ੍ਰ ਬਣਾਵੇ। ਕਿਉਂਕਿ ਉਸ ਵਾਹਿਗੁਰੂ ਤੋਂ ਬਿਨਾਂ ਜੀਵ ਦੀ ਕੋਈ ਸਹਾਇਤਾ ਕਰਨ ਵਾਲਾ ਨਹੀਂ ਹੈ ਸਤਿਗੁਰਾਂ ਦਾ ਫ਼ੁਰਮਾਨ ਹੈ:-

*ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ॥*
*ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ॥* (ਪੰਨਾ ੭੩੩)

# ਮਨ ਇਕ ਪੰਛੀ ਦੀ ਤਰ੍ਹਾਂ ਹੈ

*ਕਹਾ ਬੁਧ ਪ੍ਰਭ ਤੁਛ ਹਮਾਰੀ। ਬਰਨ ਸਕਹਿ ਮਹਿਮਾ ਜੋ ਤੁਹਾਰੀ।*
*ਹਮ ਨਾ ਕਰ ਸਕਤ ਸਿਫਤ ਤੁਮਾਰੀ। ਆਪ ਲੇਹੁ ਤੁਮ ਕਥਾ ਸੁਧਾਰੀ।*

*ਹਰਿ ਕੀ ਵਡਿਆਈ ਹਉ ਆਖਿ ਨ ਸਾਕਾ*
*ਹਉ ਮੂਰਖੁ ਮੁਗਧੁ ਨੀਚਾਣੁ॥*
*ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ*
*ਸਰਣਾਗਤਿ ਪਇਆ ਅਜਾਣੁ॥* *(ਪੰਨਾ ੭੩੬)*

*ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ॥*
*ਸਾਧਸੰਗਿ ਨਾਨਕ ਜਸੁ ਗਾਇਓ ਜੋ ਪ੍ਰਭ ਕੀ ਅਤਿ ਪਿਆਰੀ॥*
*(ਪੰਨਾ ੫੦੮)*

"ਭਗਤ ਕਬੀਰ ਜੀ" ਦਾ ਫ਼ੁਰਮਾਣ ਹੈ:

*(੧)------"ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥*
*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥"* *(ਪੰਨਾ ੧੩੬੯)*

ਭਗਤ ਕਬੀਰ ਜੀ ਕਹਿੰਦੇ ਹਨ ਕਿ ਮਨ ਇਕ ਪੰਖੀ ਦੀ ਤਰ੍ਹਾਂ ਹੈ, ਜਿਸ ਤਰ੍ਹਾਂ ਪੰਛੀ ਅਲੱਗ-ਅਲੱਗ ਦਰੱਖ਼ਤਾਂ ਤੇ, ਅਲੱਗ-ਅਲੱਗ ਜਗ੍ਹਾ ਤੇ ਉੱਡ ਕੇ ਜਾਂਦਾ ਹੈ। ਜਿਸ ਤਰ੍ਹਾਂ ਦੇ ਦਰਖ਼ਤਾਂ ਤੇ, ਜਿਸ ਤਰ੍ਹਾਂ ਦੇ ਬਾਗ-ਬੂਟਿਆਂ 'ਤੇ ਪੰਛੀ ਬੈਠਦਾ ਹੈ, ਉਸ ਤਰ੍ਹਾਂ ਦੀ ਪੰਛੀ ਨੂੰ ਖ਼ੁਰਾਕ ਮਿਲਦੀ ਹੈ। ਉਹ ਚੋਗਾ ਚੁਗਦਾ ਹੈ। ਇਸੇ ਤਰ੍ਹਾਂ ਗੁਰਮੁਖ ਪਿਆਰਿਓ ਸਾਡਾ ਮਨ ਇਕ ਪੰਛੀ ਦੀ ਤਰ੍ਹਾਂ ਹੈ। ਇਹ ਵੀ ਅਲੱਗ-ਅਲੱਗ ਸੰਗਤ ਵਿਚ ਬੈਠ ਕੇ ਉਹੋ ਜਿਹੀ ਸੰਗਤ ਦੀ ਰੰਗਤ ਹਾਸਿਲ ਕਰਦਾ ਹੈ। ਜਿਵੇਂ ਕਿਸੇ ਨੂੰ ਚੋਰਾਂ ਦੀ ਸੰਗਤ ਮਿਲ ਜਾਂਦੀ ਹੈ, ਕਿਸੇ ਨੂੰ ਝੂਠਿਆਂ ਦੀ ਨਿੰਦਕਾਂ ਦੀ ਸੰਗਤ ਮਿਲ ਜਾਂਦੀ ਹੈ। ਇਹ ਮਨ ਜਿਸ ਤਰ੍ਹਾਂ ਦੀ ਸੰਗਤ ਦੇ ਵਿਚ ਬੈਠਦਾ ਹੈ, ਇਸ ਨੂੰ ਉਸੇ ਤਰ੍ਹਾਂ ਦਾ ਰੰਗ ਚੜ੍ਹ ਜਾਂਦਾ ਹੈ। ਔਰ ਜਿਨ੍ਹਾਂ ਤੇ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੀ ਕ੍ਰਿਪਾ ਹੈ।

ਭਾਈ ਗੁਰਦਾਸ ਜੀ ਦਾ ਕਬਿਤ ਸੰਗਤ ਬਾਰੇ ਇਉਂ ਆਉਂਦਾ ਹੈ।

*ਜੈਸੇ ਸੂਆ ਉਡਤ ਫਿਰਤ ਬਨ ਬਨ ਪ੍ਰਤਿ,*
*ਜੈਸੇ ਈ ਬਿਰਖ ਬੈਠੇ ਤੈਸੇ ਫਲ ਚਾਖਈ॥*

ਜੰਗਲ ਦਾ ਤੋਤਾ ਜਿਦਾਂ ਜਿਦਾਂ ਦੇ ਦਰੱਖਤ ਤੇ ਬੈਠਦਾ ਹੈ ਉਹਦਾ ਉਹਦਾ ਫਲ ਚਖਦਾ ਹੈ। ਪਰ ਜਦੋਂ ਉਸ ਸ਼ਿਕਾਰੀ ਦੇ ਹੱਥ ਆ ਜਾਂਦਾ ਹੈ ਤੇ ਜੋ ਵੀ ਸ਼ਿਕਾਰੀ ਮਨੁੱਖ ਉਸ ਨੂੰ ਸਿਖਾਉਂਦਾ ਹੈ ਤੇ ਉਹ ਮਨੁੱਖਾਂ ਦੀ ਬੋਲੀ ਬੋਲਣ ਲੱਗ ਪੈਂਦਾ ਹੈ। ਇਤਿਹਾਸ ਵਿਚ ਕਿੰਨੀਆਂ ਹੀ ਉਦਾਹਰਣਾਂ ਹਨ ਕਿ ਘਰ ਵਿਚ ਦਰਵਾਜ਼ਿਆਂ ਤੇ ਪਿੰਜਰੇ ਵਿਚ ਟੰਗੇ ਹੋਏ ਤੋਤੇ ਰਾਮ ਰਾਮ, ਆਉ ਜੀ ਆਇਆਂ ਨੂੰ ਆਖਦੇ ਹਨ।

*ਪਰ ਬਸਿ ਹੋਇ ਜੈਸੀ ਜੈਸੀ ਹੈ ਸੰਗਤਿ ਮਿਲੈ ,*
*ਸੁਨ ਉਪਦੇਸ਼ ਤੈਸੀ ਭਾਖਾ ਲੈ ਸੁ ਭਾਖਈ॥*
*ਸੰਗਤਿ ਕਾ ਗੁਨੁ ਬਹੁਤੁ ਅਧਕਾਈ ਪੜਿ ਸੂਆ ਗਨਕ ਉਧਾਰੇ॥*

*(ਪੰਨਾ ੯੮੧)*

ਪਰ ਖਾਲਸਾ ਜੀ ਦੇਖਣ ਵਾਲੀ ਇਹ ਗੱਲ ਹੈ ਕਿ ਮਨੁੱਖਾਂ ਨਾਲੋਂ ਕਈ ਗੱਲਾਂ ਵਿਚ ਜਾਨਵਰ ਅੱਗੇ ਹਨ, ਸੂਝਵਾਨ ਹਨ, ਸਿਆਣੇ ਹਨ। ਜਿਸ ਤਰ੍ਹਾਂ ਆਪ ਜੀ ਨੇ ਦੇਖਿਆ ਹੋਵੇਗਾ ਕਿ ਕੁੱਤਿਆਂ ਨੂੰ ਬਚਪਨ ਦੇ ਵਿਚ ਜੋ ਸਿਖਾਇਆ ਜਾਂਦਾ ਹੈ, ਉਹ ਸਾਰੀ ਉਮਰ ਨਹੀਂ ਭੁਲਦੇ ਤੇ ਆਪਣੇ ਮਾਲਕ ਦਾ ਦਵਾਰ ਨਹੀਂ ਛੱਡਦੇ। ਇਸੇ ਤਰ੍ਹਾਂ ਕਈ ਪੰਛੀ ਵੀ ਐਸੇ ਹਨ, ਜਿਨ੍ਹਾਂ ਨੂੰ ਜੋ ਸਿਖਾਇਆ ਜਾਂਦਾ ਹੈ ਉਹ ਸਾਰੀ ਜ਼ਿੰਦਗੀ ਨਹੀਂ ਭੁਲਦੇ। ਜਾਨਵਰ ਵਿਚ ਘੋੜੇ ਨੂੰ ਦੇਖੀਏ, ਉਸ ਨੂੰ ਬਚਪਨ ਦੇ ਵਿਚ ਹੀ ਸਿਖਾਇਆ ਜਾਂਦਾ ਹੈ, ਬਾਰ-ਬਾਰ ਉਸ ਨੂੰ ਨਹੀਂ ਸਿਖਾਲਣਾ ਪੈਂਦਾ ਕਿ ਸਰਸਵਾਰ ਦਾ ਕਿਹਿਆ ਇਸ਼ਾਰਾ ਕਿਸ ਤਰ੍ਹਾਂ ਸਮਝਣਾ ਹੈ। ਮੈਦਾਨੇ-ਜੰਗ ਵਿਚ, ਸਫਰ ਵਿਚ, ਨੇਜੇਬਾਜ਼ੀ ਵਿਚ, ਘੋੜ-ਦੌੜ ਵਿਚ, ਆਪਣੇ ਉਤੇ ਸਵਾਰ ਹੋਏ ਮਨੁੱਖ ਦੇ ਕਿਸ ਤਰ੍ਹਾਂ ਇਸ਼ਾਰੇ ਤੇ ਚਲਣਾ ਹੈ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਕਈ ਮਨੁੱਖਾਂ ਨੂੰ ਹਰ ਰੋਜ਼ ਸਵੇਰੇ ਸ਼ਾਮ ਸੱਚੇ ਸਤਿਗੁਰ ਜੀ ਉਪਦੇਸ਼ ਦਿੰਦੇ ਹਨ, ਸਿੱਖਿਆ ਦੇਂਦੇ ਹਨ, ਸਮਝਾਉਂਦੇ ਹਨ। ਸੱਚ ਦੇ ਮਾਰਗ ਤੇ ਚੱਲਣ ਵਾਸਤੇ ਬਾਰ-ਬਾਰ ਪ੍ਰੇਰਨਾ ਕਰਦੇ ਹਨ। ਪਰ ਬਹੁਤੇ ਮਨੁੱਖਾਂ ਦੀ ਹਾਲਤ ਅਮਲੀਆਂ ਦੀ ਬੇੜੀ ਵਾਂਗੂੰ ਬਣ ਚੁੱਕੀ ਹੈ। ਜਿਸ ਤਰ੍ਹਾਂ ਅਮਲੀ ਸਾਰੀ ਰਾਤ ਚੱਪੂ ਮਾਰਦੇ ਰਹੇ ਤੇ ਨਸ਼ੇ ਉਤਰਨ ਤੇ ਇਕ ਦੂਜੇ ਨੂੰ ਪੁੱਛਣ ਲੱਗੇ ਕਿਥੇ ਕੁ ਪਹੁੰਚੇ ਹਾਂ, ਤਾਂ ਪਤਾ ਲੱਗੇ ਕਿ ਅਸੀਂ ਤਾਂ ਉਥੇ ਦੇ ਉਥੇ ਹੀ ਹਾਂ, ਤਾਂ ਦੇਖਿਆ ਅਸੀਂ ਕਿਲੇ ਨਾਲੋਂ ਬੇੜੀ ਦਾ ਰੱਸਾ ਤਾਂ ਖੋਲ੍ਹਿਆ ਹੀ ਨਹੀਂ, ਤਾਂ ਪਹੁੰਚਣਾ ਕਿਥੇ ਸੀ? ਸਾਰੀ ਰਾਤ ਐਵੇ ਹੀ ਚੱਪੂ ਮਾਰਦੇ ਰਹੇ। ਸੋ ਠੀਕ ਏਸੇ ਤਰ੍ਹਾਂ ਇਸ ਮਨੁੱਖ ਦੀ ਜੀਵਨ-ਰੂਪੀ ਬੇੜੀ ਦਾ ਰੱਸਾ, ਵਿਸ਼ਾ, ਵਿਕਾਰ, ਨਿੰਦਾ, ਚੁਗਲੀ, ਈਰਖਾ, ਦਵੈਸ਼, ਮੇਰ- ਤੇਰ, ਭੇਦ- ਭਾਵ ਦੇ ਕਿੱਲੇ ਨਾਲ ਬੱਝਾ

ਹੋਇਆ ਹੈ। ਲੱਖ ਉਪਦੇਸ਼ ਸੁਣ ਕੇ ਵੀ ਇਸ ਨੇ ਆਪਣੇ ਜੀਵਨ ਰੂਪੀ ਬੇੜੀ ਦਾ ਰੱਸਾ ਇਸ ਕਿੱਲੇ ਨਾਲੋਂ ਨਹੀਂ ਖੋਲ੍ਹਿਆ। ਇਹ ਆਪਣੀ ਮੰਜ਼ਿਲ ਭਾਵ ਪਰਮ ਪਦਵੀ ਤੇ ਨਹੀਂ ਪਹੁੰਚ ਸਕਦਾ, ਜਿਥੇ ਇਸ ਨੇ ਪਹੁੰਚਣਾ ਸੀ।

*ਤੈਸੇ ਚਿਤ ਚੰਚਲ ਚਪਲ ਜਲ ਕੋ ਸੁਭਾਉ।।*
*ਜੈਸੇ ਰੰਗ ਸੰਗ ਮਿਲੈ ਤੈਸੋ ਰੰਗ ਰਾਖਈ।।*

ਭਾਈ ਗੁਰਦਾਸ ਜੀ ਆਖਦੇ ਹਨ : ਇਸ ਮਨ ਰੂਪੀ ਪੰਛੀ ਦਾ ਠੀਕ ਪਾਣੀ ਵਰਗਾ ਸੁਭਾਉ ਹੈ, ਜਿਸ ਤਰ੍ਹਾਂ ਪਾਣੀ ਵਿਚ ਜਿਹੜਾ ਵੀ ਰੰਗ ਪਾਈਐ ਉਹ ਉਸੇ ਰੰਗ ਵਿਚ ਬਦਲ ਜਾਂਦਾ ਹੈ। ਹਰ ਰੰਗ ਨੂੰ ਆਪਣੇ ਵਿਚ ਅਭੇਦ ਕਰ ਲੈਂਦਾ ਹੈ। ਇਸੇ ਤਰ੍ਹਾਂ ਇਹ ਮਨ ਰੂਪੀ ਪੰਛੀ ਜਲ ਵਿਚ ਜਿਹੜਾ ਸੰਗਤ ਰੂਪੀ ਰੰਗ ਚੜ੍ਹਾਵੇ ਮਨ ਉਸੇ ਹੀ ਰੰਗ ਨੂੰ ਅਪਣਾ ਲਵੇਗਾ।

*ਅਧਮ ਅਸਾਧ ਜੈਸੇ ਬਾਰੁਨੀ ਬਿਨਾਸ ਕਾਲ,*

ਅਧਮ=ਕਹੀਐ ਭੈੜਾ ਮਨੁੱਖ। ਅਸਾਧ=ਨਾ ਸਾਧਿਆ ਹੋਇਆ ਮਨ। ਬਾਰੁਨੀ=ਸ਼ਰਾਬ, ਬਿਨਾਸ=ਮੌਤ। ਕਾਲ= ਸਮਾਂ।

*ਸਾਧ ਸੰਗ ਗੰਗ ਮਿਲਿ ਸੁਜਨ ਭਿਲਾਖਈ।। ੧੫੫ ॥*

ਜਿਦਾਂ ਦੀ ਸੰਗਤ ਮਨ-ਰੂਪੀ ਪੰਛੀ ਨੂੰ ਮਿਲੇਗੀ ਉਸ ਤਰ੍ਹਾਂ ਦਾ ਇਸ ਦਾ ਸੁਭਾਅ ਚੱਲਣਾ, ਬੋਲਣਾ, ਤੱਕਣਾ, ਸੁਣਨਾ, ਕਰਨਾ, ਹੋ ਜਾਵੇਗਾ।

*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥*

*—ਭਗਤ ਕਬੀਰ*

❖❖❖

# ਕਥਾ ਵਾਚਕਾਂ ਲਈ ਪ੍ਰਸਿੱਧ ਵਿਦਵਾਨਾਂ ਦੀਆਂ ਪੁਸਤਕਾਂ

### ਗਿ: ਮਾਨ ਸਿੰਘ ਜੀ ਝੌਰ ਦੇ ਚੋਣਵੇਂ ਲੇਖ

| | | | |
|---|---|---|---|
| ਸਾਧੂ ਕਿਵੇਂ ਸੰਤ ਬਣਦਾ ਹੈ | 60-00 | ਵਾਹਿਗੁਰੂ ਨੂੰ ਕੀ ਚੰਗਾ ਲੱਗਦਾ ਹੈ ? | 60-00 |
| ਬੰਦਗੀ ਬਿਨਾਂ ਕੋਈ ਸੁੱਖ ਪ੍ਰਾਪਤ ਨਹੀਂ | 60-00 | ਗੁਨਾਂਹ ਕਿਸ ਤਰ੍ਹਾਂ ਮੁਆਫ ਹੋਣ ? | 60-00 |
| ਮਾਇਆ ਦਾ ਪ੍ਰਭਾਵ | 60-00 | ਸੱਚੀ ਕਿਰਤ | 60-00 |
| ਕਲਯੁਗ ਦਾ ਪ੍ਰਭਾਵ | 60-00 | ਨਾਮ ਖ਼ੁਮਾਰੀ | 60-00 |
| ਸਿੱਖ ਧਰਮ | 60-00 | ਈਸ਼ਵਰ ਭਗਤੀ | 60-00 |
| ਹਜ਼ੂਰੀ ਲੈੱਕਚਰ ਭਾਗ । | 60-00 | ਹਜ਼ੂਰੀ ਲੈੱਕਚਰ ਭਾਗ ॥ | 50-00 |

### ਸੰਤਰੇਨ ਗਿ: ਸੁਖਬੀਰ ਸਿੰਘ ਜੀ

| | | | |
|---|---|---|---|
| ਅਰਦਾਸ ਦੀ ਕਲਾ | 200-00 | ਸ਼ਬਦ ਦੀ ਕਲਾ | 150-00 |
| ਮੌਤ ਦੀ ਕਲਾ | 150-00 | ਮਾਇਆ ਦੀ ਕਲਾ | 100-00 |
| ਇਕ ਸੌ ਅੱਠ ਮਣਕੇ | 85-00 | ਗੁਰੂ ਦੀ ਕਲਾ | 85-00 |
| ਸੋਲ੍ਹਾਂ ਕਲਾਂ | 150-00 | ਕੁਦਰਤ ਦੀ ਕਲਾ (ਭਾਗ ਪਹਿਲਾ) | 100-00 |
| ਕੁਦਰਤ ਦੀ ਕਲਾ (ਭਾਗ ਦੂਜਾ) | 80-00 | ਕੁਦਰਤ ਦੀ ਕਲਾ (ਸੈੱਟ ਦੋ ਭਾਗ) | 180-00 |
| ਗੁਰਮਤਿ ਦੀ ਕਲਾ-ਗੁਰਮਤਿ ਸੰਵਾਦ (ਪ੍ਰਸ਼ਨ ਉੱਤਰ) | | | 100-00 |

### ਗੁਰਦਰਸ਼ਨ ਸਿੰਘ ਸੋਢੀ

| | | | |
|---|---|---|---|
| ਗੁਰਸ਼ਬਦ ਵੀਚਾਰ | 50-00 | ਤੇਰੀ ਓਟ ਪੂਰਨ ਗੋਪਾਲਾ | 80-00 |

### ਗਿ: ਕਰਨੈਲ ਸਿੰਘ ਗ਼ਰੀਬ ਅਮਰੀਕਾ ਵਾਲੇ

| | | | |
|---|---|---|---|
| ਗੁਰੂ ਕਾ ਸ਼ਬਦ | 80-00 | ਸੁਨਹੁ ਸੰਤ ਪਿਆਰੇ | 180-00 |

### ਗਿ: ਅਮਰੀਕ ਸਿੰਘ ਜੀ

| | | | |
|---|---|---|---|
| ਗਿਆਨ ਅੰਜੁਨ ਗੁਰਿ ਦੀਆ | 200-00 | ਸੰਸਾਰ ਤੋਂ ਨਿਰੰਕਾਰ ਤੱਕ | 75-00 |

### ਸ੍ਰ: ਭਗਵੰਤ ਸਿੰਘ ਜੀ ਦਲਾਵਰੀ

| | | | |
|---|---|---|---|
| ਐਸੇ ਗੁਰ ਕਉ ਬਲਿ ਬਲਿ ਜਾਈਐ | 125-00 | ਐਸਾ ਗੁਰੁ ਵਡਭਾਗੀ ਪਾਇਆ | 150-00 |
| ਐਸੋ ਰੇ ਹਰ ਰਸ ਮੀਠਾ | | | 125-00 |

### ਗਿਆਨੀ ਸੰਤ ਸਿੰਘ ਜੀ 'ਮਸਕੀਨ'

| | | | |
|---|---|---|---|
| ਦੇਸ਼ ਵਿਦੇਸ਼ ਦੇ ਗੁਰਦਵਾਰਿਆਂ ਦਾ ਪ੍ਰਬੰਧਕੀ ਢਾਂਚਾ ਅਤੇ ਪ੍ਰਚਾਰਕ ਸ਼੍ਰੇਣੀ | | | 45-00 |
| ਮੇਰੇ ਚੋਣਵੇਂ ਲੈਕਚਰ (ਭਾਗ ਪਹਿਲਾ) | 35-00 | ਮੇਰੇ ਚੋਣਵੇਂ ਲੈਕਚਰ (ਭਾਗ ਦੂਜਾ) | 40-00 |
| ਪ੍ਰਭੂ ਸਿਮਰਨ (ਭਾਗ ਤੀਜਾ) | 30-00 | ਮੇਰੇ ਚੋਣਵੇਂ ਲੈਕਚਰ (ਸੈੱਟ ਤਿੰਨ ਭਾਗ) | 105-00 |
| ਰਮਜ ਤੇ ਰਹੱਸ | 50-00 | ਪੰਜ ਵਿਕਾਰ ਚਾਰ ਯੁਗ | 45-00 |
| ਸ਼ਬਦ ਗੁਰੂ ਸੁਰਤ ਧੁਨਿ ਚੇਲਾ | 45-00 | ਗੁਰ ਜੋਤੀ | 50-00 |
| ਗੁਰ ਚਿੰਤਨ | 55-00 | ਤੀਜਾ ਨੇਤਰ | 45-00 |
| ਚੌਥਾ ਪਦ | 35-00 | ਰਸ ਧਾਰਾ | 45-00 |
| ਪੰਚ ਪ੍ਰਵਾਨ | 50-00 | ਰਤਨਾਗਰ-ਅੰਮ੍ਰਿਤ ਮੰਥਨ | 60-00 |

An ISO 9001:2000 Certified Publishing House

ISBN 81-7601-631-4
9 788176 016315